21-JAN-PAGE-1.qxd 1/20/2026 10:38 PM Page 1

ਬੁੱਧਵਾਰ, 21 ਜਨਵਰੀ, 2026
8 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 232

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 21 JANUARY, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਗੰਨੇ 'ਤੇ 68.50 ਰੁਪਏ ਪ੍ਰਤੀ ਕੁਇੰਟਲ ਸਬਸਿਡੀ

- ਕੈਬਨਿਟ ਵੱਲੋਂ 1000 ਯੋਗਾ ਇੰਸਟ੍ਰਕਟਰ ਦੀਆਂ ਅਸਾਮੀਆਂ ਸਿਰਜਣ ਨੂੰ ਪ੍ਰਵਾਨਗੀ
- ਬਾਦਲ, ਖਡੂਰ ਸਾਹਿਬ ਤੇ ਫਾਜ਼ਿਲਕਾ ਦੇ ਸਿਵਲ ਹਸਪਤਾਲ ਬਾਬਾ ਫ਼ਰੀਦ ਯੂਨੀਵਰਸਿਟੀ ਨੂੰ ਸੌਂਪੇ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੰਗਲਵਾਰ ਹੋਈ ਕੈਬਨਿਟ ਮੀਟਿੰਗ ਵਿਸ਼ੇਸ਼ ਤੌਰ 'ਤੇ ਕਿਸਾਨ-ਭਲਾਈ ਲਈ ਫੈਸਲੇ ਲੈਣ 'ਤੇ ਕੇਂਦਰਤ ਰਹੀ, ਜਿਸ ਦੌਰਾਨ ਨਿਰਧਾਰਤ ਸਟੇਟ ਐਗਰੀਡ ਪ੍ਰਾਈਸ ਵਿੱਚੋਂ 68.50 ਰੁਪਏ ਪ੍ਰਤੀ ਕੁਇੰਟਲ ਸਿੱਧੀ ਸਬਸਿਡੀ ਦੀ ਮਨਜ਼ੂਰੀ ਦਿੱਤੀ ਗਈ, ਜਿਸ ਨਾਲ ਪੰਜਾਬ ਸੂਬਾ ਗੰਨਾ ਕਿਸਾਨਾਂ ਨੂੰ ਦੇਸ਼ ਵਿੱਚ ਗੰਨੇ ਦਾ ਸਭ ਤੋਂ ਵੱਧ ਭਾਅ ਦੇਣ ਵਿੱਚ ਲਗਾਤਾਰ ਮੋਹਰੀ ਚੱਲ ਰਿਹਾ ਹੈ।

ਕੈਬਨਿਟ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਬੁਲਾਰੇ ਨੇ ਕਿਹਾ ਕਿ ਨਿੱਜੀ ਖੰਡ ਮਿੱਲਾਂ ਦੀ ਤਰਫ਼ੋਂ ਗੰਨਾ ਕਿਸਾਨਾਂ ਨੂੰ 2025-26 ਪਿੜਾਈ ਸੀਜ਼ਨ ਲਈ ਨਿਰਧਾਰਤ ਸਟੇਟ ਐਗਰੀਡ ਪ੍ਰਾਈਜ਼ ਵਿੱਚੋਂ 68.50 ਪ੍ਰਤੀ ਕੁਇੰਟਲ ਸਬਸਿਡੀ ਸਿੱਧੇ ਤੌਰ 'ਤੇ ਅਦਾ ਕੀਤੀ ਜਾਵੇਗੀ। ਉਨ੍ਹਾ ਦੱਸਿਆ ਕਿ ਪੰਜਾਬ ਪਹਿਲਾਂ ਹੀ ਦੇਸ਼ ਵਿੱਚ ਗੰਨੇ ਲਈ ਸਭ ਤੋਂ ਵੱਧ 416 ਪ੍ਰਤੀ ਕੁਇੰਟਲ ਸਟੇਟ ਐਗਰੀਡ ਪ੍ਰਾਈਸ ਦੇ ਰਿਹਾ ਹੈ, ਜੋ ਪਿਛਲੇ ਸਾਲ ਨਾਲੋਂ 15 ਰੁਪਏ ਦਾ ਵਾਧਾ ਦਰਸਾਉਂਦਾ ਹੈ। ਇਹ ਪੰਜਾਬ ਦੇ ਗੰਨਾ ਕਾਸ਼ਤਕਾਰਾਂ ਨੂੰ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਭਾਅ ਮਿਲਣਾ ਯਕੀਨੀ ਬਣਾਉਣ ਦੇ ਨਾਲ-ਨਾਲ ਕਿਸਾਨਾਂ ਲਈ ਆਮਦਨ ਸੁਰੱਖਿਆ ਨੂੰ ਹੋਰ ਮਜ਼ਬੂਤ ??ਕਰੇਗਾ।

ਕੈਬਨਿਟ ਨੇ 'ਸੀ ਐੱਮ ਦੀ ਯੋਗਸ਼ਾਲਾ' ਪ੍ਰਾਜੈਕਟ ਅਧੀਨ ਯੋਗਾ ਟ੍ਰੇਨਰਾਂ ਦੀਆਂ 1,000 ਵਾਧੂ ਅਸਾਮੀਆਂ ਦੀ ਸਿਰਜਣਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਵਿੱਤੀ ਸਾਲ 2026-27 ਦੌਰਾਨ ਇਸ ਪਹਿਲਕਦਮੀ ਲਈ 35 ਕਰੋੜ ਦਾ ਬਜਟ ਪ੍ਰਬੰਧ ਕੀਤਾ ਜਾਵੇਗਾ, ਜਿਸ ਦਾ ਉਦੇਸ਼ ਇੱਕ ਸਿਹਤਮੰਦ ਅਤੇ ਤੰਦਰੁਸਤ ਪੰਜਾਬ ਦੀ ਸਿਰਜਣਾ ਨੂੰ ਯਕੀਨੀ ਬਣਾਉਣਾ ਹੈ।ਕੈਬਨਿਟ ਨੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਬਾਦਲ, ਤਰਨ ਤਾਰਨ ਜ਼ਿਲ੍ਹੇ ਦੇ ਖਡੂਰ ਸਾਹਿਬ, ਕਮਿਊਨਿਟੀ ਹੈੱਲਥ ਸੈਂਟਰ ਜਲਾਲਾਬਾਦ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਟਰਸ਼ਰੀ ਕੇਅਰ ਸੈਂਟਰ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ ਐੱਫ ਯੂ ਐੱਚ ਐੱਸ), ਫ਼ਰੀਦਕੋਟ ਵਿੱਚ ਪੂਰੀ ਤਰ੍ਹਾਂ ਤਬਦੀਲ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਇਸ ਤਬਦੀਲੀ ਨਾਲ ਇਨ੍ਹਾਂ ਖੇਤਰਾਂ ਦੇ ਵਸਨੀਕ ਯੂਨੀਵਰਸਿਟੀ ਦੇ ਉਨਤ ਮੈਡੀਕਲ ਬੁਨਿਆਦੀ ਢਾਂਚੇ ਅਤੇ ਮੁਹਾਰਤ ਦਾ ਲਾਭ ਉਠਾ ਕੇ ਬਿਹਤਰ ਇਲਾਜ ਅਤੇ ਜਾਂਚ ਸੇਵਾਵਾਂ ਤੱਕ ਪਹੁੰਚ ਕਰ ਸਕਣਗੇ।

ਕੈਬਨਿਟ ਨੇ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਮਿਊਂਸਪਲ ਐਕਟ, 2020 ਦੀ ਧਾਰਾ 4 ਅਧੀਨ ਨਿਰਦੇਸ਼ਾਂ ਦੇ ਗਠਨ ਅਤੇ ਨੋਟੀਫਿਕੇਸ਼ਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ਼ ਪੰਜਾਬ ਸਰਕਾਰ ਦੇ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਜਨਤਕ ਖੇਤਰ ਦੇ ਹੋਰ ਅਦਾਰਿਆਂ ਨਾਲ ਸਬੰਧਤ ਮਿਊਂਸਪਲ ਜਾਇਦਾਦਾਂ ਨੂੰ ਜਨਤਕ ਉਦੇਸ਼ਾਂ ਲਈ ਤਬਦੀਲ ਕਰਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਇਹ ਫੈਸਲੇ ਸੂਬੇ ਭਰ ਵਿੱਚ ਵਿਕਾਸ ਪ੍ਰਾਜੈਕਟਾਂ ਨੂੰ ਨਵੀਂ ਗਤੀ ਦੇਣ ਦੇ ਨਾਲ-ਨਾਲ ਜ਼ਮੀਨ ਦੀ ਵੰਡ ਵਿੱਚ ਇਕਸਾਰਤਾ ਨੂੰ ਯਕੀਨੀ ਬਣਾਉਣ ਅਤੇ ਸਰਕਾਰੀ ਜ਼ਮੀਨ ਦੀ ਦੁਰਵਰਤੋਂ ਰੋਕਣ ਵਿੱਚ ਵਿਸ਼ੇਸ਼ ਤੌਰ 'ਤੇ ਸਹਾਈ ਹੋਣਗੇ। ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਇੱਕ ਕਮੇਟੀ ਅਲਾਟਮੈਂਟ ਪ੍ਰਕਿਰਿਆ ਦੀ ਸਿਫ਼ਾਰਸ਼ ਕਰੇਗੀ, ਜੋ ਸੂਬਾ ਸਰਕਾਰ ਦੀ ਪ੍ਰਵਾਨਗੀ ਦੇ ਅਧੀਨ ਹੋਵੇਗਾ।

ਜ਼ਮੀਨੀ ਸਰੋਤਾਂ ਦੀ ਸਰਬੋਤਮ ਵਰਤੋਂ ਰਾਹੀਂ ਵਿਕਾਸ 'ਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਕੈਬਨਿਟ ਨੇ ਮਿਊਂਸਪਲ ਹੱਦਾਂ ਦੇ ਅੰਦਰ ਸਾਰੇ ਸਰਕਾਰੀ-ਲਾਇਸੰਸਸ਼ੁਦਾ ਪ੍ਰਾਜੈਕਟਾਂ ਅਧੀਨ ਸਥਿਤ ਖ਼ਾਲੀ ਛੱਡੇ ਜਾਂ ਵਰਤੇ ਜਾ ਰਹੇ ਰਸਤਿਆਂ ਜਾਂ ਜਲ ਮਾਰਗਾਂ (ਖਾਲਾਂ) ਦੀ ਵਿਕਰੀ ਜਾਂ ਵਟਾਂਦਰੇ ਦੁਆਰਾ ਤਬਾਦਲੇ ਲਈ ਵੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਦਾ ਉਦੇਸ਼ ਵਿਕਾਸ ਦੀਆਂ ਸੰਭਾਵਨਾਵਾਂ ਤਲਾਸ਼ਣਾ ਅਤੇ ਸ਼ਹਿਰੀ ਯੋਜਨਾਬੰਦੀ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ ਹੈ।

ਕੈਬਨਿਟ ਨੇ ਪੀ ਏ ਪੀ ਆਰ ਏ (ਪੰਜਾਬ ਕਿਫਾਇਤੀ ਜਾਇਦਾਦ ਰਜਿਸਟ੍ਰੇਸ਼ਨ ਐਕਟ) ਲਾਇਸੈਂਸਸ਼ੁਦਾ ਪ੍ਰਾਜੈਕਟਾਂ ਲਈ ਸਮਾਂ ਮਿਆਦ 1 ਜਨਵਰੀ ਤੋਂ 31 ਦਸੰਬਰ, 2026 ਤੱਕ ਇੱਕ ਸਾਲ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਵਾਧਾ ਪ੍ਰਤੀ ਏਕੜ 25,000 ਰੁਪਏ ਦੀ ਐਕਸਟੈਂਸ਼ਨ ਫੀਸ 'ਤੇ ਵੱਧ ਤੋਂ ਵੱਧ ਤਿੰਨ ਸਾਲਾਂ ਤੱਕ ਦੀ ਮਿਆਦ ਲਈ ਦਿੱਤਾ ਜਾਵੇਗਾ ਅਤੇ ਸਬੰਧਤ ਸਮਰੱਥ ਅਧਿਕਾਰੀਆਂ ਦੁਆਰਾ ਪਹਿਲਾਂ ਲਾਗੂ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਇਸ ਦੀ ਆਗਿਆ ਦਿੱਤੀ ਜਾਵੇਗੀ।

ਕੈਬਨਿਟ ਨੇ ਜਨਵਰੀ 2026 ਤੋਂ ਬਾਅਦ ਨਿਲਾਮੀ ਲਈ ਰੱਖੀਆਂ ਜਾਣ ਵਾਲੀਆਂ ਪ੍ਰਸਤਾਵਿਤ ਜਾਇਦਾਦਾਂ ਲਈ ਵਾਧੂ ਸਤਹੀ ਖੇਤਰ ਅਨੁਪਾਤ ਲਈ ਖਰਚੇ ਨਿਰਧਾਰਿਤ ਕਰਨ ਲਈ ਵਰਤੇ ਜਾਣ ਵਾਲੇ ਫਾਰਮੂਲੇ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦੇ ਨਾਲ ਹੀ 20 ਫਰਵਰੀ, 2025 ਨੂੰ ਨੋਟੀਫਾਈ ਕੀਤੇ ਗਏ ਈ-ਆਕਸ਼ਨ ਨੀਤੀ 2025 ਦੇ ਪੈਰਾ 10.2 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ, ਜਿਸ ਨਾਲ ਭਵਿੱਖ ਵਿੱਚ ਵਿਕਾਸ ਅਧਿਕਾਰੀਆਂ ਦੁਆਰਾ ਨਿਲਾਮ ਕੀਤੀਆਂ ਜਾਣ ਵਾਲੀਆਂ ਸਾਰੀਆਂ ਸ਼੍ਰੇਣੀਆਂ ਦੀਆਂ ਜਾਇਦਾਦਾਂ 'ਤੇ ਲਾਗੂ ਸੋਧੇ ਹੋਏ ਉਪਬੰਧ ਬਣਾਏ ਗਏ।

ਕੈਬਨਿਟ ਨੇ ਨਿਯਮ 61 ਸ਼ਾਮਲ ਕਰ ਕੇ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਸ਼ਰਤਾਂ) ਨਿਯਮਾਂ, 1994 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਸੋਧ ਅਨੁਸਾਰ ਘੱਟੋ-ਘੱਟ ਵਿਦਿਅਕ ਅਤੇ ਹੋਰ ਯੋਗਤਾਵਾਂ ਸਮੇਤ ਯੋਗਤਾ ਮਾਪਦੰਡ ਨਿਰਧਾਰਤ ਕਰਨ ਦੀ ਆਖਰੀ ਮਿਤੀ ਅਰਜ਼ੀ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ ਹੋਵੇਗੀ, ਜਦੋਂ ਤੱਕ ਕਿ ਸੰਬੰਧਤ ਸੇਵਾ ਨਿਯਮਾਂ ਵਿੱਚ ਵਿਸ਼ੇਸ਼ ਤੌਰ 'ਤੇ ਹੋਰ ਮਿਤੀ ਨਿਰਧਾਰਿਤ ਨਾ ਕੀਤੀ ਗਈ ਹੋਵੇ।ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਇੱਕ ਅਗਾਂਹਵਧੂ ਕਦਮ ਤਹਿਤ ਕੈਬਨਿਟ ਨੇ ਪੰਜਾਬ ਦੇ ਬਾਗਬਾਨੀ ਖੇਤਰ ਨੂੰ ਹੋਰ ਮਜ਼ਬੂਤ ??ਕਰਨ ਲਈ ਜਾਪਾਨੀ ਤਕਨਾਲੋਜੀ ਪੇਸ਼ ਕਰਨ ਲਈ ਜਾਪਾਨ ਇੰਟਰਨੈਸ਼ਨਲ ਕੋਪਰੇਸ਼ਨ ਏਜੰਸੀ ਨਾਲ ਭਾਈਵਾਲੀ ਨੂੰ ਵੀ ਪ੍ਰਵਾਨਗੀ ਦਿੱਤੀ। ਇਹ ਭਾਈਵਾਲੀ ਬਾਗਬਾਨੀ ਵਿਕਾਸ, ਕੋਲਡ ਚੇਨ ਬੁਨਿਆਦੀ ਢਾਂਚੇ, ਪਾਣੀ ਪ੍ਰਬੰਧਨ ਅਤੇ ਹੁਨਰ ਵਿਕਾਸ 'ਤੇ ਕੇਂਦਰਤ ਹੋਵੇਗੀ, ਜਿਸ ਦਾ ਉਦੇਸ਼ ਸੂਬੇ ਦੀ ਆਰਥਿਕਤਾ ਵਿੱਚ ਬਾਗਬਾਨੀ ਖੇਤਰ ਦੇ ਯੋਗਦਾਨ ਨੂੰ ਦੁੱਗਣਾ ਕਰਨਾ ਹੈ।

## ਗੈਂਗਸਟਰਾਂ ਖਿਲਾਫ਼ 72 ਘੰਟਿਆਂ ਦਾ 'ਅਪ੍ਰੇਸ਼ਨ ਪ੍ਰਹਾਰ' ਸ਼ੁਰੂ



**ਚੰਡੀਗੜ੍ਹ** : ਪੰਜਾਬ ਪੁਲਸ ਨੇ ਸੂਬੇ ਵਿੱਚੋਂ ਗੈਂਗਸਟਰਾਂ ਅਤੇ ਗੈਰ ਸਮਾਜਿਕ ਅਨਸਰਾਂ ਦਾ ਖਾਤਮਾ ਕਰਨ ਲਈ 'ਅਪ੍ਰੇਸ਼ਨ ਪ੍ਰਹਾਰ' ਤਹਿਤ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਤਹਿਤ ਪੰਜਾਬ ਪੁਲਸ ਵੱਲੋਂ ਅਗਲੇ 72 ਘੰਟਿਆਂ ਦੌਰਾਨ ਗੈਂਗਸਟਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਕੀਤਾ ਹੈ। ਯਾਦਵ ਨੇ ਕਿਹਾ ਕਿ ਪੰਜਾਬ ਪੁਲਸ ਦੀਆਂ 2000 ਟੀਮਾਂ ਵੱਲੋਂ ਸੂਬੇ ਭਰ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਟੀਮਾਂ ਵੱਲੋਂ ਗੈਂਗਸਟਰਾਂ ਦੀ ਭਾਲ ਕਰਕੇ ਉਨ੍ਹਾਂ ਦਾ ਨੈੱਟਵਰਕ ਖਤਮ ਕੀਤਾ ਜਾ ਰਿਹਾ ਹੈ। ਡੀ ਜੀ ਪੀ ਨੇ ਕਿਹਾ ਕਿ ਪੰਜਾਬ ਪੁਲਸ ਵੱਲੋਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਗੈਂਗਸਟਰਾਂ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇਗੀ। ਡੀ ਜੀ ਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗੈਂਗਸਟਰਾਂ ਬਾਰੇ ਜਾਣਕਾਰੀ ਦੇਣ ਤਾਂ ਜੋ ਗੈਂਗਸਟਰਾਂ ਦਾ ਜੜ੍ਹ ਤੋਂ ਖਾਤਮਾ ਕੀਤਾ ਜਾ ਸਕੇ। ਉਨ੍ਹਾ ਐਲਾਨ ਕੀਤਾ ਕਿ ਚੰਗਾ ਕੰਮ ਕਰਨ ਵਾਲੇ ਪੁਲਸ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਪੁਲਸ ਅਤੇ ਖੁਫੀਆ ਏਜੰਸੀਆਂ ਦੀ ਵਿਸਤ੍ਰਿਤ ਮੈਪਿੰਗ ਤੋਂ ਬਾਅਦ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਨਾਲ ਜੁੜੇ ਕਰੀਬ 2000 ਗੈਂਗਸਟਰ ਸਰਗਰਮ ਹਨ। ਇਨ੍ਹਾਂ ਵਿੱਚੋਂ ਲਗਭਗ 1940 ਗੈਂਗਸਟਰ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਸਰਗਰਮ ਹਨ, ਜਦਕਿ 60 ਖਤਰਨਾਕ ਗੈਂਗਸਟਰ ਵਿਦੇਸ਼ਾਂ ਵਿੱਚ ਬੈਠ ਕੇ ਨਸ਼ਾ ਤਸਕਰੀ, ਹਥਿਆਰਾਂ ਦੀ ਸਪਲਾਈ, ਕਤਲ ਅਤੇ ਫਿਰੌਤੀ ਦੇ ਨੈੱਟਵਰਕ ਨੂੰ ਚਲਾ ਰਹੇ ਹਨ। ਵਿਦੇਸ਼ਾਂ ਵਿੱਚ ਬੈਠੇ 60 ਗੈਂਗਸਟਰਾਂ ਵਿੱਚੋਂ 23 ਦੇ ਖਿਲਾਫ ਰੈੱਡ ਕਾਰਨਰ ਨੋਟਿਸ ਜਾਰੀ ਹੋ ਚੁੱਕੇ ਹਨ ਜਾਂ ਜਾਰੀ ਹੋਣ ਦੀ ਪ੍ਰਕਿਰਿਆ ਵਿੱਚ ਹਨ, ਜਦਕਿ ਬਾਕੀ 37 ਗੈਂਗਸਟਰਾਂ ਵਿਰੁੱਧ ਅਗਲੇ ਤਿੰਨ ਮਹੀਨਿਆਂ ਵਿੱਚ ਸਾਰੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਕੇ ਨੋਟਿਸ ਜਾਰੀ ਕੀਤੇ ਜਾਣਗੇ। ਇਨ੍ਹਾਂ ਅਪਰਾਧੀਆਂ ਨੂੰ ਭਾਰਤ ਲਿਆ ਕੇ ਇਨਸਾਫ ਦੇ ਕਟਹਿਰੇ ਵਿੱਚ ਖੜ੍ਹਾ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ।

'ਅਪ੍ਰੇਸ਼ਨ ਪ੍ਰਹਾਰ' ਦੇ ਤਹਿਤ ਸਿਰਫ ਗ੍ਰਿਫਤਾਰੀਆਂ ਹੀ ਨਹੀਂ ਹੋਣਗੀਆਂ, ਸਗੋਂ ਡਰੱਗ ਅਤੇ ਗੈਂਗਸਟਰ ਨੈੱਟਵਰਕ ਦੀ ਮੁਕੰਮਲ ਮੈਪਿੰਗ ਕੀਤੀ ਜਾ ਰਹੀ ਹੈ। ਇਸ ਵਿੱਚ ਹਰੇਕ ਗੈਂਗਸਟਰ ਦੀ ਭੂਮਿਕਾ, ਉਸ ਦੇ ਫਾਈਨੈਂਸਰ (ਪੈਸਾ ਲਗਾਉਣ ਵਾਲੇ), ਹਥਿਆਰ ਸਪਲਾਇਰ, ਨਸ਼ਾ ਸਪਲਾਈ ਚੇਨ, ਸੇਫ ਹਾਊਸ (ਲੁਕਣ ਦੇ ਟਿਕਾਣੇ), ਡਿਜੀਟਲ ਸੰਚਾਰ ਅਤੇ ਸਾਥੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਇਸ ਮੈਪਿੰਗ ਦੇ ਆਧਾਰ 'ਤੇ ਇੱਕ-ਇੱਕ ਕੜੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।ਇਸ ਮੁਹਿੰਮ ਦੀ ਨਿਗਰਾਨੀ ਲਈ ਇੱਕ ਵਿਸ਼ੇਸ਼ ਢਾਂਚਾ ਤਿਆਰ ਕੀਤਾ ਗਿਆ ਹੈ। ਆਈ ਜੀ ਕਾਊਂਟਰ ਇੰਟੈਲੀਜੈਂਸ ਨੂੰ ਪੂਰੇ ਅਪ੍ਰੇਸ਼ਨ ਦਾ ਇੰਚਾਰਜ ਬਣਾਇਆ ਗਿਆ ਹੈ। ਕਾਊਂਟਰ ਇੰਟੈਲੀਜੈਂਸ ਦੇ ਏ ਡੀ ਜੀ ਪੀ ਆਸ਼ੀਸ਼ ਚੌਧਰੀ, ਜੋ ਹਾਲ ਹੀ ਵਿੱਚ ਐੱਨ ਆਈ ਏ ਵਿੱਚ ਲੰਮੀਆਂ ਸੇਵਾਵਾਂ ਦੇ ਕੇ ਪਰਤੇ ਹਨ, ਨੂੰ 'ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ' (ਵਿਦੇਸ਼ੀ ਭਗੌੜਿਆਂ ਦੀ ਨਿਗਰਾਨੀ ਅਤੇ ਹਵਾਲਗੀ ਸੈੱਲ) ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਡੀ ਆਈ ਜੀ ਗੁਰਮੀਤ ਚੌਹਾਨ, ਜੋ ਐਂਟੀ ਗੈਂਗਸਟਰ ਟਾਸਕ ਫੋਰਸ ਦੇ ਮੁਖੀ ਹਨ, ਨੂੰ ਰਾਜ ਅਤੇ ਦੇਸ਼ ਵਿੱਚ ਸਰਗਰਮ ਗੈਂਗਸਟਰਾਂ ਵਿਰੁੱਧ ਕਾਰਵਾਈ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਦੂਜੇ ਪਾਸੇ, ਡੀ ਆਈ ਜੀ ਅਖਿਲ ਚੌਧਰੀ, ਐਂਟੀ ਨਾਰਕੋਟਿਕਸ ਟਾਸਕ ਫੋਰਸ ਨੂੰ ਡਰੱਗ ਨੈੱਟਵਰਕ, ਸਪਲਾਈ ਚੇਨ ਅਤੇ ਤਸਕਰੀ ਦੇ ਰੂਟਾਂ ਨੂੰ ਤੋੜਨ ਦਾ ਕੰਮ ਸੌਂਪਿਆ ਗਿਆ ਹੈ। ਇਸ ਤੋਂ ਇਲਾਵਾ, ਏ ਆਈ ਜੀ ਬਿਊਰੋ ਆਫ ਇੰਟੈਲੀਜੈਂਸ ਕਮਲਦੀਪ ਸਿੰਘ ਨੂੰ ਡਰੱਗ ਅਤੇ ਗੈਂਗਸਟਰ ਨੈੱਟਵਰਕ ਨਾਲ ਜੁੜੀ ਖੁਫੀਆ ਜਾਣਕਾਰੀ ਇਕੱਠੀ ਕਰਨ, ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਨਜ਼ਰ ਰੱਖਣ ਅਤੇ ਗੈਂਗਸਟਰ ਗਤੀਵਿਧੀਆਂ ਦੀ ਤਕਨੀਕੀ ਮੈਪਿੰਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਸੈੱਲ ਵਿੱਚ ਵੱਖ-ਵੱਖ ਡੈਸਕ ਬਣਾਏ ਗਏ ਹਨ, ਜੋ ਰੈੱਡ ਕਾਰਨਰ ਨੋਟਿਸ, ਹਵਾਲਗੀ, ਇੰਟਰਪੋਲ ਤਾਲਮੇਲ, ਕਾਨੂੰਨੀ ਸਹਾਇਤਾ ਅਤੇ ਅੰਤਰਰਾਸ਼ਟਰੀ ਪੱਤਰ ਵਿਹਾਰ ਦਾ ਕੰਮ ਸੰਭਾਲਣਗੇ। ਨਸ਼ਿਆਂ ਰਾਹੀਂ ਕਮਾਏ ਗਏ ਪੈਸੇ 'ਤੇ ਵੀ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੋ ਨੌਜਵਾਨ ਨਸ਼ਿਆਂ ਦੇ ਜਾਲ ਵਿੱਚ ਫਸ ਕੇ ਗੁੰਮਰਾਹ ਹੋ ਗਏ ਹਨ ਅਤੇ ਮੁੱਖ ਧਾਰਾ ਵਿੱਚ ਪਰਤਣਾ ਚਾਹੁੰਦੇ ਹਨ, ਉਨ੍ਹਾਂ ਨਾਲ ਹਮਦਰਦੀ ਵਾਲਾ ਵਤੀਰਾ ਅਪਣਾਇਆ ਜਾਵੇਗਾ, ਪਰ ਨਸ਼ਾ ਤਸਕਰੀ ਜਾਂ ਗੈਂਗਸਟਰ ਗਤੀਵਿਧੀਆਂ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

### ਕਿਸ਼ਤਵਾੜ 'ਚ ਆਪ੍ਰੇਸ਼ਨ ਜਾਰੀ

**ਜੰਮੂ** : ਜੰਮੂ ਕਸ਼ਮੀਰ ਦੇ ਕਿਸ਼ਤਵਾੜ ਵਿਚ ਉਪਰਲੀਆਂ ਪਹਾੜੀਆਂ 'ਤੇ ਲੁਕੇ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਵਿੱਢਿਆ ਤਲਾਸ਼ੀ ਅਪਰੇਸ਼ਨ ਮੰਗਲਵਾਰ ਨੂੰ ਤੀਜੇ ਦਿਨ ਵਿਚ ਦਾਖਲ ਹੋ ਗਿਆ। ਇਹ ਕਾਰਵਾਈ ਐਤਵਾਰ ਨੂੰ ਚਤਰੂ ਪੱਟੀ ਦੇ ਮੰਡਰਾਲ-ਸਿੰਘਪੋਰਾ ਨੇੜੇ ਸੋਨਾਰ ਪਿੰਡ ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ ਇਕ ਥਾਂ ਲੁਕੇ ਦਹਿਸ਼ਤਗਰਦਾਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਇੱਕ ਪੈਰਾਟਰੂਪਰ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖਮੀ ਹੋ ਗਏ ਸਨ। ਜਾਣਕਾਰੀ ਅਨੁਸਾਰ ਦਹਿਸ਼ਤਗਰਦ ਸੰਘਣੇ ਜੰਗਲ ਵੱਲ ਭੱਜ ਗਏ, ਪਰ ਸੁਰੱਖਿਆ ਬਲਾਂ ਨੇ ਉਨ੍ਹਾਂ ਦੇ ਸੁਰੱਖਿਅਤ ਟਿਕਾਣਿਆਂ, ਜਿਸ ਵਿੱਚ ਖਾਣ-ਪੀਣ ਦੀਆਂ ਚੀਜ਼ਾਂ, ਕੰਬਲ ਅਤੇ ਭਾਂਡੇ ਸ਼ਾਮਲ ਸਨ, ਨੂੰ ਤਬਾਹ ਕਰ ਦਿੱਤਾ ਹੈ। ਜੰਮੂ ਜ਼ੋਨ ਦੇ ਇੰਸਪੈਕਟਰ ਜਨਰਲ ਆਫ਼ ਪੁਲਸ ਭੀਮ ਸੇਨ ਟੂਟੀ ਅਤੇ ਸੀ ਆਰ ਪੀ ਐੱਫ, ਜੰਮੂ ਦੇ ਇੰਸਪੈਕਟਰ ਜਨਰਲ, ਆਰ ਗੋਪਾਲ ਕ੍ਰਿਸ਼ਨਾ ਰਾਓ ਸਮੇਤ ਸੀਨੀਅਰ ਅਧਿਕਾਰੀ ਵੀ ਮੁਕਾਬਲੇ ਵਾਲੀ ਥਾਂ 'ਤੇ ਪਹੁੰਚ ਗਏ ਹਨ। ਇਸ ਪੂਰੇ ਆਪ੍ਰੇਸ਼ਨ ਦੀ ਨਿਗਰਾਨੀ ਲਈ ਉੱਥੇ ਕੈਂਪ ਸਥਾਪਤ ਕੀਤਾ ਗਿਆ ਹੈ।

### ਤਿਲਕ ਕਰਕੇ ਬੱਚੇ ਨੂੰ ਛੱਡਣਾ ਪਿਆ ਸਕੂਲ

**ਚੰਡੀਗੜ੍ਹ** : ਲੰਡਨ ਵਿੱਚ 8 ਸਾਲਾ ਹਿੰਦੂ ਵਿਦਿਆਰਥੀ ਨੂੰ ਮੱਥੇ 'ਤੇ ਲਾਏ ਤਿਲਕ ਕਰਕੇ ਸਕੂਲ ਬਦਲਣ ਲਈ ਮਜਬੂਰ ਕੀਤਾ ਗਿਆ। ਇਕ ਨਿਊਜ਼ ਚੈਨਲ ਨੇ ਆਪਣੀ ਰਿਪੋਰਟ ਵਿਚ ਬ੍ਰਿਟਿਸ਼ ਹਿੰਦੂ ਅਤੇ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਸਮਾਜਿਕ ਸੰਸਥਾ 'ਇਨਸਾਈਟ ਯੂਕੇ' ਦੇ ਹਵਾਲੇ ਨਾਲ ਕਿਹਾ ਕਿ ਲੰਡਨ ਦੇ ਵਿਕਾਰ'ਜ਼ ਗ੍ਰੀਨ ਪ੍ਰਾਇਮਰੀ ਸਕੂਲ ਦੇ ਸਟਾਫ ਨੇ ਬੱਚੇ ਨੂੰ ਆਪਣੀ ਇਸ ਧਾਰਮਿਕ ਰਵਾਇਤ ਬਾਰੇ ਸਮਝਾਉਣ ਅਤੇ ਜਾਇਜ਼ ਠਹਿਰਾਉਣ ਲਈ ਕਿਹਾ ਗਿਆ। ਸਮਾਜਿਕ ਸੰਸਥਾ ਨੇ ਸਕੂਲ ਸਟਾਫ਼ ਦੀ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਗੈਰਵਾਜਬ ਦੱਸਿਆ। ਰਿਪੋਰਟ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਸਕੂਲ ਦੇ ਹੈੱਡ ਟੀਚਰ ਨੇ ਬੱਚੇ 'ਤੇ ਇਸ ਤਰ੍ਹਾਂ ਨਜ਼ਰ ਰੱਖੀ ਕਿ ਉਹ ਡਰ ਗਿਆ। ਇਸੇ ਡਰ ਕਰਕੇ ਉਸ ਨੇ ਖੇਡਣਾ ਛੱਡ ਦਿੱਤਾ ਤੇ ਖ਼ੁਦ ਨੂੰ ਆਪਣੇ ਹੋਰਨਾਂ ਸਾਥੀਆਂ ਨਾਲੋਂ ਵੱਖ ਕਰ ਲਿਆ। ਰਿਪੋਰਟ ਵਿਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਬੱਚੇ ਨੂੰ ਸਕੂਲ ਵਿਚ ਜ਼ਿੰਮੇਵਾਰੀ ਵਾਲੇ ਅਹੁਦਿਆਂ ਤੋਂ ਸਿਰਫ਼ ਉਸ ਦੇ ਧਾਰਮਿਕ ਰੀਤੀ-ਰਿਵਾਜਾਂ ਕਰਕੇ ਹਟਾ ਦਿੱਤਾ ਗਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੇਕਰ ਇਹ ਸਾਬਤ ਹੋ ਜਾਂਦਾ ਹੈ ਤਾਂ ਇਹ ਸਮਾਨਤਾ ਐਕਟ 2010 ਦੇ ਤਹਿਤ ਸਿੱਧਾ ਧਾਰਮਿਕ ਵਿਤਕਰਾ ਹੋਵੇਗਾ।

## ਮਨਦੀਪ ਸਿੰਘ ਯੂਕਰੇਨੀ ਕੈਨੇਡੀਅਨ ਕੁਰਬਾਨੀ ਮੈਡਲ ਨਾਲ ਸਨਮਾਨਤ

**ਚੰਡੀਗੜ੍ਹ** : ਭਾਰਤੀ ਮੂਲ ਦੇ ਕੈਨੇਡੀਅਨ ਸਿੱਖ ਮਨਦੀਪ ਸਿੰਘ (30) ਨੇ ਸੇਵਾ ਦੇ ਸਿੱਖੀ ਸਿਧਾਂਤ, ਮਾਨਵਤਾ ਦੀ ਨਿਰਸਵਾਰਥ ਸੇਵਾ ਅਤੇ ਜੰਗ ਵਿੱਚ ਫਸੇ ਲੋਕਾਂ ਦੀ ਮਦਦ ਕਰਨ ਦੀਆਂ ਸਿੱਖ ਰਵਾਇਤਾਂ ਤੋਂ ਪ੍ਰੇਰਨਾ ਲੈਂਦਿਆਂ ਯੂਕਰੇਨ ਵਿੱਚ ਸਵੈ-ਇੱਛਾ ਨਾਲ ਸੇਵਾ ਕਰਨ ਲਈ ਬਰੈਂਪਟਨ ਓਂਟਾਰੀਓ ਵਿਚਲਾ ਆਪਣਾ ਘਰ ਛੱਡ ਦਿੱਤਾ। ਯੂਕਰੇਨ ਵਿਚ ਫੌਜੀ ਕਾਰਵਾਈ ਦੌਰਾਨ 27 ਅਕਤੂਬਰ, 2024 ਨੂੰ ਮਾਰੇ ਜਾਣ ਤੋਂ ਇੱਕ ਸਾਲ ਬਾਅਦ ਉਸ ਨੂੰ ਦਸੰਬਰ 2025 ਵਿੱਚ ਮਰਨ ਉਪਰੰਤ ਯੂਕਰੇਨੀ ਕੈਨੇਡੀਅਨ ਕੁਰਬਾਨੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਕੀਵ ਪੋਸਟ ਦੀ ਰਿਪੋਰਟ ਮੁਤਾਬਕ ਮਨਦੀਪ, ਜਿਸ ਦਾ ਯੂਕਰੇਨ ਨਾਲ ਪਹਿਲਾਂ ਕੋਈ ਸਿੱਧਾ ਸਬੰਧ ਨਹੀਂ ਸੀ, ਨੂੰ ਟੋਰਾਂਟੋ ਵਿੱਚ ਇੱਕ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਯੂਕਰੇਨੀ ਕੌਂਸਲ ਜਨਰਲ ਅਤੇ ਯੂਕਰੇਨੀ ਕੈਨੇਡੀਅਨ ਕਾਂਗਰਸ ਦੇ ਮੈਂਬਰ ਅਤੇ ਯੂਕਰੇਨੀ ਵਾਰ ਵੈਟਰਨਜ਼ ਐਸੋਸੀਏਸ਼ਨ ਆਫ ਕੈਨੇਡਾ ਵੀ ਸ਼ਾਮਲ ਸਨ। ਮਨਦੀਪ ਇਹ ਤਗ਼ਮਾ ਹਾਸਲ ਕਰਨ ਵਾਲੇ 14 ਲੋਕਾਂ ਵਿੱਚੋਂ ਇਕਲੌਤਾ ਸਿੱਖ ਕੈਨੇਡੀਅਨ ਹੈ। ਯੂਕਰੇਨੀ ਕੈਨੇਡੀਅਨ ਸੈਕਰੀਫਾਈਸ ਮੈਡਲ ਦੇ ਚੇਅਰਪਰਸਨ ਤਾਰਾਸ ਜੈਕੀਵ ਨੇ ਕੀਵ ਪੋਸਟ ਨੂੰ ਦਿੱਤੇ ਇੱਕ ਬਿਆਨ ਵਿੱਚ ਕਿਹਾ, "ਅਸੀਂ ਉਨ੍ਹਾਂ ਦੇ ਰਿਣੀ ਹਾਂ ਤੇ ਇਹ ਕਰਜ਼ ਕਦੇ ਨਹੀਂ ਚੁਕਾਇਆ ਜਾ ਸਕਦਾ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇ।" ਮੁੰਬਈ ਵਿੱਚ ਜਨਮੇ ਮਨਦੀਪ ਦੇ ਮਾਤਾ-ਪਿਤਾ ਜਸਵਿੰਦਰ ਸਿੰਘ ਅਤੇ ਆਸ਼ਾ ਕੌਰ 2004 ਵਿੱਚ ਬਰੈਂਪਟਨ ਚਲੇ ਗਏ ।

### ਹਸਪਤਾਲੋਂ ਭੱਜਿਆ ਗੈਂਗਸਟਰ ਮਨੀ ਪ੍ਰਿੰਸ ਮਾਰਿਆ ਗਿਆ

**ਛੇਹਰਟਾ/ਖਾਸਾ (ਮਨੋਜ ਕੁਮਾਰ/ਸ਼ਸ਼ਪਾਲ)** ਪੁਲਸ ਨੇ ਅਟਾਰੀ ਨੇੜੇ ਮੁਕਾਬਲੇ 'ਚ ਖਤਰਨਾਕ ਗੈਂਗਸਟਰ ਮਨੀ ਪ੍ਰਿੰਸ ਨੂੰ ਮਾਰ ਦਿੱਤਾ। ਡੀ ਆਈ ਜੀ ਸੰਦੀਪ ਗੋਇਲ ਨੇ ਦੱਸਿਆ ਕਿ ਪੁਲਸ ਨੇ ਉਸ ਨੂੰ ਜਦੋਂ ਆਤਮ-ਸਮਰਪਣ ਕਰਨ ਲਈ ਕਿਹਾ ਤਾਂ ਉਸ ਨੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਜਵਾਬੀ ਕਾਰਵਾਈ ਵਿੱਚ ਉਹ ਮਾਰਿਆ ਗਿਆ। ਇਹ ਪ੍ਰਿੰਸ ਦਾ ਪੁਲਸ ਨਾਲ ਇੱਕ ਹਫਤੇ ਵਿੱਚ ਦੂਜਾ ਮੁਕਾਬਲਾ ਸੀ। ਕੁਝ ਦਿਨ ਪਹਿਲਾਂ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਥਾਣਾ ਲੋਪੋਕੇ ਦੇ ਅਧੀਨ ਉਸ ਨੂੰ ਮੁਕਾਬਲੇ ਦੌਰਾਨ ਗ੍ਰਿਫਤਾਰ ਕੀਤਾ ਸੀ। ਉਸ ਸਮੇਂ ਪ੍ਰਿੰਸ ਦੇ ਪੈਰ ਵਿੱਚ ਗੋਲੀ ਲੱਗੀ ਸੀ। ਉਸ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ। ਪੁਲਸ ਦੀ ਨਿਗਰਾਨੀ ਦੇ ਬਾਵਜੂਦ ਉਹ ਪੁਲਸ ਨੂੰ ਚਕਮਾ ਦੇ ਕੇ ਹਸਪਤਾਲ ਤੋਂ ਫਰਾਰ ਹੋ ਗਿਆ ਸੀ। ਪ੍ਰਿੰਸ ਖਿਲਾਫ ਤਰਨ ਤਾਰਨ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਥਾਣਿਆਂ ਵਿੱਚ ਕਈ ਗੰਭੀਰ ਅਪਰਾਧਕ ਮਾਮਲੇ ਦਰਜ ਸਨ।

## ਗੈਂਗਸਟਰਾਂ ਵਿਰੁੱਧ ਸਭ ਤੋਂ ਵੱਡੀ ਜੰਗ : ਆਪ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ਸਰਕਾਰ ਦੀ ਸੰਗਠਿਤ ਅਪਰਾਧ ਵਿਰੁੱਧ ਪੰਜਾਬ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਦੀ ਸ਼ੁਰੂਆਤ ਦੀ ਸ਼ਲਾਘਾ ਕਰਦਿਆਂ ਇਸ ਨੂੰ ਇੱਕ ਵੱਡੇ ਪੱਧਰ 'ਤੇ 'ਗੈਂਗਸਟਰਾਂ ਵਿਰੁੱਧ ਜੰਗ' ਦੱਸਿਆ।'ਆਪ' ਆਗੂ ਬੂਟਾ ਸਿੰਘ ਬੈਰਾਗੀ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਨੀਲ ਗਰਗ ਨੇ ਕਿਹਾ ਕਿ ਗੈਂਗਸਟਰਵਾਦ ਕੋਈ ਨਵੀਂ ਬਿਮਾਰੀ ਨਹੀਂ, ਸਗੋਂ ਇਹ ਪਿਛਲੀਆਂ ਸਰਕਾਰਾਂ ਵੇਲੇ ਵਧੀ-ਫੁੱਲੀ ਹੈ। ਉਨ੍ਹਾ ਕਿਹਾ ਕਿ ਉਹੀ ਸਰਕਾਰਾਂ, ਜਿਨ੍ਹਾਂ ਗੈਂਗਸਟਰਾਂ ਨੂੰ ਸੁਰੱਖਿਆ, ਸ਼ਕਤੀ ਅਤੇ ਟਿਕਟਾਂ ਦਿੱਤੀਆਂ, ਉਹ ਇਸ ਖਤਰੇ ਨੂੰ ਫੈਲਾਉਣ ਲਈ ਜ਼ਿੰਮੇਵਾਰ ਹਨ।ਨੀਲ ਗਰਗ ਨੇ ਐਲਾਨ ਕੀਤਾ ਕਿ ਮਾਨ ਸਰਕਾਰ ਨੇ ਹੁਣ ਗੈਂਗਸਟਰਾਂ ਵਿਰੁੱਧ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਅਪ੍ਰੇਸ਼ਨ



ਸ਼ੁਰੂ ਕੀਤਾ ਹੈ। ਉਨ੍ਹਾ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ 12,000 ਤੋਂ ਵੱਧ ਮੁਲਾਜ਼ਮਾਂ ਵਾਲੀਆਂ 2000 ਪੁਲਸ ਟੀਮਾਂ ਪੂਰੇ ਪੰਜਾਬ ਵਿੱਚ ਲਗਾਤਾਰ ਤਲਾਸ਼ੀ ਅਤੇ ਪਿੱਛਾ ਕਰਨ ਦੀਆਂ ਮੁਹਿੰਮਾਂ ਚਲਾ ਰਹੀਆਂ ਹਨ। ਇਹ ਸਾਡੀ ਜ਼ੀਰੋ ਟਾਲਰੈਂਸ ਨੀਤੀ ਨੂੰ ਦਰਸਾਉਂਦਾ ਹੈ।ਉਹਨਾ ਜ਼ੋਰ ਦੇ ਕੇ ਕਿਹਾ ਕਿ ਇਹ ਕੋਈ ਸਿਆਸੀ ਲੜਾਈ ਨਹੀਂ, ਇਹ ਪੰਜਾਬ ਦੇ ਭਵਿੱਖ ਦੀ ਲੜਾਈ ਹੈ। ਜਿਸ ਤਰ੍ਹਾਂ 'ਯੁੱਧ ਨਸ਼ਿਆਂ ਵਿਰੁੱਧ' ਨੇ ਪੰਜਾਬ ਨੂੰ ਨਵੀਂ ਉਮੀਦ

• ਬਾਕੀ ਸਫਾ 2 'ਤੇ

### ਭਾਰਤ ਲਈ ਗੋਲੀਆਂ ਖਾਧੀਆਂ ਤੇ ਅੱਗੋਂ ਵੀ ਤਿਆਰ ਹਾਂ : ਅਬਦੁੱਲਾ

**ਜੰਮੂ** : ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਭਾਰਤ ਲਈ ਗੋਲੀਆਂ ਦਾ ਸਾਹਮਣਾ ਕੀਤਾ ਹੈ ਅਤੇ ਜੇਕਰ ਲੋੜ ਪਈ ਤਾਂ ਉਹ ਦੁਬਾਰਾ ਅਜਿਹਾ ਕਰਨ ਲਈ ਤਿਆਰ ਹਨ। ਅਬਦੁੱਲਾ ਨੇ ਭਾਜਪਾ ਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਨੈਸ਼ਨਲ ਕਾਨਫਰੰਸ ਖੇਤਰ 'ਚ ਪੱਥਰਬਾਜ਼ੀ ਤੇ ਅੱਤਵਾਦ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਜੰਮੂ-ਕਸ਼ਮੀਰ ਦੇ ਨਵੇਂ ਸਿਰੇ ਤੋਂ ਵੰਡ ਦੇ ਸੱਦੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਅਜਿਹੀਆਂ ਮੰਗਾਂ ਨੂੰ 'ਮੂਰਖਤਾ ਅਤੇ ਬੇਸਮਝੀ' ਦੱਸਿਆ। ਉਨ੍ਹਾਂ ਉਮੀਦ ਜਤਾਈ ਕਿ ਲੱਦਾਖ, ਜਿਸ ਨੂੰ 2019 ਵਿੱਚ ਇੱਕ ਵੱਖਰੇ ਕੇਂਦਰ ਸ਼ਾਸਤ ਪ੍ਰਦੇਸ਼ ਵਜੋਂ ਨਾਮਜ਼ਦ ਕੀਤਾ ਗਿਆ ਸੀ, ਦਾ ਸਾਬਕਾ ਰਾਜ ਨਾਲ ਮੁੜ ਰਲੇਵਾਂ ਹੋ ਸਕਦਾ ਹੈ। ਅਬਦੁੱਲਾ ਨੇ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਅੰਦਰ ਵਾਧੂ ਜ਼ਿਲ੍ਹੇ ਬਣਾਉਣ ਤੋਂ ਵੀ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਪੀਰ ਪੰਜਾਲ ਤੇ ਚਨਾਬ ਵਾਦੀਆਂ ਲਈ ਵੱਖਰੀਆਂ ਡਵੀਜ਼ਨਾਂ ਦੀ ਮੰਗ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਇਸ ਨੂੰ 'ਡਿਕਸਨ ਪਲਾਨ' ਦਾ ਹਿੱਸਾ ਦੱਸਿਆ। ਇਹ ਤਜਵੀਜ਼ ਸਤੰਬਰ 1950 ਵਿੱਚ ਸੰਯੁਕਤ ਰਾਸ਼ਟਰ ਦੇ ਪ੍ਰਤੀਨਿਧੀ ਅਤੇ ਆਸਟਰੇਲੀਆ ਦੇ ਸਾਬਕਾ ਮੁੱਖ ਜੱਜ ਸਰ ਓਵਨ ਡਿਕਸਨ ਵੱਲੋਂ ਦਿੱਤੀ ਗਈ ਸੀ, ਜਿਸ ਦਾ ਮਕਸਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਮੂ-ਕਸ਼ਮੀਰ ਵਿਵਾਦ ਨੂੰ ਹੱਲ ਕਰਨਾ ਸੀ।

## ਟਰੰਪ ਨੇ ਕੈਨੇਡਾ ਤੇ ਗ੍ਰੀਨਲੈਂਡ 'ਤੇ ਜਤਾਇਆ ਅਮਰੀਕੀ ਹੱਕ




**ਨਵੀਂ ਦਿੱਲੀ** : ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦਾ ਡੋਨਾਲਡ ਟਰੰਪ ਦਾ ਜਨੂੰਨ ਲਗਾਤਾਰ ਵਧਦਾ ਜਾ ਰਿਹਾ ਹੈ। ਖਾਸ ਕਰਕੇ ਵੈਨੇਜ਼ੁਏਲਾ 'ਤੇ ਫੌਜੀ ਕਾਰਵਾਈ ਤੋਂ ਬਾਅਦ ਹੁਣ ਗ੍ਰੀਨਲੈਂਡ ਟਰੰਪ ਦੇ ਨਿਸ਼ਾਨੇ 'ਤੇ ਹੈ। ਅਮਰੀਕੀ ਰਾਸ਼ਟਰਪਤੀ ਨੇ ਇੱਕ ਵਾਰ ਫਿਰ ਗ੍ਰੀਨਲੈਂਡ 'ਤੇ ਅਮਰੀਕੀ ਕਬਜ਼ੇ ਦੀ ਤਸਵੀਰ ਸਾਂਝੀ ਕਰਕੇ ਦੁਨੀਆ ਭਰ ਵਿੱਚ ਹਲਚਲ ਮਚਾ ਦਿੱਤੀ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਹ ਗ੍ਰੀਨਲੈਂਡ ਦੀ ਧਰਤੀ 'ਤੇ ਅਮਰੀਕੀ ਝੰਡਾ ਫੜ ਕੇ ਖੜ੍ਹੇ ਦਿਖਾਈ ਦੇ ਰਹੇ ਹਨ। ਇਸ ਫੋਟੋ ਵਿੱਚ ਉਨ੍ਹਾਂ ਦੇ ਨਾਲ ਉਪ-ਰਾਸ਼ਟਰਪਤੀ ਜੇ ਡੀ ਵੈਂਸ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੀ ਮੌਜੂਦ ਹਨ। ਤਸਵੀਰ ਵਿੱਚ ਇੱਕ ਬੋਰਡ ਲੱਗਾ ਹੈ, ਜਿਸ 'ਤੇ ਲਿਖਿਆ ਹੈ, '2026 ਤੋਂ ਗ੍ਰੀਨਲੈਂਡ ਅਮਰੀਕਾ ਦਾ ਇਲਾਕਾ ਹੈ।' ਇੱਕ ਹੋਰ ਤਸਵੀਰ ਵਿੱਚ ਟਰੰਪ ਵ੍ਹਾਈਟ ਹਾਊਸ ਵਿੱਚ ਯੂਰਪੀਅਨ ਨੇਤਾਵਾਂ ਨਾਲ ਬੈਠੇ ਹਨ, ਜਿੱਥੇ ਕੋਲ ਲੱਗੇ ਨਕਸ਼ੇ ਵਿੱਚ ਕੈਨੇਡਾ, ਗ੍ਰੀਨਲੈਂਡ ਅਤੇ ਵੈਨੇਜ਼ੁਏਲਾ ਨੂੰ ਅਮਰੀਕਾ ਦੇ ਹਿੱਸੇ ਵਜੋਂ ਦਿਖਾਇਆ ਗਿਆ ਹੈ।

ਟਰੰਪ ਨੇ ਦੱਸਿਆ ਕਿ ਉਨ੍ਹਾਂ ਦੀ ਨਾਟੋ ਦੇ ਪ੍ਰਧਾਨ ਸਕੱਤਰ ਮਾਰਕ ਰੁਟੇ ਨਾਲ ਗੱਲਬਾਤ ਹੋਈ ਹੈ। ਟਰੰਪ ਨੇ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਮੀਟਿੰਗ ਤੈਅ ਕੀਤੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਗ੍ਰੀਨਲੈਂਡ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਹੈ ਅਤੇ ਉਹ ਪਿੱਛੇ ਨਹੀਂ ਹਟਣਗੇ।

### ਅਸ਼ਲੀਲ ਹਰਕਤਾਂ ਦੇ ਦੋਸ਼ 'ਚ ਡੀ ਜੀ ਪੀ ਮੁਅੱਤਲ

**ਬੰਗਲੁਰੂ** : ਕਰਨਾਟਕ ਸਰਕਾਰ ਨੇ ਡੀ ਜੀ ਪੀ (ਸਿਵਲ ਰਾਈਟਸ ਐਨਫੋਰਸਮੈਂਟ) ਕੇ. ਰਾਮਚੰਦਰਨ ਰਾਓ ਨੂੰ ਆਪਣੇ ਦਫ਼ਤਰ ਅੰਦਰ ਇੱਕ ਔਰਤ ਨਾਲ ਅਣਉਚਿਤ ਵਿਹਾਰ ਕਰਦਿਆਂ ਦਾ ਇਕ ਵੀਡੀਓ ਵਾਇਰਲ ਹੋਣ ਮਗਰੋਂ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਸਿੱਧਰਮਈਆ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਧਿਕਾਰੀ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਕੀਤੀ ਜਾਵੇਗੀ। ਇਹ ਉੱਚ ਪੁਲਸ ਅਧਿਕਾਰੀ ਹਰਸ਼ਵਰਧਿਨੀ ਰਾਨਿਆ ਉਰਫ ਰਾਨਿਆ ਰਾਓ ਦਾ ਮਤਰੇਆ ਪਿਤਾ ਹੈ, ਜਿਸ ਨੂੰ ਸੋਨੇ ਦੀ ਤਸਕਰੀ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹ


• ਬਾਕੀ ਸਫਾ 2 'ਤੇ

## ਅੱਜ-ਨਾਮਾ

ਤਾਮਿਲਨਾਡੂ ਵਿੱਚ ਫੇਰ ਹੈ ਪਿਆ ਰੱਫੜ,
ਗਵਰਨਰ ਦੁਖੀ ਆ ਨਾਲ ਸਰਕਾਰ ਬੇਲੀ।
ਭਾਸ਼ਣ ਦੇਣ ਦੇ ਲਈ ਜਦੋਂ ਪਹੁੰਚਿਆ ਸੀ,
ਛਿੜੀ ਭਾਸ਼ਣ ਤੋਂ ਪਹਿਲਾਂ ਤਕਰਾਰ ਬੇਲੀ।
ਜ਼ਰਾ ਕੁ ਗੱਲ ਇਹ ਹੋਰ ਜਾਂ ਵਧਣ ਲੱਗੀ,
ਗਵਰਨਰ ਹੋ ਗਿਆ ਦਰਾਂ ਤੋਂ ਪਾਰ ਬੇਲੀ।
ਅਗਲੀ ਚੋਣ ਦੇ ਵੰਨੀਂ ਜਦ ਨਜ਼ਰ ਲਾਈ,
ਮੰਨਦਾ ਦੋਵਾਂ 'ਚੋਂ ਕੋਈ ਨਹੀਂ ਹਾਰ ਬੇਲੀ।
ਇਹੀ ਤਾਂ ਹਾਲਤ ਬੰਗਾਲ ਜਾਂ ਕੇਰਲਾ ਦੀ,
ਚੱਲਦੀ ਰਹਿੰਦੀ ਹੈ ਨਿੱਤ ਦੀ ਜੰਗ ਬੇਲੀ।
ਜਨਤਕ ਮੁੱਦੇ ਨੇ ਦੋਵਾਂ ਵਿਚਕਾਰ ਅਟਕੇ,
ਛੱਡੀ ਤਾਂ ਸ਼ਰਮ ਵੀ ਛਿੱਕੇ 'ਤੇ ਟੰਗ ਬੇਲੀ।

-ਤੀਸ ਮਾਰ ਖਾਂ

## ਰੂਸ ਨੂੰ ਵੀ ਸਾਬਕਾ ਸੋਵੀਅਤ ਦੇਸ਼ਾਂ 'ਤੇ ਕਬਜ਼ਾ ਕਰਨਾ ਚਾਹੀਦੈ : ਦੁਗਿਨ



**ਮਾਸਕੋ** : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਲਈ ਡੈਨਮਾਰਕ ਸਮੇਤ ਨਾਟੋ ਦੇਸ਼ਾਂ ਨੂੰ ਧਮਕਾ ਰਹੇ ਹਨ। ਟਰੰਪ ਨੇ ਇੱਕ ਨਕਸ਼ਾ ਜਾਰੀ ਕੀਤਾ ਹੈ, ਜਿਸ 'ਚ ਉਨ੍ਹਾ ਗ੍ਰੀਨਲੈਂਡ, ਵੈਨੇਜ਼ੁਏਲਾ ਅਤੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਦੱਸਿਆ ਹੈ। ਗ੍ਰੀਨਲੈਂਡ ਨੂੰ ਲੈ ਕੇ ਯੂਰਪ ਦੇ ਨਾਟੋ ਦੇਸ਼ ਬੁਰੀ ਤਰ੍ਹਾਂ ਗੁੱਸੇ 'ਚ ਹਨ। ਨਾਟੋ ਦੇਸ਼ਾਂ ਨੇ ਆਪਣੇ ਸੈਨਿਕਾਂ ਨੂੰ ਗ੍ਰੀਨਲੈਂਡ 'ਚ ਭੇਜਿਆ, ਪਰ ਟਰੰਪ ਆਪਣੇ ਇਰਾਦੇ 'ਤੇ ਅੜੇ ਹੋਏ ਦਿਖਾਏ ਦੇ ਰਹੇ ਹਨ। ਇਸ ਦੌਰਾਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਗੁਰੂ ਅਲੈਕਜ਼ੈਂਡਰ ਦੁਗਿਨ ਨੇ ਕਿਹਾ ਕਿ ਜਿਸ ਤਰ੍ਹਾਂ ਟਰੰਪ ਗ੍ਰੀਨਲੈਂਡ 'ਤੇ ਅਮਰੀਕਾ ਦਾ ਦਾਅਵਾ ਠੋਕ ਰਹੇ ਹਨ, ਉਸ ਨੂੰ ਦੇਖਦੇ ਹੋਏ ਰੂਸ ਨੂੰ ਵੀ ਦੁਨੀਆ ਦੇ 7 ਦੇਸ਼ਾਂ 'ਤੇ ਆਪਣਾ ਦਾਅਵਾ ਠੋਕਣਾ ਚਾਹੀਦਾ ਹੈ। ਇਨ੍ਹਾਂ 7 ਦੇਸ਼ਾਂ 'ਚ ਆਰਮੀਨੀਆ, ਜਾਰਜੀਆ, ਅਜਰਬਾਈਜਾਨ, ਕਜ਼ਾਕਿਸਤਾਨ, ਉਜ਼ਬੇਕਿਸਤਾਨ, ਤਾਜ਼ਿਕਸਤਾਨ ਅਤੇ ਕ੍ਰਿਗਸਤਾਨ ਹਨ। ਇਹ ਸੋਵੀਅਤ ਜ਼ਮਾਨੇ 'ਚ ਰੂਸ ਦੇ ਪ੍ਰਭਾਵ ਵਾਲੇ ਇਲਾਕੇ ਸਨ।

ਰੂਸੀ ਰਾਸ਼ਟਰਪਤੀ ਪੁਤਿਨ ਦੇ ਕਰੀਬੀ ਅਤੇ ਵਿਚਾਰਾਂ ਨਾਲ ਜੁੜੇ ਦੁਗਿਨ ਨੇ ਦਲੀਲ ਦਿੱਤੀ ਕਿ ਟਰੰਪ ਜਿਸ ਤਰ੍ਹਾਂ ਗ੍ਰੀਨਲੈਂਡ 'ਤੇ ਕਬਜ਼ੇ ਲਈ ਦਬਾਅ ਪਾ ਰਹੇ ਹਨ, ਉਸੇ ਤਰ੍ਹਾਂ ਰੂਸ ਨੂੰ ਵੀ ਪੂਰੇ ਯੂਰੇਸ਼ੀਆ ਇਲਾਕੇ 'ਚ ਅੰਤਰਰਾਸ਼ਟਰੀ ਕਾਨੂੰਨ ਨੂੰ ਟਿੱਚ ਸਮਝਦੇ ਹੋਏ ਆਪਣੀ ਜ਼ਮੀਨ ਨੂੰ ਅੱਗੇ ਵਧਾਉਣਾ ਦਾ ਮੌਕਾ ਮਿਲ ਜਾਵੇਗਾ। ਅਕਸਰ ਪੱਛਮੀ ਦੇਸ਼ਾਂ 'ਤੇ ਨਿਸ਼ਾਨਾ ਲਾਉਣ ਵਾਲੇ ਅਲੈਕਜ਼ੈਂਡਰ ਦੁਗਿਨ ਨੇ ਕਿਹਾ ਕਿ ਰੂਸ ਨੂੰ ਇੱਕ ਇਸ ਤਰ੍ਹਾਂ ਦੀ ਦੁਨੀਆ 'ਚ ਆਪਣੀ ਭਰੋਸੇਯੋਗਤਾ ਨੂੰ ਬਹਾਲ ਕਰਨ ਲਈ 'ਕੁਝ ਖ਼ਤਰਨਾਕ' ਕਰਨਾ ਹੋਵੇਗਾ, ਜਿੱਥੇ ਅੰਤਰਰਾਸ਼ਟਰੀ ਮਾਨਕਾਂ ਦੀ ਬਜਾਏ ਤਾਕਤਾਂ ਨਾਲ ਨਤੀਜੇ ਨਿਰਧਾਰਤ ਕੀਤੇ ਜਾਂਦੇ ਹਨ।

ਪੁਤਿਨ ਦੇ ਗੁਰੂ ਨੇ ਟਰੰਪ ਦੇ ਵਾਰ-ਵਾਰ ਦਿੱਤੇ ਜਾ ਰਹੇ ਬਿਆਨ ਦਾ ਹਵਾਲਾ ਦਿੱਤਾ, ਜਿਸ 'ਚ ਉਹ ਕਹਿ ਰਹੇ ਹਨ ਕਿ ਵਿਸ਼ਵ ਸੁਰੱਖਿਆ ਲਈ ਗ੍ਰੀਨਲੈਂਡ ਦਾ ਪੂਰਾ ਕਬਜ਼ਾ ਅਮਰੀਕਾ ਲਈ ਜ਼ਰੂਰੀ ਹੈ। ਦੁਗਿਨ ਨੇ ਕਿਹਾ ਕਿ ਰੂਸ ਨੂੰ ਵੀ ਇਸ ਤਰਕ ਨੂੰ ਖੁੱਲ੍ਹੇਆਮ ਅਪਣਾਉਣਾ ਚਾਹੀਦਾ ਹੈ ਅਤੇ ਆਪਣੇ ਖੇਤਰ ਦਾ ਵਿਸਥਾਰ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਸੁਰੱਖਿਆ ਦੇ ਨਾਂਅ 'ਤੇ ਨਵੇਂ ਇਲਾਕੇ 'ਤੇ ਦਾਅਵਾ ਕਰਦੇ ਹਨ ਤਾਂ ਰੂਸ ਨੂੰ ਵੀ ਇਹੀ ਕਰਨਾ ਚਾਹੀਦਾ ਹੈ। ਉਨ੍ਹਾ ਐੱਕਸ 'ਤੇ ਲਿਖਿਆ, 'ਕੇਵਲ ਕਰੂਰਤਾ, ਤਾਕਤ, ਵਿਆਪਕ ਤਬਾਹੀ ਟਰੰਪ ਵਰਗੀ ਦੁਨੀਆ 'ਚ ਮਾਇਨੇ ਰੱਖਦੀ ਹੈ।'

ਦੁਗਿਨ ਨੇ ਆਰਮੀਨੀਆ, ਜਾਰਜੀਆ, ਅਜ਼ਰਬਾਈਜਾਨ, ਕਜ਼ਾਕਿਸਤਾਨ, ਉਜ਼ਬੇਕਿਸਤਾਨ, ਤਾਜ਼ਿਕਸਤਾਨਅਤੇ ਕ੍ਰਿਗਸਤਾਨ ਵਰਗੇ ਇਲਾਕਿਆਂ ਨੂੰ ਸੂਚੀਬੱਧ ਕੀਤਾ ਅਤੇ ਕਿਹਾ ਕਿ ਰੂਸ ਨੂੰ ਇਨ੍ਹਾਂ ਸਥਾਨਾਂ 'ਤੇ ਪ੍ਰਭਾਵ ਜਮਾਉਣ ਲਈ ਅੱਗੇ ਵਧਣਾ ਚਾਹੀਦਾ ਹੈ। ਉਹਨਾ ਪੁਤਿਨ ਨੂੰ ਸਲਾਹ ਦਿੱਤੀ ਕਿ ਮਾਸਕੋ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਨੂੰ ਕਿਨਾਰੇ ਕਰਕੇ 'ਯੂਰੇਸ਼ੀਅਨ ਮਾਨਰੋ ਡਾਕਿਟ੍ਰਨ' ਨੂੰ ਅਪਣਾਉਣਾ ਚਾਹੀਦਾ ਹੈ। ਨਾਲ ਹੀ ਇੱਕ ਇਸ ਤਰ੍ਹਾਂ ਦੀ ਦੁਨੀਆ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਜਿੱਥੇ ਅਮਰੀਕਾ, ਰੂਸ ਅਤੇ ਚੀਨ ਦਾ ਦਬਦਬਾ ਹੈ।

ਦੁਗਿਨ ਨੇ ਕਿਹਾ, 'ਜੇਕਰ ਟਰੰਪ ਕਹਿੰਦੇ ਹਨ ਕਿ ਮੇਰਾ ਇਲਾਕਾ ਹੈ ਅਤੇ ਇੱਥੇ ਅਮਰੀਕੀ ਹੋਵੇਗਾ ਤਾਂ ਸਾਨੂੰ ਵੀ ਇਹ ਕਹਿਣਾ ਚਾਹੀਦਾ ਹੈ ਕਿ ਇਹ ਸਾਡਾ ਇਲਾਕਾ ਹੈ, ਇੱਥੇ ਰੂਸ ਹੋਵੇਗਾ।' ਰੂਸ ਨੂੰ ਮੱਧ ਏਸ਼ੀਆ ਅਤੇ ਕਾਕੇਕਸ ਇਲਾਕੇ 'ਚ ਵੱਡੇ ਪੱਧਰ 'ਤੇ ਆਪਣਾ ਰਾਜਨੀਤਕ, ਆਰਥਿਕ ਅਤੇ ਫੌਜੀ ਪ੍ਰਭਾਵ ਵਧਾਉਣਾ ਜਾਰੀ ਰੱਖਣਾ ਚਾਹੀਦਾ ਹੈ। ਇਨ੍ਹਾਂ ਇਲਾਕਿਆਂ ਦੇ ਲੱਖਾਂ ਲੋਕ ਰੂਸ 'ਚ ਕੰਮ ਕਰਦੇ ਹਨ। ਇਹ ਲੋਕ ਆਪਣੇ ਦੇਸ਼ ਤੇ ਘਰ ਪੈਸਾ ਭੇਜਦੇ ਹਨ। ਦੁਗਿਨ ਨੇ ਬਾਲਟਿਕ ਦੇਸ਼ਾਂ ਅਤੇ ਮੋਲਦੋਵਾ 'ਚ ਵੀ ਦਬਾਅ ਬਣਾਉਣ ਨੂੰ ਲੈ ਕੇ ਚੇਤਾਵਨੀ ਦਿੱਤੀ ਹੈ।

### ਟਰੰਪ ਵੱਲੋਂ ਫਰਾਂਸੀਸੀ ਸ਼ਰਾਬ 'ਤੇ 200 ਫੀਸਦੀ ਟੈਕਸ ਲਾਉਣ ਦੀ ਧਮਕੀ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਾਂਸੀਸੀ ਵਾਈਨ ਅਤੇ ਸ਼ੈਂਪੇਨ 'ਤੇ 200 ਫੀਸਦੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਇਹ ਚੇਤਾਵਨੀ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਗਾਜ਼ਾ ਪੀਸ ਬੋਰਡ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਤੋਂ ਬਾਅਦ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਨੇ ਫਰਾਂਸ ਨੂੰ ਗਾਜ਼ਾ ਪੀਸ ਬੋਰਡ ਵਿਚ ਸ਼ਾਮਲ ਹੋਣ ਲਈ ਕਿਹਾ ਸੀ। ਟਰੰਪ ਨੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਕਿਹਾ ਕਿ ਉਹ ਮੈਕਰੋਂ ਨੂੰ ਹੁਣ ਸ਼ਾਂਤੀ ਬੋਰਡ ਵਿਚ ਸ਼ਾਮਲ ਵੀ ਨਹੀਂ ਕਰਨਾ ਚਾਹੁੰਦੇ, ਕਿਉਂਕਿ ਫਰਾਂਸ ਦੇ ਰਾਸ਼ਟਰਪਤੀ ਦੀ ਕੁਰਸੀ ਵੀ ਖਤਰੇ ਵਿਚ ਹੈ। ਟਰੰਪ ਨੇ ਗਾਜ਼ਾ ਵਿਚ ਪ੍ਰਸ਼ਾਸਕੀ ਕਾਰਵਾਈ ਕਰਨ ਲਈ 'ਨੈਸ਼ਨਲ ਕਮੇਟੀ ਫਾਰ ਦਿ ਐਡਮਨਿਸਟਰੇਸ਼ਨ ਆਫ ਗਾਜ਼ਾ' ਬਣਾਈ ਸੀ। ਟਰੰਪ ਨੇ ਇਸ ਕਮੇਟੀ ਵਿਚ ਸ਼ਾਮਲ ਹੋਣ ਲਈ 60 ਦੇਸ਼ਾਂ ਨੂੰ ਸੱਦਾ ਦਿੱਤਾ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਟਰੰਪ ਨੇ ਮੈਕਰੋਂ ਦਾ ਇਕ ਮੋਬਾਇਲ ਸੰਦੇਸ਼ ਵੀ ਵਾਇਰਲ ਕਰ ਦਿੱਤਾ ਹੈ। ਮੈਕਰੋਂ ਨੇ ਇਸ ਸੰਦੇਸ਼ ਵਿਚ ਕਿਹਾ ਸੀ ਕਿ ਉਹ ਸੀਰੀਆ ਦੇ ਮੁੱਦੇ 'ਤੇ ਅਮਰੀਕਾ ਨਾਲ ਸਹਿਮਤ ਹਨ ਤੇ ਈਰਾਨ ਦੇ ਮਾਮਲੇ ਵਿਚ ਵੀ ਉਹ ਕਾਫੀ ਕੁਝ ਕਰ ਸਕਦੇ ਹਨ, ਪਰ ਉਨ੍ਹਾ ਨੂੰ ਸਮਝ ਨਹੀਂ ਆ ਰਿਹਾ ਕਿ ਅਮਰੀਕਾ ਗਰੀਨਲੈਂਡ ਵਿਚ ਕੀ ਕਰ ਰਿਹਾ ਹੈ। ਇਨ੍ਹਾਂ ਮੁੱਦਿਆਂ 'ਤੇ ਵਿਚਾਰ ਕਰਨ ਲਈ ਮੈਕਰੋਂ ਨੇ ਟਰੰਪ ਨੂੰ ਜੀ 7 ਮੀਟਿੰਗ ਸੱਦਣ ਦਾ ਸੁਝਾਅ ਦਿੱਤਾ। ਮੈਕਰੋਂ ਦੇ ਰੁਖ਼ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ, ' ਉਸ ਨੇ ਕੀ ਕਿਹਾ ਸੀ ? ਖੈਰ, ਕੋਈ ਵੀ ਉਸ ਨੂੰ ਨਹੀਂ ਚਾਹੁੰਦਾ, ਕਿਉਂਕਿ ਉਹ ਬਹੁਤ ਜਲਦੀ ਅਹੁਦੇ ਤੋਂ ਬਾਹਰ ਹੋ ਜਾਵੇਗਾ। ਮੈਂ ਉਸ ਦੀ ਵਾਈਨ ਅਤੇ ਸ਼ੈਂਪੇਨ 'ਤੇ 200 ਫੀਸਦੀ ਟੈਰਿਫ ਲਗਾਵਾਂਗਾ ਅਤੇ ਉਹ ਸ਼ਾਂਤੀ ਬੋਰਡ ਵਿਚ ਸ਼ਾਮਲ ਹੋ ਜਾਵੇਗਾ, ਪਰ ਉਸ ਦਾ ਸ਼ਾਮਲ ਹੋਣਾ ਹੁਣ ਜ਼ਰੂਰੀ ਨਹੀਂ।

CMYK

## ਪੰਜਾਬ ਦੇ ਲੋਕ 2027 'ਚ ਕਾਂਗਰਸ ਦੀ ਸਰਕਾਰ ਚਾਹੁੰਦੇ ਹਨ : ਯੂਥ ਆਗੂ ਡੀਪੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਕਾਂਗਰਸ ਪਾਰਟੀ ਦੇ ਯੂਥ ਆਗੂ ਧਰਮਪਾਲ ਸਿੰਘ ਡੀਪੀ ਨੇ ਵਿਸ਼ੇਸ਼ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਸੂਬੇ ਅੰਦਰ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਮਜ਼ਬੂਤ ਸਥਿਤੀ ਵਿੱਚ ਹੈ ਤੇ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਮਨ ਬਣਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਹਰ ਇੱਕ ਦੀ ਜ਼ੁਬਾਨ 'ਤੇ ਕਾਂਗਰਸ ਪਾਰਟੀ ਦਾ ਨਾਮ ਹੈ, ਜੋ ਇਸ ਗੱਲ ਦਾ ਸਾਫ਼ ਸਬੂਤ ਹੈ ਕਿ ਲੋਕਾਂ ਦਾ ਭਰੋਸਾ ਮੁੜ ਕਾਂਗਰਸ ਵੱਲ ਵਧ ਰਿਹਾ ਹੈ।ਧਰਮਪਾਲ ਸਿੰਘ ਡੀਪੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਬਦਲਾਅ ਦੇ ਨਾਂ 'ਤੇ ਆਪ ਪਾਰਟੀ ਦੇ ਗੁੰਮਰਾਹਕੁੰਨ ਪ੍ਰਚਾਰ ਵਿੱਚ ਫਸ ਕੇ ਉਨ੍ਹਾਂ ਨੂੰ ਸੱਤਾ ਸੌਂਪ ਦਿੱਤੀ ਸੀ, ਪਰ ਅੱਜ ਪੰਜਾਬ ਦਾ ਹਰ ਵਰਗ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਿਹਾ ਹੈ।ਉਨ੍ਹਾਂ ਆਖਿਆ ਕਿ ਆਪ ਸਰਕਾਰ ਨੇ ਨਾ ਤਾਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਹਨ ਤੇ ਨਾ ਹੀ ਪੰਜਾਬ ਦੀ ਅਰਥਵਿਵਸਥਾ, ਕਿਸਾਨੀ, ਵਪਾਰ ਤੇ ਨੌਜਵਾਨਾਂ ਦੇ ਰੋਜ਼ਗਾਰ ਲਈ ਕੋਈ ਢੁੱਕਵਾਂ ਕਦਮ ਚੁੱਕਿਆ ਹੈ।ਯੂਥ ਆਗੂ ਨੇ ਕਿਹਾ ਕਿ ਨੌਜਵਾਨ ਵਰਗ, ਜੋ ਆਪ ਪਾਰਟੀ ਦਾ ਸਭ ਤੋਂ ਵੱਡਾ ਸਮਰਥਕ ਬਣ ਕੇ ਸਾਹਮਣੇ ਆਇਆ ਸੀ, ਅੱਜ ਸਭ ਤੋਂ ਵੱਧ ਨਿਰਾਸ਼ ਹੈ।ਨਸ਼ਿਆਂ, ਬੇਰੁਜ਼ਗਾਰੀ ਤੇ ਸਿੱਖਿਆ ਦੇ ਮੁੱਦਿਆਂ 'ਤੇ ਆਪ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਾਬਿਤ ਹੋਈ ਹੈ।ਧਰਮਪਾਲ ਸਿੰਘ ਡੀਪੀ ਨੇ ਦਾਅਵਾ ਕੀਤਾ ਕਿ ਆਉਣ ਵਾਲੀਆਂ 2027 ਦੀਆਂ ਚੋਣਾਂ ਵਿੱਚ ਪੰਜਾਬੀ ਆਪ ਪਾਰਟੀ ਦਾ ਸਿਆਸੀ ਬਿਸਤਰਾ ਗੋਲ ਕਰਨ ਲਈ ਤਿਆਰ ਬੈਠੇ ਹਨ ਤੇ ਕਾਂਗਰਸ ਨੂੰ ਮੁੜ ਸੱਤਾ ਵਿੱਚ ਲਿਆਂਦਾ ਜਾਵੇਗਾ।ਅੰਤ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਯੂਥ ਨੂੰ ਨਾਲ ਜੋੜ ਕੇ ਪਿੰਡ-ਪਿੰਡ ਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੇਗੀ ਤੇ 2027 ਵਿੱਚ ਪੰਜਾਬ ਨੂੰ ਇੱਕ ਮਜ਼ਬੂਤ, ਖੁਸ਼ਹਾਲ ਤੇ ਵਿਕਸਿਤ ਸੂਬਾ ਬਣਾਉਣ ਦਾ ਸੰਕਲਪ ਪੂਰਾ ਕਰੇਗੀ।

## ਚਾਈਨਾ ਡੋਰ ਮਨੁੱਖੀ ਜਾਨਾਂ ਲਈ ਘਾਤਕ, ਪ੍ਰਸ਼ਾਸਨ ਵਰਤੇ ਸਖ਼ਤੀ : ਮਿੰਟੂ ਧੂਰੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਮਿੰਟੂ ਧੂਰੀ ਨੇ ਪਤੰਗਬਾਜ਼ੀ ਲਈ ਵਰਤੀ ਜਾਣ ਵਾਲੀ ਜਾਨਲੇਵਾ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ।ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਪੁਲਸ ਤੇ ਸਿਵਲ ਪ੍ਰਸ਼ਾਸਨ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਇਸ ਖ਼ਤਰਨਾਕ ਡੋਰ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਕੀਮਤੀ ਮਨੁੱਖੀ ਜਾਨਾਂ ਤੇ ਬੇਗੁਨਾਹ ਪੰਛੀਆਂ ਨੂੰ ਬਚਾਇਆ ਜਾ ਸਕੇ।ਮਿੰਟੂ ਧੂਰੀ ਨੇ ਕਿਹਾ ਕਿ ਚਾਈਨਾ ਡੋਰ (ਪਲਾਸਟਿਕ ਡੋਰ) ਅੱਜਕੱਲ੍ਹ ਮੌਤ ਦਾ ਜਾਲ ਬਣ ਚੁੱਕੀ ਹੈ। ਹਰ ਸਾਲ ਇਸ ਡੋਰ ਕਾਰਨ ਅਨੇਕਾਂ ਰਾਹਗੀਰਾਂ ਦੇ ਗਲੇ ਕੱਟਣ, ਅੱਖਾਂ ਦੀ ਰੌਸ਼ਨੀ ਜਾਣ ਤੇ ਹੋਰ ਗੰਭੀਰ ਹਾਦਸੇ ਵਾਪਰਨ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ।ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰ ਵੱਲੋਂ ਇਸ 'ਤੇ ਪਾਬੰਦੀ ਲਗਾਈ ਗਈ ਹੈ, ਪਰ ਕੁਝ ਲਾਲਚੀ ਦੁਕਾਨਦਾਰਾਂ ਵੱਲੋਂ ਚੋਰੀ-ਛਿਪੇ ਇਸ ਦੀ ਵਿਕਰੀ ਜਾਰੀ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ।ਉਨ੍ਹਾਂ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੇ ਗੈਰ-ਕਾਨੂੰਨੀ ਵਿਕਰੇਤਾਵਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਦਿਆਂ ਜੇਲ੍ਹ ਭੇਜਿਆ ਜਾਵੇ।ਉਨ੍ਹਾਂ ਕਿਹਾ ਕਿ ਇਹ ਡੋਰ ਨਾ ਸਿਰਫ਼ ਇਨਸਾਨਾਂ ਸਗੋਂ ਅਸਮਾਨ ਵਿੱਚ ਉੱਡਦੇ ਪੰਛੀਆਂ ਲਈ ਵੀ ਜਾਨਲੇਵਾ ਸਾਬਿਤ ਹੋ ਰਹੀ ਹੈ।ਅਕਸਰ ਦੇਖਿਆ ਜਾਂਦਾ ਹੈ ਕਿ ਇਸ ਡੋਰ ਵਿੱਚ ਫਸ ਕੇ ਸੈਂਕੜੇ ਪੰਛੀ ਆਪਣੀ ਜਾਨ ਗੁਆ ਬੈਠਦੇ ਹਨ ਜਾਂ ਸਾਰੀ ਉਮਰ ਲਈ ਅਪਾਹਜ ਹੋ ਜਾਂਦੇ ਹਨ।ਮਿੰਟੂ ਧੂਰੀ ਨੇ ਸਮੂਹ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਵਿੱਚ ਸਾਥ ਦੇਣ ਦਾ ਸੱਦਾ ਦਿੱਤਾ।

## ਚਾਈਲਡ ਹੈਲਪਲਾਈਨ 1098 'ਤੇ ਪ੍ਰਾਪਤ ਸ਼ਿਕਾਇਤ ਦੇ ਅਧਾਰ 'ਤੇ ਕੀਤੀ ਵਿਸ਼ੇਸ਼ ਚੈਕਿੰਗ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਚਾਈਲਡ ਹੈਲਪਲਾਈਨ ਨੰਬਰ 1098 'ਤੇ ਪ੍ਰਾਪਤ ਸ਼ਿਕਾਇਤ ਦੇ ਅਨੁਸਾਰ ਜਾਮਾ ਮਸਜਿਦ ਨੇੜੇ ਭੀਖ ਮੰਗਦੇ ਬੱਚਿਆਂ ਦੀ ਜਾਣਕਾਰੀ ਮਿਲਣ ਉਪਰੰਤ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਬੱਚਿਆਂ ਦੀ ਸੁਰੱਖਿਆ ਅਤੇ ਬਾਲ ਭਿੱਖਿਆ ਦੀ ਰੋਕਥਾਮ ਲਈ ਚਲਾਏ ਜਾ ਰਹੇ ਪ੍ਰੋਜੈਕਟ ਜੀਵਨਜੋਤ 2.0 ਤਹਿਤ ਵਿਸ਼ੇਸ਼ ਚੈਕਿੰਗ ਕੀਤੀ ਗਈ।ਬਾਲ ਸੁਰੱਖਿਆ ਅਫਸਰ ਮੁਬੀਨ ਕੁਰੇਸ਼ੀ ਨੇ ਦੱਸਿਆ ਕਿ ਲੋਹਾ ਬਜ਼ਾਰ ਨੇੜੇ ਜਾਮਾ ਮਸਜਿਦ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਟੀਮ ਵੱਲੋਂ ਗਹਿਰਾਈ ਨਾਲ ਜਾਂਚ ਕੀਤੀ ਗਈ।ਚੈਕਿੰਗ ਦਾ ਮੁੱਖ ਉਦੇਸ਼ ਜਨਤਕ ਥਾਵਾਂ 'ਤੇ ਬਾਲ ਭਿੱਖਿਆ ਦੀ ਸਥਿਤੀ ਦੀ ਜਾਂਚ ਕਰਨਾ ਅਤੇ ਬੱਚਿਆਂ ਨੂੰ ਭੀਖ ਮੰਗਣ ਵਰਗੀ ਸਮੱਸਿਆ ਤੋਂ ਬਚਾਉਣਾ ਸੀ।ਇਸ ਚੈਕਿੰਗ ਦੌਰਾਨ ਲੋਹਾ ਬਜ਼ਾਰ, ਜਾਮਾ ਮਸਜਿਦ ਦੇ ਮੁੱਖ ਦਰਵਾਜ਼ਿਆਂ ਅਤੇ ਨੇੜਲੇ ਇਲਾਕਿਆਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਗਈ।ਇਸ ਦੌਰਾਨ ਟੀਮ ਵੱਲੋਂ ਮੌਕੇ 'ਤੇ ਮੌਜੂਦ ਦੁਕਾਨਦਾਰਾਂ, ਰਾਹਗੀਰਾਂ ਅਤੇ ਸਥਾਨਕ ਲੋਕਾਂ ਨੂੰ ਬਾਲ ਭਿੱਖਿਆ ਦੇ ਨੁਕਸਾਨਾਂ ਅਤੇ ਬੱਚਿਆਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਗਿਆ।ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜੇ ਕਿਤੇ ਵੀ ਬਾਲ ਭਿੱਖਿਆ ਨਾਲ ਸੰਬੰਧਤ ਕੋਈ ਮਾਮਲਾ ਨਜ਼ਰ ਆਵੇ ਤਾਂ ਤੁਰੰਤ ਸੰਬੰਧਤ ਵਿਭਾਗ ਜਾਂ ਚਾਈਲਡ ਹੈਲਪਲਾਈਨ 1098 'ਤੇ ਸੂਚਿਤ ਕੀਤਾ ਜਾਵੇ।ਇਸ ਮੌਕੇ ਪੁਲਸ ਵਿਭਾਗ ਤੋਂ ਬਲਵੀਰ ਸਿੰਘ, ਕੌਂਸਲਰ ਰਵਿੰਦਰ ਕੌਰ, ਸੁਪਰਵਾਈਜ਼ਰ ਰਜਨੀ ਰਾਣੀ, ਕੇਸ ਵਰਕਰ ਚਾਈਲਡ ਲਾਈਨ ਇਮਤਿਹਾਜ, ਮੀਡੀਆ ਸਹਾਇਕ ਪਰਗਟ ਸਿੰਘ ਸਮੇਤ ਬਾਲ ਸੁਰੱਖਿਆ ਵਿਭਾਗ ਦੇ ਹੋਰ ਅਧਿਕਾਰੀ ਹਾਜ਼ਰ ਸਨ।

## ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਬ ਡਵੀਜ਼ਨ ਮਹਿਲ ਕਲਾਂ 'ਚ ਗਣਤੰਤਰ ਦਿਵਸ ਨੂੰ ਪੂਰੇ ਉਤਸ਼ਾਹ ਨਾਲ ਮਨਾਉਣ ਲਈ ਤਿਆਰੀਆਂ ਜ਼ੋਰਾਂ 'ਤੇ ਹਨ।ਇਸ ਲੜੀ ਤਹਿਤ ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਗਣਤੰਤਰ ਦਿਵਸ ਸਮਾਰੋਹ ਦੀ ਪਹਿਲੀ ਰਿਹਰਸਲ ਕਰਵਾਈ ਗਈ, ਜਿਸ ਦਾ ਨਿਰੀਖਣ ਤਹਿਸੀਲਦਾਰ ਰਵਿੰਦਰ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਸਬ ਡਵੀਜ਼ਨ ਮਹਿਲ ਕਲਾਂ ਦੇ 12 ਵੱਖ-ਵੱਖ ਸਕੂਲਾਂ ਤੋਂ ਲਗਭਗ ਸੌ ਵਿਦਿਆਰਥੀਆਂ ਨੇ ਭਾਗ ਲਿਆ।ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਦੇਸ਼ ਭਗਤੀ ਤੇ ਸੱਭਿਆਚਾਰਕ ਵੰਨਗੀਆਂ ਦੀ ਚੋਣ ਲਈ ਬਣਾਈ ਗਈ ਸੱਭਿਆਚਾਰਕ ਕਮੇਟੀ ਨੇ ਆਪਣੀ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਈ।ਸੱਭਿਆਚਾਰਕ ਕਮੇਟੀ ਦੇ ਕਨਵੀਨਰ ਕੁਲਦੀਪ ਸਿੰਘ ਕਮਲ ਨੇ ਵਿਦਿਆਰਥੀਆਂ ਦੀ ਅਨੁਸ਼ਾਸਨ ਤੇ ਰਿਹਰਸਲ ਦੌਰਾਨ ਸਾਰੇ ਪ੍ਰਬੰਧਾਂ ਦੀ ਜਾਂਚ ਕੀਤੀ।ਤਹਿਸੀਲਦਾਰ ਰਵਿੰਦਰ ਸਿੰਘ ਨੇ ਰਿਹਰਸਲ ਦੌਰਾਨ ਸਕੂਲ ਪ੍ਰਬੰਧਕਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦੀ ਮਿਹਨਤ ਦੀ ਸ਼ਲਾਘਾ ਕੀਤੀ।

## ਐੱਨ ਸੀ ਸੀ ਕੈਡਿਟਾਂ ਦੀ 'ਏ' ਸਰਟੀਫਿਕੇਟ ਲਈ ਪ੍ਰੀਖਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦੇ 3 ਪੀ. ਬੀ. ਨੇਵਲ ਯੂਨਿਟ ਬਠਿੰਡਾ ਦੇ ਅਧੀਨ ਐੱਨ.ਸੀ.ਸੀ. ਕੈਡਿਟ 'ਏ' ਸਰਟੀਫਿਕੇਟ (ਸੈਸ਼ਨ 2025-26) ਦੀ ਪ੍ਰੀਖਿਆ ਦਾ ਇਸ ਸਾਲ ਆਯੋਜਨ ਕੈਪਟਨ ਈਸ਼ਰਾਜ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਗਿਆ।ਪ੍ਰੀਖਿਆ ਦੇ ਤਹਿਤ ਕੈਡਿਟਾਂ ਦਾ ਮੁਲਾਂਕਣ ਨਿਰਧਾਰਤ ਮਾਪਦੰਡਾਂ ਲਈ ਲਿਖਤੀ ਤੇ ਪ੍ਰੈਕਟੀਕਲ ਪ੍ਰੀਖਿਆ ਦੇ ਅਨੁਸਾਰ ਕੀਤਾ ਗਿਆ।ਪ੍ਰੈਕਟੀਕਲ ਪ੍ਰੀਖਿਆ ਵਿੱਚ ਕੈਡਿਟਾਂ ਕੋਲੋਂ ਡਰਿੱਲ, ਸੀਮੈਨਸ਼ਿਪ, ਵੈਪਨ ਟ੍ਰੇਨਿੰਗ, ਸੇਮਾਫੋਰ ਤੇ ਸ਼ਿਪ ਮਾਡਲਿੰਗ ਨਾਲ ਸਬੰਧਤ ਅਭਿਆਸ ਕਰਵਾਏ ਗਏ।ਸਾਰੇ ਕੈਡਿਟਾਂ ਨੇ ਪੂਰੇ ਅਨੁਸ਼ਾਸਨ, ਆਤਮਵਿਸ਼ਵਾਸ ਤੇ ਉਤਸ਼ਾਹ ਨਾਲ ਪ੍ਰੀਖਿਆ ਵਿੱਚ ਭਾਗ ਲਿਆ।ਇਸ ਮੌਕੇ ਐੱਨ.ਸੀ.ਸੀ. ਸੀ.ਟੀ.ਓ. ਦੀਦੀ ਮੋਹਦੀਪ ਕੈਡਿਟਸ ਦੇ ਨਾਲ ਮੌਜੂਦ ਰਹੇ।ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਤੇ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼, ਮੈਨੇਜਰ ਗੁਰਪ੍ਰੀਤ ਸਿੰਘ ਨੇ ਐੱਨ.ਸੀ.ਸੀ. ਯੂਨਿਟ ਦੁਆਰਾ ਪ੍ਰੀਖਿਆ ਦੇ ਸਫ਼ਲ ਆਯੋਜਨ 'ਤੇ ਤਸੱਲੀ ਪ੍ਰਗਟਾਈ ਤੇ ਕੈਡਿਟਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਟ੍ਰੈਫਿਕ ਪੁਲਸ ਵੱਲੋਂ ਅੱਖਾਂ ਦਾ ਚੈੱਕਅੱਪ ਕੈਂਪ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਟ੍ਰੈਫਿਕ ਪੁਲਸ ਸੁਨਾਮ ਦੇ ਇੰਚਾਰਜ ਏਐੱਸਆਈ ਨਿਰਭੈ ਸਿੰਘ ਵੱਲੋਂ 37ਵਾਂ ਸੜਕ ਸੁਰੱਖਿਆ ਮਹੀਨਾ ਦੌਰਾਨ ਬਸੰਤ ਹਸਪਤਾਲ ਦੇ ਡਾਕਟਰ ਮਾਨਸੀ ਜਿੰਦਲ ਦੇ ਸਹਿਯੋਗ ਨਾਲ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ।ਇਸ ਮੌਕੇ ਬਸੰਤ ਹਸਪਤਾਲ ਵੱਲੋਂ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਰੋਡ ਸੇਫਟੀ ਐਡਵਾਈਜ਼ਰ ਪੰਕਜ ਅਰੋੜਾ ਵੀ ਪਹੁੰਚੇ।ਇਸ ਮੌਕੇ ਟ੍ਰੈਫਿਕ ਪੁਲਸ ਇੰਚਾਰਜ ਏਐੱਸਆਈ ਨੇ ਨਿਰਭੈ ਸਿੰਘ, ਏਐੱਸਆਈ ਦਿਲਬਾਗ ਸਿੰਘ, ਰੋਡ ਸੇਫਟੀ ਮੈਂਬਰ ਸੁਖਦੇਵ ਸਿੰਘ ਭੱਟੀ, ਮੋਹਨਜੀਤ ਸਿੰਘ ਬਾਵਾ, ਗੁਰਪਿਆਰ ਸਿੰਘ ਵੀ ਪਹੁੰਚੇ।

# ਸੀ ਪੀ ਆਈ ਮਾਲੇਰਕੋਟਲਾ ਦੀ ਜ਼ਿਲ੍ਹਾ ਕੌਂਸਲ ਮੀਟਿੰਗ

### ਕੇਂਦਰ ਦੀ ਭਾਜਪਾ ਸਰਕਾਰ ਮਿਹਨਤਕਸ਼ ਜਨਤਾ ਵਿਰੋਧੀ ਫ਼ੈਸਲੇ ਲੈ ਰਹੀ : ਬੂਲਾਪੁਰ



**ਮਾਲੇਰਕੋਟਲਾ** : ਸੀ ਪੀ ਆਈ ਮਾਲੇਰਕੋਟਲਾ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਕਾ. ਸੁਰਿੰਦਰ ਕੁਮਾਰ ਭੈਣੀ ਕਲਾਂ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਕਮਲ ਸਿਨੇਮਾ ਰੋਡ ਮਾਲੇਰਕੋਟਲਾ ਵਿਖੇ ਹੋਈ।ਮੀਟਿੰਗ ਵਿੱਚ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਤੇ ਕਸ਼ਮੀਰ ਸਿੰਘ ਗਦਾਈਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਕਾ. ਭਰਪੂਰ ਸਿੰਘ ਬੂਲਾਪੁਰ ਨੇ ਕਿਹਾ ਕਿ ਕੇਂਦਰ ਦੀ ਬੀ ਜੇ ਪੀ ਸਰਕਾਰ ਨੇ ਆਪਣੇ ਬਣਾਏ ਚੋਣ ਕਮਿਸ਼ਨਰ ਰਾਹੀਂ ਵੋਟਾਂ ਦੀ ਵਿਸ਼ੇਸ਼ ਸੋਧਾਈ ਕਰਨ ਦੇ ਬਹਾਨੇ 65 ਲੱਖ ਵੋਟਾਂ ਕੱਟ ਕੇ ਵੋਟਾਂ ਤੋਂ ਦੋ ਮਹੀਨੇ ਪਹਿਲਾਂ ਸਵਾ ਕਰੋੜ ਬੀਬੀਆਂ ਨੂੰ 10-10 ਹਜ਼ਾਰ ਰੁਪਏ ਉਹਨਾਂ ਦੇ ਖਾਤਿਆਂ ਵਿੱਚ ਪਾ ਕੇ ਬਿਹਾਰ ਵਿੱਚ ਜਿੱਤ ਪ੍ਰਾਪਤ ਕਰ ਲਈ ਹੈ।ਬਿਹਾਰ ਦੀਆਂ ਵੋਟਾਂ ਵਿੱਚ ਜਿੱਤਣ ਤੋਂ ਪਿੱਛੋਂ ਸਮੁੱਚੀ ਮਿਹਨਤਕਸ਼ ਜਨਤਾ ਦੇ ਵਿਰੋਧੀ ਫ਼ੈਸਲੇ ਲੈ ਰਹੀ ਹੈ। ਜਿਵੇਂ 21 ਨਵੰਬਰ 25 ਨੂੰ 29 ਕਿਰਤ ਕਾਨੂੰਨਾਂ, ਜੋ ਮਜ਼ਦੂਰ ਜਥੇਬੰਦੀਆਂ ਨੇ ਕੁਰਬਾਨੀਆਂ ਦੇ ਕੇ ਬਣਵਾਏ ਸੀ, ਨੂੰ ਖ਼ਤਮ ਕਰਕੇ 4 ਲੇਬਰ ਕੋਡਾਂ ਵਿੱਚ ਬਦਲ ਕੇ ਲਾਗੂ ਕਰ ਰਹੀ ਹੈ। ਮਨਰੇਗਾ ਕਾਨੂੰਨ ਨੂੰ ਨਾਮ ਬਦਲੀ ਦਾ ਬਹਾਨਾ ਬਣਾ ਕੇ ਉਸ 'ਚ ਮਜ਼ਦੂਰ ਵਿਰੋਧੀ ਸੋਧਾਂ ਕਰ ਦਿੱਤੀਆਂ ਹਨ।ਕੁਲ ਬੱਜਟ ਜੋ ਪਹਿਲਾਂ ਕੇਂਦਰ 90 ਪ੍ਰਤੀਸ਼ਤ ਪੈਸਾ ਦਿੰਦਾ ਸੀ, ਉਸ ਨੂੰ ਘਟਾ ਕੇ 60 ਕੇਂਦਰ ਅਤੇ 40 ਪ੍ਰਤੀਸ਼ਤ ਸੂਬਾ ਸਰਕਾਰਾਂ ਸਿਰ ਮੜ੍ਹ ਦਿੱਤਾ ਹੈ।ਕੰਮ ਦੇ ਦਿਨ 125 ਕਰਨ ਦਾ ਢੌਂਗ ਡਰਾਮਾ ਕਰਨ ਲੱਗ ਪਈ ਹੈ। ਅਸਲ ਵਿੱਚ ਨਰੇਗਾ ਕੰਮ ਮਜ਼ਦੂਰਾਂ ਤੋਂ ਖੋਹ ਲਿਆ ਹੈ। ਬਿਜਲੀ ਦਾ ਨਿੱਜੀਕਰਨ ਕਰਨ ਦਾ ਖਰੜਾ ਸੂਬਾ ਸਰਕਾਰਾਂ ਨੂੰ ਭੇਜਿਆ ਹੋਇਆ ਹੈ।ਬਿਜਲੀ ਬਿੱਲ 2026 ਪਾਸ ਕਰਨ ਲਈ ਤਿਆਰ ਹੈ। ਖੇਤੀਬਾੜੀ ਲਈ ਵਰਤਿਆ ਜਾਣ ਵਾਲਾ ਬੀਜ ਬਿੱਲ 2026 ਵੀ ਏਜੰਡੇ ਵਿੱਚ ਹੈ। ਅੰਤਰਰਾਸ਼ਟਰੀ ਪੱਧਰ 'ਤੇ ਵੀ ਕਾਫੀ ਬਖੇੜਾ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਕੀਤਾ ਹੋਇਆ ਹੈ। ਵੈਨੇਜ਼ੁਏਲਾ 'ਤੇ ਕਬਜ਼ਾ ਕਰ ਕੇ ਉੱਥੋਂ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਤੇ ਉਸ ਦੀ ਪਤਨੀ ਨੂੰ ਬੰਦੀ ਬਣਾ ਕੇ ਧੌਂਸ ਦੀ ਰਾਜਨੀਤੀ ਕਰ ਦਿੱਤੀ ਹੈ। ਹੁਣ ਗਰੀਨਲੈਂਡ 'ਤੇ ਕਬਜ਼ੇ ਕਰਨ ਦੀ ਤਿਆਰੀ ਕਰ ਲਈ ਹੈ। ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪੀ ਧਾਰੀ ਬੈਠਾ ਹੈ। ਜਦੋਂ ਕਿ ਛੋਟੇ -ਛੋਟੇ ਦੇਸ਼ ਦੇ ਮੁਖੀ ਅਮਰੀਕਾ ਵਿਰੁੱਧ ਬੋਲ ਰਹੇ ਹਨ। ਮੀਟਿੰਗ ਵਿੱਚ 15 ਮੈਂਬਰੀ ਜ਼ਿਲ੍ਹਾ ਕਾਰਜਕਾਰਨੀ ਚੁਣੀ ਗਈ। ਦੋਵੇਂ ਸਹਾਇਕ ਸਕੱਤਰ ਮੁਹੰਮਦ ਖ਼ਲੀਲ ਅਤੇ ਦਿਨੇਸ਼ ਭਰਤਵਾਜ ਨੇ ਕਮੇਟੀ ਦੀ ਚੋਣ ਕੀਤੀ। ਕਾ. ਪਿਆਰਾ ਲਾਲ, ਗੋਬਿੰਦ ਕਾਂਤ ਝਾਅ, ਮਜੀਬ ਉਰ ਰਹਿਮਾਨ, ਪਰਦੱਮਣ ਸਿੰਘ ਬਾਗੜੀਆਂ, ਚਮਕੌਰ ਸਿੰਘ ਮੁਹਾਲਾ, ਅਲੀ ਮੁਹੰਮਦ ਬੁਰਜ, ਨਰਿੰਦਰ ਕੁਮਾਰ, ਆਸਾ ਸਿੰਘ, ਬਲਦੇਵ ਸਿੰਘ ਸਰਬਜੀਤ ਸਿੰਘ ਰਾਟੋਲਾ, ਜਗਦੇਵ ਸਿੰਘ ਆਦਿ ਆਗੂਆਂ ਨੇ ਸਰਬਸੰਮਤੀ ਨਾਲ ਚੋਣ ਕੀਤੀ।12 ਫਰਵਰੀ 26 ਦੀ ਦੇਸ਼ ਵਿਆਪੀ ਹੜਤਾਲ ਦੀ ਪੂਰੀ ਤਿਆਰੀ ਲਈ ਤਿੰਨੇ ਤਹਿਸੀਲਾਂ ਮੀਟਿੰਗ ਪਿੰਡਾਂ 'ਚ ਕਰਵਾ ਕੇ ਤਿਆਰੀ ਕਰਵਾਉਣਗੀਆਂ।12 ਫਰਵਰੀ ਨੂੰ ਮਾਲੇਰਕੋਟਲਾ ਵਿਖੇ ਵੱਡੀ ਰੋਸ ਰੈਲੀ ਕੀਤੀ ਜਾਵੇਗੀ। ਨਗਰ ਕੌਂਸਲ ਮਾਲੇਰਕੋਟਲਾ ਦੀਆਂ ਚੋਣਾਂ ਵਿੱਚ ਵੀ ਪਾਰਟੀ ਕਈ ਸੀਟਾਂ 'ਤੇ ਚੋਣ ਲੜੇਗੀ।

## ਕਾਰ ਦਾ ਸੰਤੁਲਨ ਵਿਗੜਨ ਕਾਰਨ ਡਰਾਈਵਰ ਸਮੇਤ 2 ਦੀ ਮੌਤ



**ਬੁਢਲਾਡਾ (ਰੀਤਵਾਲ)**-ਇਥੋਂ ਨਜ਼ਦੀਕ ਪਿੰਡ ਕਲੀਪੁਰ ਤੇ ਰਾਮਪੁਰ ਮੰਡੇਰ ਵਿਚਕਾਰ ਤੇਜ਼ ਰਫਤਾਰ ਮਾਰੂਤੀ ਕਾਰ ਦਾ ਸੰਤੁਲਨ ਵਿਗੜਣ ਕਾਰਨ ਡਰਾਈਵਰ ਸਮੇਤ 2 ਵਿਅਕਤੀਆਂ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਦਿਲਸ਼ਾਨ (45), ਜੋ ਕਿ ਯੂ. ਪੀ. ਦਾ ਰਹਿਣ ਵਾਲਾ ਸੀ, ਦੀ ਕਾਰ ਖਰਾਬ ਹੋ ਗਈ ਸੀ ਜਿੱਥੇ ਉਹ ਮਕੈਨਿਕ ਸੁਖਦੀਪ ਸਿੰਘ (20) ਵਾਸੀ ਵਾਰਡ ਨੰ. 4 ਬੁਢਲਾਡਾ ਨਾਲ ਬੋਹਾ ਤੋਂ ਇਕ ਕੱਵਾੜ ਦੀ ਦੁਕਾਨ ਤੋਂ ਸਪੇਅਰ ਪਾਰਟਸ ਲੈਣ ਗਿਆ ਤਾਂ ਵਾਪਸੀ ਦੌਰਾਨ ਕਾਰ ਦਾ ਸੰਤੁਲਨ ਵਿਗੜਨ ਕਾਰਨ ਕਾਰ ਦਰੱਖਤ ਵਿੱਚ ਜਾ ਟਕਰਾਈ। ਜਿੱਥੇ ਰਾਹਗੀਰਾਂ ਨੇ ਉਪਰੋਕਤ ਦੋਵੇਂ ਜ਼ਖਮੀਆਂ ਨੂੰ ਸਰਕਾਰੀ ਹਸਪਤਾਲ ਬੁਢਲਾਡਾ 'ਚ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਦੋਵੇਂ ਜ਼ਖਮੀਆਂ ਨੂੰ ਮ੍ਰਿਤਕ ਘੋਸ਼ਿਤ ਕਰਾਰ ਦਿੱਤਾ।ਸਿਟੀ ਪੁਲਸ ਵੱਲੋਂ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਲਾਸ਼ਾਂ ਨੂੰ ਪੋਸਟ ਮਾਰਟਮ ਲਈ ਮੁਰਦਾ ਘਰ ਵਿੱਚ ਰੱਖ ਦਿੱਤਾ ਗਿਆ ਹੈ।

## ਫੋਟੀਫਾਈਡ ਚਾਵਲ ਮਿੱਲਰਜ਼ ਲਈ ਬਣੇ ਜੀਅ ਦਾ ਜੰਜਾਲ : ਤਰਸੇਮ ਗੋਇਲ



**ਜੈਤੋ (ਸਤੀਸ਼ ਕੁਮਾਰ ਭੀਗੀ)**-ਪੰਜਾਬ ਦੇ ਸ਼ੈਲਰ ਮਾਲਕ ਬਹੁਤ ਵੱਡੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ, ਜਿਸ ਦਾ ਪੰਜਾਬ ਸਰਕਾਰ ਨੂੰ ਪਤਾ ਹੈ ਜਾਂ ਜਾਣ ਬੁੱਝ ਕੇ ਕੁੰਭਕਰਨੀ ਨੀਂਦ ਵਿੱਚ ਹੈ, ਇਹ ਤਾਂ ਸਰਦਾਰ ਭਗਵੰਤ ਸਿੰਘ ਮਾਨ ਹੀ ਦੱਸ ਸਕਦੇ ਹਨ।ਪੱਤਰਕਾਰਾਂ ਨੂੰ ਜਾਰੀ ਪ੍ਰੈੱਸ ਨੋਟ ਵਿੱਚ ਮਿੱਲਰਜ਼ ਤਰਸੇਮ ਗੋਇਲ ਨੇ ਦੱਸਿਆ ਕਿ ਪਹਿਲਾਂ ਸ਼ੈੱਲਰ ਮਾਲਕਾਂ ਨੇ ਮੋਟੀ ਰਿਸ਼ਵਤ ਦੇ ਕੇ ਫੋਟੀਫਾਇਡ ਚਾਵਲ ਥੋੜ੍ਹੀ ਥੋੜ੍ਹੀ ਮਾਤਰਾ ਵਿੱਚ ਹਾਸਲ ਕੀਤਾ, ਜਿਸ ਨਾਲ ਕੁੱਝ ਕੁ ਸੈਂਟਰਾਂ 'ਤੇ ਕੰਮ ਚੱਲ ਪਿਆ ਸੀ, ਪਰ ਸਰਕਾਰ ਨੇ ਇਸ ਫੋਟੀਫਾਈਡ ਦੇ ਕਾਰੋਬਾਰ ਵਿੱਚ ਪਨਗਰੇਨ ਵਿਭਾਗ ਦੀ ਸ਼ਮੂਲੀਅਤ ਕਰਕੇ ਸ਼ੈਲਰ ਮਾਲਕਾਂ ਦੀ ਰਿਸ਼ਵਤ ਦਿੱਤੇ ਬਗੈਰ ਕੋਈ ਸੁਣਵਾਈ ਨਹੀਂ ਹੋ ਰਹੀ।

ਸਰਕਾਰ ਵੱਲੋਂ ਹੁਣ ਮਿੱਲਰਜ਼ ਨੂੰ 10% ਚਾਵਲ ਤਿਆਰ ਕਰਨ ਲਈ ਕਹਿਣ ਕਰਕੇ ਸ਼ੈਲਰ ਇੰਡਸਟਰੀ ਵਿੱਚ ਹਫੜਾ-ਦਫੜੀ ਮੱਚ ਗਈ ਹੈ।ਜਦੋਂ ਇਸ ਸਬੰਧੀ ਪੱਖ ਲੈਣ ਲਈ ਸਹਾਇਕ ਫੂਡ ਸਪਲਾਈ ਅਫ਼ਸਰ ਜੈਤੋ ਹਰਪ੍ਰੀਤ ਸਿੰਘ ਧਾਲੀਵਾਲ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਫੋਨ ਚੁੱਕਣਾ ਮੁਨਾਸਬ ਨਹੀਂ ਸਮਝਿਆ ਤੇ ਫਿਰ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਫਰੀਦਕੋਟ ਗੁਰਜੀਤ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਫੋਟੀਫਾਇਡ ਚਾਵਲ ਲਈ ਮਿੱਲਰਜ਼ ਵੱਲੋਂ ਲਗਾਏ ਜਾ ਰਹੇ ਰਿਸ਼ਵਤ ਲੈਣ ਦੇ ਇਲਜ਼ਾਮ ਝੂਠੇ ਤੇ ਬੇਬੁਨਿਆਦ ਹਨ।ਇਸ ਤੋਂ ਬਾਅਦ ਚੱਕੇ ਦੇਣ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਅਧਿਕਾਰੀਆਂ 'ਤੇ ਲਾਏ ਗਏ ਰਿਸ਼ਵਤਖੋਰੀ ਦੇ ਗੰਭੀਰ ਇਲਜ਼ਾਮ ਕੇ ਐੱਫ ਸੀ ਆਈ ਦੇ ਅਧਿਕਾਰੀ ਇੱਕ ਇੱਕ ਚੱਠੇ ਦੀ 10 ਹਜ਼ਾਰ ਰੁਪਏ ਰਿਸ਼ਵਤ ਲੈ ਕੇ ਆਪਣੇ ਚਹੇਤਿਆਂ ਨੂੰ ਪਹਿਲ ਦੇ ਰਹੇ ਹਨ ਤੇ ਅਫ਼ਸਰ ਇਨ੍ਹਾਂ ਨੂੰ ਡਿੱਪੂਆਂ ਵਿੱਚ ਚੱਕੇ ਵੀ ਪਹਿਲ ਦੇ ਆਧਾਰ 'ਤੇ ਦੇਣ ਲੱਗ ਪਏ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼ੈਲਰ ਮਾਲਕ ਤੇ ਪੱਤਰਕਾਰ ਤਰਸੇਮ ਗੋਇਲ ਨੇ ਮੰਗ ਕਰਦਿਆਂ ਕਿਹਾ ਕਿ ਇਹ ਕਾਣੀ ਵੰਡ ਬੰਦ ਕੀਤੀ ਜਾਵੇ, ਚੱਕੇ ਸਭ ਨੂੰ ਬਰਾਬਰ ਬਰਾਬਰ ਵੰਡੇ ਜਾਣ ਭਾਵੇਂ ਕੋਈ ਫੋਟੀਫਾਈਡ ਚਾਵਲ ਲਗਾਵੇ ਜਾਂ ਕੋਈ 10% ਵਾਲੇ ਚਾਵਲ ਤਿਆਰ ਕਰਕੇ ਐੱਫ ਸੀ ਆਈ ਨੂੰ ਦੇਵੇ, ਸਭ ਨੂੰ ਬਰਾਬਰ ਰੱਖਿਆ ਜਾਵੇ। ਇਸ ਸਬੰਧੀ ਪੱਖ ਲੈਣ ਲਈ ਜ਼ਿਲ੍ਹਾ ਮੈਨੇਜਰ ਮਹਾਂਵੀਰ ਸਿੰਘ ਨੂੰ ਫੋਨ ਕੀਤਾ ਤਾਂ ਉਨ੍ਹਾਂ ਕਿਹਾ ਕਿ ਚੱਕੇ ਸੌਫਟਵੇਅਰ ਨਾਲ ਆਪਣੇ ਆਪ ਅਲਾਟ ਹੁੰਦੇ ਹਨ, ਜਿਸ ਵਿੱਚ ਸਾਡਾ ਕੋਈ ਰੋਲ ਨਹੀਂ ਹੈ। ਸੋ ਸਾਡੇ ਉੱਤੇ ਲਾਏ ਜਾ ਰਹੇ ਰਿਸ਼ਵਤ ਦੇ ਇਲਜ਼ਾਮਾਂ ਵਿੱਚ ਕੋਈ ਸਚਾਈ ਨਹੀਂ ਹੈ।

# ਪੁਲਸ ਮੁੱਠਭੇੜ ਦੌਰਾਨ ਭਗੌੜਾ ਹਰਸਿਮਰਨ ਮੰਡ ਗ੍ਰਿਫ਼ਤਾਰ

### ਬੁਲੇਟ-ਪਰੂਫ ਜੈਕੇਟ ਨੇ ਬਚਾਈ ਦੋਰਾਹਾ ਐੱਸ ਐੱਚ ਓ ਦੀ ਜਾਨ



**ਖੰਨਾ/ਪਾਇਲ (ਸੁਖਵਿੰਦਰ ਸਿੰਘ ਭਾਦਲਾ)**-ਐੱਸ ਐੱਸ ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਤੇ ਐੱਸ ਪੀ (ਜਾਂਚ) ਸ੍ਰੀ ਪਵਨਜੀਤ ਦੀ ਅਗਵਾਈ ਹੇਠ ਖੰਨਾ ਪੁਲਸ ਨੇ ਸੰਗਠਿਤ ਅਪਰਾਧੀਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਇਸ ਸਬੰਧੀ ਡੀ.ਐੱਸ.ਪੀ. (ਜਾਂਚ) ਸ੍ਰੀ ਮੋਹਿਤ ਸਿੰਗਲਾ ਤੇ ਡੀ.ਐੱਸ.ਪੀ. ਪਾਇਲ ਸ੍ਰੀ ਜਸਬਿੰਦਰ ਸਿੰਘ ਖਹਿਰਾ ਦੀ ਨਿਗਰਾਨੀ ਹੇਠ ਐੱਸ.ਐੱਚ.ਓ. ਦੋਰਾਹਾ ਇੰਸਪੈਕਟਰ ਆਕਾਸ਼ ਦੱਤ ਤੇ ਇੰਚਾਰਜ ਸੀ.ਆਈ.ਏ. ਐੱਸ ਆਈ ਨਰਪਿੰਦਰਪਾਲ ਦੀ ਅਗਵਾਈ ਵਾਲੀ ਇੱਕ ਪੁਲਸ ਟੀਮ ਨੇ ਐੱਫ.ਆਈ.ਆਰ. ਨੰਬਰ 158, ਮਿਤੀ 10.10.2025 ਵਿੱਚ ਸ਼ਾਮਲ ਮੁਲਜ਼ਮਾਂ ਨੂੰ ਦੋਰਾਹਾ ਪੁਲਸ ਸਟੇਸ਼ਨ ਵਿਖੇ ਧਾਰਾ 109, 111(2) ਬੀ.ਐੱਨ.ਐੱਸ. ਤੇ ਅਸਲਾ ਐਕਟ ਦੀ ਧਾਰਾ 25/54/59 ਅਧੀਨ ਕੇਸ ਦਰਜ ਕੀਤਾ ਗਿਆ ਸੀ।ਮੁੱਖ ਦੋਸ਼ੀ ਹਰਸਿਮਰਨ ਮੰਡ ਵਾਸੀ ਡੇਹਲੋਂ ਆਪਣੇ ਸਾਥੀ ਨਾਲ ਕਾਲੇ ਰੰਗ ਦੀ ਸਕਾਰਪੀਓ ਵਿੱਚ ਘੁੰਮ ਰਿਹਾ ਸੀ।ਰੋਕੇ ਜਾਣ 'ਤੇ ਮੁਲਜ਼ਮਾਂ ਨੇ ਜਾਣਬੁੱਝ ਕੇ ਆਪਣੀ ਗੱਡੀ ਪੁਲਸ ਪਾਰਟੀ ਦੀ ਗੱਡੀ ਵਿੱਚ ਟੱਕਰ ਮਾਰ ਕੇ ਭੱਜਣ ਦੀ ਕੋਸ਼ਿਸ਼ ਕੀਤੀ।ਇਸ ਤੋਂ ਬਾਅਦ ਮੁਲਜ਼ਮ ਹਰਸਿਮਰਨ ਮੰਡ ਨੇ ਪੁਲਸ ਪਾਰਟੀ 'ਤੇ ਤਿੰਨ ਗੋਲੀਆਂ ਚਲਾਈਆਂ।ਗੋਲੀਆਂ ਪੁਲਸ ਗੱਡੀ ਨੂੰ ਲੱਗੀਆਂ ਤੇ ਐੱਸ.ਐੱਚ.ਓ. ਦੋਰਾਹਾ ਦੀ ਛਾਤੀ 'ਤੇ ਵੀ ਲੱਗੀਆਂ, ਜੋ ਬੁਲੇਟ-ਪਰੂਫ ਜੈਕੇਟ ਪਹਿਨਣ ਕਾਰਨ ਬਚ ਗਏ।ਇੰਸਪੈਕਟਰ ਆਕਾਸ਼ ਦੱਤ ਨੇ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਬਹਾਦਰੀ ਦਿਖਾਈ।

ਪੁਲਸ ਪਾਰਟੀ ਵੱਲੋਂ ਸਵੈ-ਰੱਖਿਆ ਵਿੱਚ ਕੀਤੀ ਗਈ ਕਾਰਵਾਈ ਵਿੱਚ ਮੁਲਜ਼ਮ ਹਰਸਿਮਰਨ ਮੰਡ ਦੇ ਹੇਠਲੇ ਅੰਗਾਂ ਵਿੱਚ ਗੋਲੀ ਲੱਗੀ।ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ।ਦੂਜੇ ਮੁਲਜ਼ਮ ਦੀ ਪਛਾਣ ਇਵਨਜੋਤ ਸਿੰਘ ਵਾਸੀ ਰਾੜਾ ਸਾਹਿਬ ਥਾਣਾ ਪਾਇਲ ਵਜੋਂ ਹੋਈ ਹੈ।ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਗੈਰ-ਕਾਨੂੰਨੀ ਪਿਸਤੌਲ ਬਰਾਮਦ ਕੀਤੇ ਗਏ ਹਨ।ਜ਼ਖਮੀ ਮੁਲਜ਼ਮ ਨੂੰ ਤੁਰੰਤ ਐਮਰਜੈਂਸੀ ਡਾਕਟਰੀ ਇਲਾਜ ਲਈ ਹਸਪਤਾਲ ਭੇਜ ਦਿੱਤਾ ਗਿਆ।

ਐੱਸ.ਐੱਸ.ਪੀ. ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਭਗੌੜਾ ਅਪਰਾਧੀ ਨੂੰ ਗ੍ਰਿਫਤਾਰ ਕਰਨ ਵਾਲੇ ਦੋਰਾਹਾ ਦੇ ਐੱਸ.ਐੱਚ.ਓ. ਇੰਸਪੈਕਟਰ ਆਕਾਸ਼ ਦੱਤ ਦੀ ਬਹਾਦਰੀ ਦੀ ਭਰਪੂਰ ਸ਼ਲਾਘਾ ਕੀਤੀ।

## ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਕਾਰਜਕਾਰਨੀ ਦੀ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਮਾਨਸਾ ਕਾਰਜਕਾਰਨੀ ਦੀ ਇੱਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਦੌਰਾਨ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਇਕੱਤਰ ਹੋਈ ਰਾਸ਼ੀ ਲੋੜਵੰਦਾਂ ਤੱਕ ਪਹੁੰਚਾਣ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਦੇ ਨਾਲ ਹੀ ਭਵਨ ਦੀ ਸਾਫ਼ ਸਫ਼ਾਈ ਲਈ ਇੱਕ ਅਸਥਾਈ ਸਫਾਈ ਸੇਵਕ ਦੀ ਨਿਯੁਕਤੀ ਕਰਨ ਤੋਂ ਇਲਾਵਾ ਰੱਲਾ ਪਿੰਡ ਨਾਲ ਸਬੰਧਤ ਐਡਵੋਕੇਟ ਲੜਕੀ ਦਿਲਜੀਤ ਕੌਰ ਸ਼ਰਮਾ ਦੀ ਲੁਧਿਆਣਾ ਵਿਖੇ ਹੋਈ ਭੇਦਭਰੀ ਹਾਲਤ 'ਚ ਹੋਈ ਮੌਤ ਦੀ ਜਾਂਚ ਕਰਨ ਲਈ ਡੀ ਜੀ ਪੀ ਪੰਜਾਬ ਤੋਂ ਮੰਗ ਦਾ ਮਤਾ ਵੀ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਅਜੈਬ ਸਿੰਘ ਸਕੱਤਰ, ਜੀਤ ਸਿੰਘ ਭੁੱਲਰ, ਆਤਮਾ ਸਿੰਘ ਪਮਾਰ ਸੀਨੀਅਰ ਮੀਤ ਪ੍ਰਧਾਨ, ਬਾਦਸ਼ਾਹ ਸਿੰਘ, ਗੁਰਦੇਵ ਸਿੰਘ ਘੁਮਾਣ, ਹਰਬੰਸ ਸਿੰਘ ਢਿੱਲੋਂ, ਬਿੱਕਰ ਸਿੰਘ ਮੰਘਾਣੀਆ, ਮੇਜਰ ਸਿੰਘ, ਪ੍ਰਿਥੀ ਸਿੰਘ ਮਾਨ, ਸਰਪੰਚ ਰਾਜ ਕੁਮਾਰ ਰੰਗਾ, ਜਸਵੰਤ ਸਿੰਘ ਕੁਲੈਹਿਰੀ, ਸਵਿੰਦਰ ਸਿੰਘ ਜੇ ਈ, ਲੱਖਾ ਸਿੰਘ ਫੇਫੜੇ ਅਤੇ ਮੈਡਮ ਦਰਸ਼ਨ ਕੌਰ, ਰਾਕੇਸ਼ ਕੁਮਾਰ ਆਦਿ ਪੈਨਸ਼ਨਰਜ਼ ਸਾਥੀ ਵੀ ਹਾਜ਼ਰ ਸਨ।

## ਰੋਟਰੀ ਕਲੱਬ ਨੇ ਸਰਕਾਰੀ ਸਕੂਲ ਖਡਿਆਲ 'ਚ ਜਰਸੀਆਂ ਵੰਡੀਆਂ



**ਦਿੜ੍ਹਬਾ (ਜਸਵੀਰ ਲਾਡੀ)**-ਸਰਕਾਰੀ ਹਾਈ ਸਕੂਲ ਖਡਿਆਲ ਵਿਖੇ ਰੋਟਰੀ ਕਲੱਬ ਸੁਨਾਮ ਵੱਲੋਂ ਜਰਸੀ ਵੰਡ ਸਮਾਰੋਹ ਕੀਤਾ ਗਿਆ। ਇਸ ਦੌਰਾਨ ਯਸ਼ਪਾਲ ਮੰਗਲਾ ਨੇ ਕਿਹਾ ਕਿ ਰੋਟਰੀ ਕਲੱਬ ਸੁਨਾਮ ਵੱਲੋਂ ਪ੍ਰਧਾਨ ਜਗਦੀਪ ਭਾਰਦਵਾਜ ਦੀ ਅਗਵਾਈ ਦੇ ਵਿੱਚ ਵੱਖ-ਵੱਖ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਨੂੰ ਜਰਸੀਆਂ ਦਿੱਤੀਆਂ ਜਾ ਰਹੀਆਂ ਹਨ।

ਇਸੇ ਕੜੀ ਵਿੱਚ ਸਰਕਾਰੀ ਹਾਈ ਸਕੂਲ ਖਡਿਆਲ ਵਿਖੇ ਵੀ ਵਿਦਿਆਰਥੀਆਂ ਨੂੰ ਜਰਸੀਆਂ ਦਿੱਤੀਆਂ ਗਈਆਂ। ਇਸ ਦੌਰਾਨ ਯਸ਼ਪਾਲ ਮੰਗਲਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਖੂਬਸੂਰਤ ਬਣਾਉਣ ਵਾਸਤੇ ਆਪਣਾ ਇੱਕ ਨਿਸ਼ਾਨਾ ਨਿਸ਼ਚਤ ਕਰਨਾ ਚਾਹੀਦਾ ਹੈ ਤੇ ਫਿਰ ਉਸ ਦੀ ਪ੍ਰਾਪਤੀ ਵਾਸਤੇ ਪੂਰੀ ਲਗਨ ਨਾਲ ਉਸ ਵੱਲ ਵਧਣਾ ਚਾਹੀਦਾ। ਉਨ੍ਹਾਂ ਨੇ ਸਕੂਲ ਵਿੱਚ ਬੱਚਿਆਂ ਦੇ ਅਨੁਸ਼ਾਸਨ ਦੀ ਸ਼ਲਾਘਾ ਕਰਦੇ ਕਿਹਾ ਕਿ ਸਾਰੇ ਬੱਚਿਆਂ ਦੇ ਡਰੈਸਿਸ ਪਹਿਨੇ ਹੋਣਾ ਸਭ ਦੇ ਆਈ ਕਾਰਡ ਲੱਗੇ ਇਹ ਦੱਸਦਾ ਹੈ ਕਿ ਸਕੂਲ ਦੇ ਵਿਦਿਆਰਥੀਆਂ ਦੀ ਅਗਵਾਈ ਇੱਕ ਸੁਚੱਜਾ ਸਟਾਫ ਕਰ ਰਿਹਾ ਹੈ।

ਉਨ੍ਹਾਂ ਨੇ ਸਮਿਤ ਪ੍ਰਿੰਸੀਪਲ ਸਮਿਤ ਜੈਨ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਸਕੂਲ ਵਿੱਚ ਸਾਢੇ ਤਿੰਨ ਸੌ ਵਿਦਿਆਰਥੀਆਂ ਦਾ ਹੋਣਾ ਇਹ ਦੱਸਦਾ ਹੈ ਕਿ ਸਕੂਲ ਦਾ ਸਟਾਫ ਸਕੂਲ ਤੇ ਵਿਦਿਆਰਥੀਆਂ ਪ੍ਰਤੀ ਸਮਰਪਤ ਹੈ।

ਇਸੇ ਲਈ ਇਥੇ ਵਿਦਿਆਰਥੀਆਂ ਦੇ ਦਾਖਲੇ ਹੋ ਰਹੇ ਹਨ।ਪ੍ਰਿੰਸੀਪਲ ਪਵਨਜੀਤ ਸਿੰਘ ਹੰਜਰਾ ਨੇ ਦੱਸਿਆ ਕਿ ਇਹ ਕੈਂਪ ਰੋਟੀ ਕਲੱਬ ਸਨਾਮ ਦੇ ਸਾਬਕਾ ਪ੍ਰਧਾਨ ਮੁਹੱਬਤ ਸਿੰਘ ਜੀ ਦੀ ਯਾਦ ਦੇ ਵਿੱਚ ਲਗਾਇਆ ਜਾ ਰਿਹਾ ਹੈ। ਉਨ੍ਹਾਂ ਸ੍ਰ. ਮੁਹੱਬਤ ਸਿੰਘ ਦੀ ਸ਼ਖ਼ਸੀਅਤ ਬਾਰੇ ਵੀ ਵਿਦਿਆਰਥੀਆਂ ਨੂੰ ਦੱਸਿਆ।ਅੰਤ ਵਿੱਚ ਸਕੂਲ ਮੁਖੀ ਸੁਮਿਤ ਜੈਨ ਜੀ ਨੇ ਸਭ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਜਰਸੀਆਂ ਵੰਡੀਆਂ ਗਈਆਂ। ਮੰਚ ਸੰਚਾਲਨ ਸਕੂਲ ਅਧਿਆਪਕ ਬਿੰਦਰ ਸਿੰਘ ਨੇ ਕੀਤਾ।

## ਜ਼ਮੀਨ 'ਤੇ ਕਬਜ਼ਾ ਕਰਨ ਨੂੰ ਲੈ ਕੇ ਹੋਈ ਲੜਾਈ 'ਚ 6 ਵਿਰੁੱਧ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਪਿੰਡ ਲੱਧੂਵਾਲਾ ਉਤਾੜ ਬੱਸ ਅੱਡੇ ਕੋਲ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਹੋਈ ਲੜਾਈ ਦੇ ਸਬੰਧ ਵਿੱਚ 6 ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸ਼ਿਕਾਇਤਕਰਤਾ ਕਰਮਵੀਰ ਸਿੰਘ ਉਰਫ ਗੁੱਲੂ ਗੋਰਾਇਆ ਪੁੱਤਰ ਬਲਵਿੰਦਰ ਸਿੰਘ ਵਾਸੀ ਜੋਧਾ ਭੈਣੀ ਉਰਫ ਫੱਤੂਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ 16 ਜਨਵਰੀ 2026 ਨੂੰ ਉਹ ਆਪਣੇ ਖੇਤ ਵਿੱਚ ਗੇੜਾ ਮਾਰਨ ਲਈ ਗਿਆ ਸੀ ਤਾਂ ਉਸ ਦੇ ਖੇਤ ਵਿੱਚ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਲਖਵੀਰ ਸਿੰਘ ਵਗੈਰਾ ਵੱਟ ਪਾ ਰਹੇ ਸੀ ਅਤੇ ਉਸ ਦੀ ਕਣਕ ਦੀ ਫਸਲ ਦਾ ਨੁਕਸਾਨ ਕੀਤਾ ਗਿਆ। ਜਦੋਂ ਉਸ ਨੇ ਅਜਿਹਾ ਕਰਨ ਤੋਂ ਰੋਕਿਆ ਤਾਂ ਉਸ ਦੀ ਕੁੱਟਮਾਰ ਕੀਤੀ ਗਈ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਇਸ ਸਬੰਧੀ ਤਫਤੀਸ਼ੀ ਅਫਸਰ ਸਹਾਇਕ ਥਾਣੇਦਾਰ ਸੁਰੇਸ਼ ਕੁਮਾਰ ਨੇ ਦੱਸਿਆ ਕਿ ਮੁਦੱਈ ਕਰਮਵੀਰ ਸਿੰਘ ਉਰਫ ਗੁੱਲੂ ਗੋਰਾਇਆ ਦੇ ਬਿਆਨਾਂ ਦੇ ਅਧਾਰ 'ਤੇ ਲਖਵੀਰ ਸਿੰਘ ਗਿੱਲ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਨੂਰਪੁਰ ਹਕੀਮਾਂ ਜ਼ਿਲ੍ਹਾ ਮੋਗਾ ਹਾਲ ਅਬਾਦ ਮਿੰਡਵੇ ਕਲੋਨੀ ਸ਼੍ਰੀ ਮੁਕਤਸਰ ਸਾਹਿਬ, ਲਖਵੀਰ ਸਿੰਘ ਦਾ ਭਤੀਜਾ ਵਾਸੀ ਨੂਰਪੁਰ ਹਕੀਮਾਂ, ਗੋਪਾਲ ਸਿੰਘ ਉਰਫ ਗੋਪੀ ਪੁੱਤਰ ਗੁਰਚਰਨ ਸਿੰਘ, ਸੰਮੀ ਪੁੱਤਰ ਗੁਰਚਰਨ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਜਗਰੂਪ ਸਿੰਘ, ਨਿਰਮਲ ਸਿੰਘ ਪੁੱਤਰ ਜਗਜੀਤ ਸਿੰਘ ਵਾਸੀਆਨ ਖੜੂੰਜ ਖਿਲਾਫ ਧਾਰਾ ਥਾਣਾ ਵੈਰੋਕੇ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਵਿਧਾਇਕ ਸੁਖਾਨੰਦ ਗਰਾਊਂਡ ਲੈਵਲ 'ਤੇ ਸਰਗਰਮ : ਆਪ ਆਗੂ

### ਪਿੰਡੋ-ਪਿੰਡ ਦੌਰਿਆਂ ਰਾਹੀਂ ਵਿਕਾਸ ਕਾਰਜਾਂ ਦੀ ਕਰ ਰਹੇ ਨਿਗਰਾਨੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਗਰਾਊਂਡ ਲੈਵਲ 'ਤੇ ਪੂਰੀ ਤਰ੍ਹਾਂ ਸਰਗਰਮ ਨਜ਼ਰ ਆ ਰਹੇ ਹਨ ਅਤੇ ਹਲਕੇ ਅੰਦਰ ਪਿੰਡੋ-ਪਿੰਡ ਦੌਰੇ ਕਰਕੇ ਚੱਲ ਰਹੇ ਵਿਕਾਸ ਕਾਰਜਾਂ ਦਾ ਖੁਦ ਜਾਇਜ਼ਾ ਲੈ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਸੁਖਾਨੰਦ ਦੇ ਅਤੀ ਨੇੜਲੇ ਸਾਥੀ ਸੋਨੀ ਧਾਲੀਵਾਲ ਮਾੜੀ ਮੁਸਤਫਾ, ਸਰਪੰਚ ਗੁਰਭੇਜ ਸਿੰਘ ਮਾੜੀ ਮੁਸਤਫਾ ਤੇ ਯੂਥ ਆਮ ਆਦਮੀ ਪਾਰਟੀ ਦੇ ਆਗੂ ਪ੍ਰਦੀਪ ਰੋਡੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਵਿਕਾਸ ਕਾਰਜਾਂ ਨੂੰ ਸਿਰਫ ਕਾਗਜ਼ਾਂ ਤੱਕ ਸੀਮਿਤ ਨਾ ਰੱਖਦਿਆਂ ਉਨ੍ਹਾਂ ਦੀ ਮੌਕੇ 'ਤੇ ਜਾ ਕੇ ਨਿਗਰਾਨੀ ਕੀਤੀ ਜਾ ਰਹੀ ਹੈ।ਪਿੰਡਾਂ ਵਿੱਚ ਸੜਕਾਂ, ਪੀਣ ਵਾਲੇ ਪਾਣੀ, ਸਟਰੀਟ ਲਾਈਟਾਂ, ਸਫ਼ਾਈ ਪ੍ਰਬੰਧ ਤੇ ਹੋਰ ਬੁਨਿਆਦੀ ਸੁਵਿਧਾਵਾਂ ਨਾਲ ਸਬੰਧਤ ਕੰਮਾਂ ਦੀ ਹਾਲਤ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾ ਰਿਹਾ ਹੈ।ਆਗੂਆਂ ਨੇ ਦੱਸਿਆ ਕਿ ਜਿੱਥੇ ਵੀ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਊਣਤਾਈ, ਲਾਪ੍ਰਵਾਹੀ ਜਾਂ ਦੇਰੀ ਨਜ਼ਰ ਆ ਰਹੀ ਹੈ, ਉਸ ਨੂੰ ਤੁਰੰਤ ਨੋਟਿਸ ਵਿੱਚ ਲਿਆ ਜਾ ਰਿਹਾ ਹੈ ਤੇ ਸੰਬੰਧਤ ਅਧਿਕਾਰੀਆਂ ਨੂੰ ਖਾਮੀਆਂ ਦੂਰ ਕਰਨ ਲਈ ਸਪੱਸ਼ਟ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਵਿਧਾਇਕ ਸੁਖਾਨੰਦ ਦੀ ਪ੍ਰਾਥਮਿਕਤਾ ਹੈ ਕਿ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਪੂਰਾ ਲਾਭ ਮਿਲੇ ਤੇ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਜਾਂ ਅਣਦੇਖੀ ਨੂੰ ਬਰਦਾਸ਼ਤ ਨਾ ਕੀਤਾ ਜਾਵੇ।ਇਸ ਮੌਕੇ ਉਨ੍ਹਾਂ ਇਹ ਵੀ ਆਖਿਆ ਕਿ ਹਲਕਾ ਵਿਧਾਇਕ ਲੋਕਾਂ ਨਾਲ ਸਿੱਧਾ ਸੰਪਰਕ ਬਣਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣ ਰਹੇ ਹਨ ਅਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਯਤਨ ਕੀਤੇ ਜਾ ਰਹੇ ਹਨ। ਲੋਕਾਂ ਦੀ ਸੁਵਿਧਾ ਤੇ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਹਰ ਫੈਸਲਾ ਲਿਆ ਜਾ ਰਿਹਾ ਹੈ।ਆਗੂਆਂ ਨੇ ਦ੍ਰਿੜ੍ਹ ਵਿਸ਼ਵਾਸ ਜਤਾਇਆ ਕਿ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਹਲਕੇ ਦਾ ਸਰਬਪੱਖੀ ਵਿਕਾਸ ਯਕੀਨੀ ਬਣਾਇਆ ਜਾਵੇਗਾ ਤੇ ਆਉਣ ਵਾਲੇ ਸਮੇਂ ਵਿੱਚ ਹਲਕੇ ਨੂੰ ਵਿਕਾਸ ਦੇ ਮਾਮਲੇ ਵਿੱਚ ਇੱਕ ਨਵੀਂ ਦਿਸ਼ਾ ਮਿਲੇਗੀ।

# ਅਮਰੀਕਾ ਭੇਜਣ ਦੀ ਥਾਂ ਮੈਕਸੀਕੋ ਤੋਂ ਵਾਪਸ ਭਾਰਤ ਭੇਜਿਆ

### 32 ਲੱਖ ਦੀ ਧੋਖਾਧੜੀ ਕਰਨ 'ਤੇ 4 ਖਿਲਾਫ਼ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਅਮਰੀਕਾ ਭੇਜਣ ਦੇ ਨਾਮ 'ਤੇ 32 ਲੱਖ ਰੁਪਏ ਦੀ ਧੋਖਾਧੜੀ ਕਰਨ ਦੇ ਕਥਿਤ ਦੋਸ਼ ਹੇਠ ਪਤੀ ਲਖਵਿੰਦਰ ਸਿੰਘ, ਪਤਨੀ ਰਾਣੀ ਤੇ ਮਾਂ ਸੁਲੱਖਣ ਕੌਰ ਸਮੇਤ 4 ਖਿਲਾਫ਼ ਮਾਮਲਾ ਦਰਜ ਕੀਤਾ ਹੈ। ਜ਼ਿਲ੍ਹਾ ਪਟਿਆਲਾ ਦੇ ਪਿੰਡ ਖਰੌਲਾ ਦੇ ਰਹਿਣ ਵਾਲੇ ਮਿਲਖਾ ਸਿੰਘ ਨੇ ਪੁਲਸ ਜ਼ਿਲ੍ਹਾ ਖੰਨਾ ਦੇ ਉੱਚ ਅਧਿਕਾਰੀਆਂ ਨੂੰ ਇੱਕ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਇੱਕ ਰਿਸ਼ਤੇਦਾਰ ਦਿਲਬਰ ਸਿੰਘ ਨੇ ਲਖਵਿੰਦਰ ਸਿੰਘ ਨਾਲ ਜਾਣ-ਪਹਿਚਾਣ ਕਰਵਾਈ ਅਤੇ ਦੱਸਿਆ ਕਿ ਉਹ ਮੁੰਡਿਆਂ ਨੂੰ ਅਮਰੀਕਾ ਵਿਦੇਸ਼ ਭੇਜਣ ਦਾ ਕੰਮ ਕਰਦਾ ਹੈ। ਬਿਆਨਕਰਤਾ ਅਨੁਸਾਰ ਲਖਵਿੰਦਰ ਸਿੰਘ ਨੇ ਕਿਹਾ ਕਿ ਬਾਕੀ ਏਜੰਟ ਤਾਂ ਅਮਰੀਕਾ ਭੇਜਣ ਦਾ 50 ਤੋਂ 60 ਲੱਖ ਰੁਪਏ ਲੈਂਦੇ ਹਨ, ਪਰ ਉਸ ਨੂੰ ਉਹ 32 ਲੱਖ ਰੁਪਏ ਵਿੱਚ ਵਿਦੇਸ਼ ਭੇਜ ਦੇਵੇਗਾ। 9-5-2024 ਨੂੰ ਲਖਵਿੰਦਰ ਸਿੰਘ ਆਪਣੇ ਪਾਰਟਨਰ ਕਰਨ ਨਾਲ ਉਸ ਦੇ ਘਰ ਆਇਆ, ਜਿਸ ਨੇ 1 ਲੱਖ ਰੁਪਏ ਨਕਦ ਤੇ ਪਾਸਪੋਰਟ ਉਸ ਕੋਲੋਂ ਵਸੂਲ ਕਰ ਲਏ। 17-7-2024 ਨੂੰ ਫਿਰ 5.50 ਲੱਖ ਰੁਪਏ ਉਹ ਲਖਵਿੰਦਰ ਸਿੰਘ ਦੇ ਘਰ ਜਾ ਕੇ ਉਸ ਦੀ ਮਾਤਾ ਤੇ ਪਤਨੀ ਨੂੰ ਦੇ ਕੇ ਆਇਆ ਅਤੇ 1 ਲੱਖ ਰੁਪਏ ਹੋਰ ਲੈ ਲਿਆ।

ਉਸ ਤੋਂ ਬਾਅਦ ਮਿਤੀ 16-8-2024 ਨੂੰ ਲਖਵਿੰਦਰ ਸਿੰਘ ਨੇ ਕਿਸੇ ਦੇ ਸਕੈਨਰ ਵਿੱਚ ਟਰਾਂਸਫਰ ਕਰਵਾਏ ਤੇ ਕਿਹਾ ਕਿ ਉਹ ਆਪਣਾ ਬੈਗ ਪੈਕ ਕਰ ਲਵੇ ਕਿਉਂਕਿ ਉਸ ਦਾ ਅਮਰੀਕਾ ਜਾਣ ਦਾ ਕੰਮ ਬਣ ਗਿਆ ਹੈ। ਬਿਆਨਕਰਤਾ ਅਨੁਸਾਰ 20-8-2024 ਨੂੰ ਉਸ ਨੂੰ ਦੁਬਈ ਭੇਜ ਦਿੱਤਾ ਗਿਆ, ਫਿਰ ਬ੍ਰਾਜ਼ੀਲ ਤੋਂ ਮੈਕਸੀਕੋ ਭੇਜ ਦਿੱਤਾ ਗਿਆ। ਮੈਕਸੀਕੋ ਜਾ ਕੇ ਉਸ ਨੂੰ ਹੋਰਨਾਂ ਲੜਕਿਆਂ ਨਾਲ ਕਮਰੇ ਵਿੱਚ ਰੱਖਿਆ ਤੇ ਕਿਹਾ ਕਿ ਬਾਕੀ 23.60 ਲੱਖ ਰੁਪਏ ਦੀ ਰਾਸ਼ੀ ਅਦਾ ਕਰੋ ਤਾਂ ਹੀ ਉਸ ਨੂੰ ਮੈਕਸੀਕੋ ਦੇ ਏਜੰਟ ਅਮਰੀਕਾ ਭੇਜਣਗੇ। ਸ਼ਿਕਾਇਤਕਰਤਾ ਮਿਲਖਾ ਸਿੰਘ ਅਨੁਸਾਰ ਉਸ ਦਾ ਪਿਤਾ ਲਖਵਿੰਦਰ ਸਿੰਘ ਦੇ ਘਰ ਗਿਆ ਤੇ 23.60 ਲੱਖ ਰੁਪਏ ਨਕਦ ਲਖਵਿੰਦਰ ਸਿੰਘ ਦੀ ਮਾਤਾ ਸੁਲੱਖਣ ਕੌਰ ਤੇ ਪਤਨੀ ਰਾਣੀ ਨੂੰ ਦੇ ਆਏ। ਇਨ੍ਹਾਂ ਦੋਵਾਂ ਔਰਤਾਂ ਨੇ ਉਸ ਦੇ ਪਿਤਾ ਨੂੰ ਵਿਸ਼ਵਾਸ ਦਿਵਾਇਆ ਕਿ ਹੁਣ ਉਨ੍ਹਾਂ ਦਾ ਲੜਕਾ ਮੈਕਸੀਕੋ ਤੋਂ ਡੌਂਕੀ ਰਾਹੀਂ ਜਲਦ ਅਮਰੀਕਾ ਭੇਜ ਦਿੱਤਾ ਜਾਵੇਗਾ। 1 ਮਹੀਨਾ ਬੀਤਣ ਦੇ ਬਾਵਜੂਦ ਵੀ ਲਖਵਿੰਦਰ ਸਿੰਘ ਨੇ ਉਸ ਨੂੰ ਮੈਕਸੀਕੋ ਤੋਂ ਅਮਰੀਕਾ ਨਾ ਭੇਜਿਆ ਤੇ ਉੱਥੇ ਬੈਠੇ ਏਜੰਟਾਂ ਨੇ ਕਿਹਾ ਕਿ ਤੁਹਾਡੀ ਪੇਮੈਂਟ ਨਹੀਂ ਆਈ ਇਸ ਕਰਕੇ ਤੁਹਾਨੂੰ ਅੱਗੇ ਨਹੀਂ ਭੇਜ ਸਕਦੇ। ਮੈਕਸੀਕੋ ਵਿੱਚ ਏਜੰਟਾਂ ਵੱਲੋਂ ਉਸ ਦੀ ਕੁੱਟਮਾਰ ਵੀ ਕੀਤੀ ਗਈ, ਜਿਸ ਕਾਰਨ ਉਸ ਦੀ ਹਾਲਤ ਖ਼ਰਾਬ ਹੋਣ ਕਾਰਨ ਇਲਾਜ ਲਈ ਹਸਪਤਾਲ ਦਾਖਲ ਕਰਵਾਉਣਾ ਪਿਆ। ਇਲਾਜ ਕਰਵਾਉਣ ਲਈ ਮੈਕਸੀਕੋ ਦੇ ਏਜੰਟਾਂ ਨੂੰ ਉਸ ਦੇ ਪਿਤਾ ਨੇ 7 ਹਜ਼ਾਰ ਡਾਲਰ ਕਿਸੇ ਦੇ ਅਕਾਊਂਟ ਵਿੱਚ ਟਰਾਂਸਫਰ ਕੀਤੇ ਤੇ ਜਦੋਂ ਉਹ ਅਮਰੀਕਾ ਨਾ ਜਾ ਸਕਿਆ ਤਾਂ ਅਖੀਰ ਉਹ ਵਾਪਸ ਭਾਰਤ ਆਪਣੇ ਪਿੰਡ ਪਰਤ ਆਇਆ। ਪੁਲਸ ਵੱਲੋਂ ਜਾਂਚ ਪੜਤਾਲ ਤੋਂ ਬਾਅਦ ਉਕਤ ਵਿਅਕਤੀਆਂ ਖਿਲਾਫ਼ ਧੋਖਾਧੜੀ ਕਰਨ ਦਾ ਮਾਮਲਾ ਦਰਜ ਕਰ ਲਿਆ ਹੈ।

## ਸਫਾ 1 ਦੇ ਬਾਕੀ...


### ਅਸ਼ਲੀਲ ਹਰਕਤਾਂ...

ਅਤੇ ਇਸ ਸਮੇਂ ਬੰਗਲੁਰੂ ਸੈਂਟਰਲ ਜੇਲ੍ਹ ਵਿੱਚ ਬੰਦ ਹੈ। ਅਮਲਾ ਅਤੇ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਜਾਰੀ ਕੀਤੇ ਗਏ ਵਿਸਤ੍ਰਿਤ ਮੁਅੱਤਲੀ ਆਦੇਸ਼ ਵਿੱਚ ਸਰਕਾਰ ਨੇ ਕਾਰਵਾਈ ਦੇ ਆਧਾਰ ਵਜੋਂ 'ਜਨਤਕ ਨਿਊਜ਼ ਚੈਨਲਾਂ ਅਤੇ ਮੀਡੀਆ ਪਲੇਟਫਾਰਮਾਂ 'ਤੇ ਵਿਆਪਕ ਤੌਰ 'ਤੇ ਪ੍ਰਸਾਰਿਤ' ਵੀਡੀਓ ਅਤੇ ਨਿਊਜ਼ ਰਿਪੋਰਟਾਂ ਦਾ ਹਵਾਲਾ ਦਿੱਤਾ ਹੈ। ਹੁਕਮ ਵਿੱਚ ਕਿਹਾ ਗਿਆ ਹੈ ਕਿ ਰਾਓ ਦਾ ਆਚਰਣ, ਜਿਵੇਂ ਕਿ ਕਲਿੱਪਾਂ ਵਿੱਚ ਦੇਖਿਆ ਗਿਆ ਹੈ, 'ਅਸ਼ਲੀਲ' ਸੀ, ਇੱਕ ਸਰਕਾਰੀ ਕਰਮਚਾਰੀ ਦੇ ਅਨੁਕੂਲ ਨਹੀਂ ਸੀ ਅਤੇ ਇਸ ਕਾਰਨ ਸੂਬਾ ਸਰਕਾਰ ਨੂੰ ਸ਼ਰਮਿੰਦਗੀ ਝੱਲਣੀ ਪਈ ਹੈ। ਮੁਅੱਤਲੀ ਦੇ ਅਰਸੇ ਦੌਰਾਨ ਰਾਓ ਨੂੰ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ ਅਤੇ ਰਾਜ ਸਰਕਾਰ ਦੀ ਲਿਖਤੀ ਇਜਾਜ਼ਤ ਤੋਂ ਬਿਨਾਂ ਹੈੱਡਕੁਆਰਟਰ ਛੱਡਣ ਦੀ ਆਗਿਆ ਨਹੀਂ ਹੋਵੇਗੀ।

### ਗੈਂਗਸਟਰਾਂ ਵਿਰੁੱਧ ...

ਦਿੱਤੀ ਹੈ, ਉਸੇ ਤਰ੍ਹਾਂ 'ਯੁੱਧ ਗੈਂਗਸਟਰਾਂ ਵਿਰੁੱਧ' ਲੋਕਾਂ ਵਿੱਚ ਸੁਰੱਖਿਆ ਦੀ ਨਵੀਂ ਭਾਵਨਾ ਪੈਦਾ ਕਰੇਗਾ।ਵਿਰੋਧੀ ਪਾਰਟੀਆਂ 'ਤੇ ਚੁਟਕੀ ਲੈਂਦਿਆਂ ਗਰਗ ਨੇ ਕਿਹਾ ਕਿ ਜਿਹੜੇ ਲੋਕ ਰੋਜ਼ਾਨਾ ਅਮਨ-ਕਾਨੂੰਨ ਦੀ ਦੁਹਾਈ ਦਿੰਦੇ ਹਨ, ਉਹ ਪਹਿਲਾਂ ਆਪਣੀਆਂ ਸਰਕਾਰਾਂ ਵਾਲੇ ਸੂਬਿਆਂ ਦੇ ਹਾਲਾਤ ਦੇਖਣ। ਅੜਿੱਕੇ ਪੈਦਾ ਕਰਨ ਦੀ ਬਜਾਏ ਉਨ੍ਹਾਂ ਨੂੰ ਪੰਜਾਬ ਦੇ ਮਾਡਲ ਤੋਂ ਸਿੱਖਣਾ ਚਾਹੀਦਾ ਹੈ ਅਤੇ ਇਸ ਲੜਾਈ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ।

## ਟਰੱਸਟ ਵੱਲੋਂ ਧੀਆਂ ਨੂੰ ਸ਼ਗਨ ਰਾਸ਼ੀ ਦੇਣ ਦਾ ਸਮਾਗਮ 23 ਨੂੰ



**ਮੱਖੂ (ਰਛਪਾਲ ਸਿੰਘ ਸੰਧੂ)**-ਸਰਬੱਤ ਦਾ ਭਲਾ ਚੈਰੀਟੇਬਲ ਵੱਲੋਂ ਹੜ੍ਹ ਪ੍ਰਭਾਵਿਤ ਖੇਤਰ ਦੀਆਂ 21 ਧੀਆਂ ਨੂੰ ਵਿਆਹਾਂ ਦੇ ਸ਼ਗਨ ਦੇ ਰੂਪ ਵਿੱਚ ਇੱਕ ਇੱਕ ਲੱਖ ਰੁਪਏ ਸ਼ਗਨ ਰਾਸ਼ੀ ਦਾ ਚੈੱਕ ਦੇਣ ਲਈ ਗੋਲਡਨ ਐਜੂਕੇਸ਼ਨ ਮੱਖੂ ਦੇ ਡਾਇਰੈਕਟਰ ਮਨਜਿੰਦਰ ਸਿੰਘ ਦੇ ਬੰਗਾਲੀ ਵਾਲਾ ਪੁਲ ਦੇ ਨਜ਼ਦੀਕ ਬਲੂ ਮੂਨ ਕ੍ਰਿਕਟ ਅਕੈਡਮੀ ਵਿਖੇ 23 ਜਨਵਰੀ ਨੂੰ ਕਰਵਾਏ ਜਾ ਰਹੇ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਅਮਰਜੀਤ ਕੌਰ ਛਾਬੜਾ ਨੇ ਦੱਸਿਆ ਕਿ ਕੰਨਿਆ ਦਾਨ ਮਹਾਂਦਾਨ ਨੂੰ ਮੁੱਖ ਰੱਖਦਿਆਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ ਪੀ ਸਿੰਘ ਉਬਰਾਏ ਵੱਲੋਂ ਹੜ੍ਹ ਪੀੜਤ ਖੇਤਰ ਦੀਆਂ ਧੀਆਂ ਦੇ ਵਿਆਹ ਸਮੇਂ ਸ਼ਗਨ ਦੇ ਰੂਪ ਵਿੱਚ 21 ਹੜ੍ਹ ਪ੍ਰਭਾਵਿਤ ਲੜਕੀਆਂ ਦੇ ਵਿਆਹਾਂ ਦੇ ਸ਼ਗਨ ਵਜੋਂ ਇੱਕ ਇੱਕ ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਸ਼ਗਨ ਦੇ ਰੂਪ ਵਿੱਚ ਧੀਆਂ ਨੂੰ ਭੇਟ ਕੀਤੇ ਜਾਣਗੇ। ਇਹ ਸਮਾਗਮ ਟਰੱਸਟ ਦੀ ਅਮਰੀਕਾ ਟੀਮ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਮੁੱਖ ਮਹਿਮਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ ਪੀ ਸਿੰਘ ਉਬਰਾਏ, ਵਿਧਾਨ ਸਭਾ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ, ਫਿਰੋਜ਼ਪੁਰ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਹੋਣਗੇ। ਇਸ ਸਮਾਗਮ ਵਿੱਚ ਟਰੱਸਟ ਦੀ ਅਮਰੀਕਾ ਟੀਮ ਮੈਂਬਰ ਅਤੇ ਨਾਇਬ ਤਹਿਸੀਲਦਾਰ ਮੱਖੂ ਮਲੂਕ ਸਿੰਘ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ਿਲ੍ਹਾ ਖਜ਼ਾਨਚੀ ਵਿਜੇ ਕੁਮਾਰ ਬਹਿਲ, ਜ਼ਿਲ੍ਹਾ ਸਲਾਹਕਾਰ ਰਣਜੀਤ ਸਿੰਘ ਰਾਏ, ਜ਼ਿਲ੍ਹਾ ਸਲਾਹਕਾਰ ਬਲਵਿੰਦਰ ਕੌਰ ਲੋਹਕੇ, ਸੀਨੀਅਰ ਮੈਂਬਰ ਜਸਪ੍ਰੀਤ ਕੌਰ, ਮਹਾਂਵੀਰ ਸਿੰਘ, ਕਿਰਨ ਪੇਂਟਰ, ਮਨਪ੍ਰੀਤ ਸਿੰਘ, ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ, ਰਣਧੀਰ ਜੋਸ਼ੀ ਆਦਿ ਹਾਜ਼ਰ ਸਨ।

ਉੱਤਰ ਰੇਲਵੇ

ਸ਼ੁਧੀਪੱਤਰ ਸੂਚਨਾ

ਨਿਵਿਦਾ ਨੰ. : 433_TELE_JAT_24_25_26 ਮਿਤੀ: 19.01.2026

ਸਮਾਪਤੀ ਮਿਤੀ/ਸਮਾਂ: : 03.02.2026 15:00

ਸ਼ੁਧੀਪੱਤਰ ਅਤੇ ਨਿਵਿਦਾ ਵੇਰਵਾ

| | | | |
|---|---|---|---|
| ਸ਼ੁਧੀਪੱਤਰ ਨੰ. | 1 | ਆਈਆਰਈਪੀਐਸ ਦੇ ਅਨੁਸਾਰ ਸ਼ੁਧੀਪੱਤਰ ਪ੍ਰਕਾਸ਼ਨ ਮਿਤੀ | 19.01.26 17:17 |
| ਨਿਵਿਦਾ ਨੰ. | 433_TELE_JAT_24_25_26 (ਖੁੱਲੀ ਨਿਵਿਦਾ) | | |
| ਕੰਮ ਦਾ ਨਾਮ | ਜੰਮੂ, ਕਟੜਾ, ਬਨਿਹਾਲ ਅਤੇ ਸ਼੍ਰੀਨਗਰ ਵਿੱਚ ਪਹਿਲਾਂ ਤੋਂ ਮੌਜੂਦ ਤਾਂਬੇ (ਕਾਪਰ) ਆਧਾਰਿਤ ਮਾਧਿਅਮ ਨੂੰ ਹਟਾ ਕੇ ਉੱਚ ਗਤੀ ਵਾਲੇ ਫਾਈਬਰ-ਟੂ-ਹੋਮ (FTTH) ਆਪਟੀਕਲ ਫਾਈਬਰ ਨੈੱਟਵਰਕ ਦੁਆਰਾ ਰੇਲਨੈੱਟ (Railnet) ਸੇਵਾਵਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ। | | |
| ਨਿਵਿਦਾ ਸਮਾਪਨ ਮਿਤੀ ਸਮਾਂ | 03.02.2026 15:00 | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 12.01.2026 20:35 |
| ਵਿਗਿਆਪਤ ਮੁੱਲ (ਰੁ.) | 39507063.37 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਮਿਤੀ | 20.01.2026 |
| ਬਿਆਨਾ ਰਾਸ਼ੀ (ਰੁ) | 347500.00 | ਸਮਾਪਤੀ ਦਾ ਸਮਾਂ | 4 ਮਹੀਨੇ |

ਸੰਸ਼ੋਧਿਤ ਆਈਟਮ ਐਨਆਈਟੀ ਹੇਠਾਂ

| ਫੀਲਡ ਨਾਮ | ਮੌਜੂਦਾ ਮੁੱਲ | ਸੰਸ਼ੋਧਿਤ ਮੁੱਲ |
|---|---|---|
| ਆਈਟਮ ਨੰਬਰ 24 ਦੇ ਵੇਰਵੇ ਵਿਚ ਬਦਲਾਅ | Supply, installation, testing, wiring and commissioning of Layer-2 managed Ethernet switch with 24x 10/100/1000 Base-T ports and 4 x 1G SFP/SFP+ ports, suitable for GPON Network, conforming to RDSO/SPN/TC/83/2020 Rev. 2.0 or latest. Product must be TTP-registered with RDSO. Inspection: RDSO (supply portion). | Supply, installation, testing, wiring and commissioning of Layer-2 managed Ethernet switch with 24 x 10/100/1000 Base-T ports and 4 x 1G SFP/SFP+ ports, suitable for GPON network, conforming to RDSO/SPN/TC/83/2020 Rev. 2.0 or latest. Product must be TTP-registered and certified with RDSO. Inspection: RDSO (supply portion). |
| ਆਈਟਮ ਨੰਬਰ 28 ਦੇ ਵੇਰਵੇ ਅਤੇ ਤਕਨੀਕੀ ਵਿਸ਼ੇਸ਼ਤਾਵਾਂ ਵਿਚ ਬਦਲਾਅ | Supply, installation, testing and commissioning of Managed Media Converter (Ethernet to Optical), 10/100/1000 Mbps, single-mode, suitable for GPON applications complete with accessories and SFPs, conforming to all applicable technical specifications, standards, performance requirements inspection conditions pup acceptance criteria as laid down in the tender / technical schedule. Inspection: RITES | Supply, installation, testing and commissioning of Managed Media Converter (Ethernet to Optical) having 10/100/1000 Mbps Ethernet port, single-mode optical interface, suitable for GPON applications, complete with required single-mode SFP module(s) of appropriate wavelength and reach, power supply, mounting accessories, patch cords/pigtails, connectors /adapters, earthing and labeling, and all other accessories necessary for proper installation and operation. The equipment shall conform to RDSO/SPN/TC/103/2013 Rev. 3.0 or latest. Inspection: RITES. |

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 204/26

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

21 Jan Page 3.qxd 1/20/2026 10:48 PM Page 1



# ਹੈਰੋਇਨ ਤੇ ਪਿਸਟਲ ਸਮੇਤ 2 ਗ੍ਰਿਫ਼ਤਾਰ



**ਬਿਆਸ (ਪਰਮਜੀਤ ਸਿੰਘ ਰੱਖੜਾ)-** ਮਾਣਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਵਿਸ਼ੇਸ਼ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅਤੇ ਮਾਣਯੋਗ ਡੀਜੀਪੀ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਤਹਿਤ ਥਾਣਾ ਬਿਆਸ ਦੀ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਗੁਰਦੁਆਰਾ ਸਾਹਿਬ ਬਾਬਾ ਗੱਛ ਸਿਬਾਲਾ ਤੋਂ ਅੱਗੇ ਬਟਾਲਾ ਸਾਈਡ ਵੱਲੋਂ ਦੋ ਨੌਜਵਾਨ ਆਉਂਦੇ ਹੋਏ ਨਜ਼ਰ ਆਏ। ਸ਼ੱਕ ਦੇ ਆਧਾਰ 'ਤੇ ਉਨ੍ਹਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਗਿਆ ਅਤੇ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 50 ਗ੍ਰਾਮ ਹੈਰੋਇਨ ਅਤੇ ਇੱਕ ਪਿਸਟਲ ਬਰਾਮਦ ਹੋਇਆ।ਇਸ ਸਬੰਧੀ ਥਾਣਾ ਬਿਆਸ ਵਿਖੇ ਮੁਕੱਦਮਾ ਨੰਬਰ 18 ਮਿਤੀ 19-01-2026, ਜੁਰਮ 22/271/61/85 ਐੱਨ. ਡੀ. ਪੀ. ਐੱਸ. ਐਕਟ ਤਹਿਤ ਦਰਜ ਕਰਕੇ ਅਗਲੀ ਤਫ਼ਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਗ੍ਰਿਫ਼ਤਾਰ ਦੋਸ਼ੀਆਂ ਦੇ ਫਾਰਵਰਡ ਅਤੇ ਬੈਕਵਰਡ ਲਿੰਕਾਂ ਨੂੰ ਗੰਭੀਰਤਾ ਨਾਲ ਖੰਗਾਲਿਆ ਜਾ ਰਿਹਾ ਹੈ ਅਤੇ ਹੋਰ ਸ਼ਮੂਲੀਅਤ ਸਾਹਮਣੇ ਆਉਣ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਅਸ਼ੀਰਵਾਦ ਸਕੀਮ ਤਹਿਤ 1893 ਕੇਸਾਂ ਦੀ ਆਨਲਾਈਨ ਅਦਾਇਗੀ ਹੋਈ : ਡਿਪਟੀ ਕਮਿਸ਼ਨਰ



**ਪੱਟੀ, (ਬਲਦੇਵ ਸਿੰਘ ਸੰਧੂ)-** ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਵੱਲੋਂ ਲੋੜਵੰਦਾਂ ਨੂੰ ਭਲਾਈ ਸਕੀਮਾਂ ਦਾ ਲਾਭ ਦੇਣ ਲਈ ਪੂਰੀ ਸੁਹਿਰਦਤਾ ਨਾਲ ਯਤਨ ਲਗਾਤਾਰ ਜਾਰੀ ਹਨ।ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਦਫ਼ਤਰ, ਤਰਨ ਤਾਰਨ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਵੇਰਵਾ ਸਾਂਝਾ ਕਰਦਿਆਂ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਯੋਗ ਅਤੇ ਲੋੜਵੰਦ ਲਾਭਪਾਤਰੀਆਂ ਨੂੰ ਅਸ਼ੀਰਵਾਦ ਸਕੀਮ ਦਾ ਲਾਭ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਜਨਵਰੀ 2025 ਤੋਂ ਨਵੰਬਰ 2025 ਤੱਕ ਪ੍ਰਾਪਤ ਹੋਏ 2997 ਕੇਸਾਂ ਵਿੱਚੋਂ ਜਨਵਰੀ 2025 ਤੋਂ ਜੂਨ 2025 ਤੱਕ ਕੁੱਲ 1893 ਕੇਸਾਂ ਦੀ ਅਦਾਇਗੀ ਆਨਲਾਈਨ ਹੋ ਚੁੱਕੀ ਹੈ ਅਤੇ ਅਸ਼ੀਰਵਾਦ ਸਕੀਮ ਦੀ ਰਕਮ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਪਹੁੰਚ ਗਈ ਹੈ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਦੇ ਬਕਾਇਆ ਕੇਸਾਂ ਦੀ ਅਦਾਇਗੀ ਵੀ ਜਲਦ ਕੀਤੀ ਜਾ ਰਹੀ ਹੈ।ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ/ਫ੍ਰੀਸ਼ਿਪ ਕਾਰਡ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਲ 2025-26 ਦੌਰਾਨ ਫ੍ਰੀਸ਼ਿਪ ਕਾਰਡ ਲਈ ਜ਼ਿਲ੍ਹੇ ਵਿੱਚੋਂ 3385 ਕੇਸ ਪਾਸ ਕੀਤੇ ਗਏ ਹਨ ਅਤੇ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ।ਉਨ੍ਹਾਂ ਦੱਸਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਐੱਸਸੀ ਸਾਲ 2025-26 ਦੌਰਾਨ ਕੁੱਲ 1594 ਕੇਸ ਸੈਂਕਸ਼ਨ ਕੀਤੇ ਗਏ ਹਨ ਅਤੇ 1480 ਕੇਸ ਪਾਸ ਹੋ ਗਏ ਹਨ।ਉਨ੍ਹਾਂ ਕਿਹਾ ਕਿ ਸਿਰਫ਼ 114 ਕੇਸ ਹੀ ਪੈਂਡਿੰਗ ਹਨ, ਜਿਨ੍ਹਾਂ ਨੂੰ ਕਲੀਅਰ ਕਰਨ ਲਈ ਵਿਭਾਗ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਅੰਤਰਜਾਤੀ ਵਿਆਹ ਸਕੀਮ ਤਹਿਤ ਕੁੱਲ 6 ਕੇਸ ਪ੍ਰਾਪਤ ਹੋਏ ਸਨ ਜਿਨ੍ਹਾਂ ਨੂੰ ਅਗਲੇਰੀ ਯੋਗ ਕਾਰਵਾਈ ਲਈ ਸਰਕਾਰ ਕੋਲ ਭੇਜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚੇ।

## ਲੜਕੀ ਨੂੰ ਉਧਾਲਣ ਵਾਲੇ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)-** ਥਾਣਾ ਬਹਿਰਾਮਪੁਰ ਪੁਲਸ ਨੇ ਲੜਕੀ ਨੂੰ ਉਧਾਲਣ ਵਾਲੇ ਲੜਕੇ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਗੋਲਡੀ ਪੁੱਤਰ ਮੋਹਨ ਲਾਲ ਵਾਸੀ ਕ੍ਰਿਸ਼ਚੀਅਨ ਮੁਹੱਲਾ ਬਹਿਰਾਮਪੁਰ ਨੇ ਦੱਸਿਆ ਕਿ ਮੇਰੀ ਲੜਕੀ ਜੋ ਨੌਵੀਂ ਕਲਾਸ ਵਿੱਚ ਬਹਿਰਾਮਪੁਰ ਵਿਖੇ ਪੜ੍ਹਦੀ ਹੈ, 18 ਜਨਵਰੀ ਨੂੰ ਆਪਣੀ ਮਾਸੀ ਵਾਸੀ ਜੰਮੂ ਨੂੰ ਮਿਲਣ ਲਈ ਗਈ ਸੀ ਜੋ ਨਾ ਤਾਂ ਆਪਣੀ ਮਾਸੀ ਕੋਲ ਜੰਮੂ ਪੁੱਜੀ ਤੇ ਨਾ ਹੀ ਹੁਣ ਤੱਕ ਆਪਣੇ ਘਰ ਵਾਪਸ ਆਈ ਹੈ। ਮੈਨੂੰ ਪੱਕਾ ਯਕੀਨ ਹੈ ਕਿ ਉਸ ਦੀ ਲੜਕੀ ਨੂੰ ਕਥਿਤ ਦੋਸ਼ੀ ਅੰਕੁਸ਼ ਪੁੱਤਰ ਬੰਟੀ ਵਾਸੀ ਕ੍ਰਿਸ਼ਚੀਅਨ ਮੁਹੱਲਾ ਬਹਿਰਾਮਪੁਰ ਵਿਆਹ ਕਰਾਉਣ ਦੀ ਨੀਅਤ ਨਾਲ ਵਰਗਲਾ ਫੁਸਲਾ ਕੇ ਭਜਾ ਕੇ ਲੈ ਗਿਆ ਹੈ। ਥਾਣਾ ਬਹਿਰਾਮਪੁਰ ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਬੜੀ ਧੂਮਧਾਮ ਨਾਲ ਮਨਾਇਆ ਬਾਵਾ ਲਾਲ ਦਿਆਲ ਜੀ ਦਾ 671ਵਾਂ ਜਨਮ ਦਿਹਾੜਾ



**ਕਾਦੀਆਂ (ਯਾਦਵਿੰਦਰ ਸਿੰਘ ਮਲੋਤਰਾ)-** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਾਵਾ ਲਾਲ ਦਿਆਲ ਜੀ ਪਿਆਰਪੁਰ ਵਾਲਿਆਂ ਦਾ 671ਵਾਂ ਜਨਮ ਦਿਹਾੜਾ ਬੜੀ ਧੂਮਧਾਮ ਅਤੇ ਸ਼ਰਧਾਪੂਰਵਕ ਬਾਵਾ ਲਾਲ ਮੰਦਿਰ ਹਰਚੋਵਾਲ ਰੋਡ ਕਾਦੀਆਂ ਵਿਖੇ ਮੰਦਿਰ ਕਮੇਟੀ ਦੇ ਪ੍ਰਧਾਨ ਸੁਰਿੰਦਰ ਭਾਟੀਆ ਦੀ ਅਗਵਾਈ ਵਿੱਚ ਮਨਾਇਆ ਗਿਆ।ਸਵੇਰੇ 9 ਵਜੇ ਹਵਨ ਯੱਗ ਦੀ ਰਸਮ ਅਦਾ ਕੀਤੀ ਗਈ। ਉਪਰੰਤ ਮੰਦਰ ਵਿੱਚ ਬੀਬੀਆਂ ਦਾ ਸਤਿਸੰਗ 11 ਵਜੇ,1 ਵਜੇ ਝੰਡੇ ਦੀ ਰਸਮ ਅਦਾ ਕੀਤੀ ਗਈ। ਲੰਗਰ ਅਟੁੱਟ ਵਰਤਿਆ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਨਰਿੰਦਰ ਭਾਟੀਆ ਨੇ ਦੱਸਿਆ ਕਿ ਕਮੇਟੀ ਅਤੇ ਕਾਦੀਆਂ ਨਿਵਾਸੀਆਂ ਦੇ ਸਹਿਯੋਗ ਨਾਲ ਜਨਮ ਦਿਵਸ ਨੂੰ ਲੈ ਕੇ ਸ਼ਰਧਾਲੂਆਂ ਵਿੱਚ ਬਹੁਤ ਉਤਸ਼ਾਹ ਸੀ।ਪ੍ਰਭਾਤ ਫੇਰੀਆ ਕੱਢੀਆਂ।ਸ਼ਰਧਾਲੂਆਂ ਨੇ ਸ੍ਰੀ ਬਾਵਾ ਲਾਲ ਦਿਆਲ ਜੀ ਦੇ ਭਜਨ ਗਾਇਨ ਕੀਤੇ।ਹਜ਼ਾਰਾਂ ਸ਼ਰਧਾਲੂਆਂ ਨੇ ਮੰਦਰ ਵਿੱਚ ਪਹੁੰਚ ਕੇ ਹਾਜ਼ਰੀ ਲਗਵਾਈ। ਉਨ੍ਹਾਂ ਦੱਸਿਆ ਕਿ ਮੰਦਰ ਨੂੰ ਰੰਗ-ਬਿਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ।ਇਸ ਮੌਕੇ ਪ੍ਰਧਾਨ ਸੁਰਿੰਦਰ ਭਾਟੀਆ ਨੇ ਆਈਆਂ ਸੰਗਤਾਂ ਨੂੰ ਸ੍ਰੀ ਬਾਬਾ ਲਾਲ ਦਿਆਲ ਜੀ ਦੇ ਜਨਮ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬਾਬਾ ਜੀ ਵੱਲੋਂ ਦਰਸਾਏ ਰਸਤੇ 'ਤੇ ਚੱਲ ਕੇ ਮਨੁੱਖਤਾ ਦੀ ਸੇਵਾ ਕਰਨੀ ਅਤੇ ਸਦਭਾਵਨਾ ਨਾਲ ਇਕੱਠੇ ਰਹਿਣਾ ਚਾਹੀਦਾ ਹੈ।ਇਸ ਮੌਕੇ ਦੀਪਕ ਭਾਟੀਆ, ਪਲਵਿੰਦਰ ਸ਼ਰਮਾ, ਨਰਿੰਦਰ ਕੁਮਾਰ ਨੰਨੂ, ਨਰਿੰਦਰ ਸ਼ਰਮਾ, ਕਰਤਾਰ ਚੰਦ ਤਾਰਾ, ਸੱਤ ਪਾਲ ਭਾਟੀਆ, ਅਮਿਤ ਪਾਲ ਲਾਲੀ, ਅਸ਼ਵਨੀ ਵਰਮਾ, ਨਰੇਸ਼ ਅਰੋੜਾ, ਰਾਜ ਕੁਮਾਰ ਜੁਲਕਾ, ਤਿਲਕ ਰਾਜ ਮਹਾਜਨ, ਸੁਰਿੰਦਰ ਕੁਮਾਰ ਪ੍ਰਧਾਨ, ਅਸ਼ੋਕ ਨਈਅਰ, ਸੁਰਿੰਦਰ ਮੁਨੀਮ, ਭੂਸ਼ਨ ਸ਼ਰਮਾ, ਸੁਮਿਤ ਯੋਗੀ, ਦੀਪਕ ਸਨਾਰਥੀ, ਰਿੰਕੂ ਕੀਰ, ਲਾਡੀ, ਰਾਜ ਕੁਮਾਰ ਭਗਤ, ਵਿਜੇ ਕੁਮਾਰ ਮੁਨੀਮ, ਗੁਰਮੁਖ ਸਿੰਘ, ਮੰਗਾ ਭਾਟੀਆ ਆਦਿ ਹਾਜ਼ਰ ਸਨ।

# ਸਾਰਿਆਂ ਲਈ ਇਨਸਾਫ ਨੂੰ ਯਕੀਨੀ ਬਣਾ ਰਹੀ ਹੈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ : ਜ਼ਿਲ੍ਹਾ ਤੇ ਸੈਸ਼ਨਜ਼ ਜੱਜ



**ਪੱਟੀ, (ਬਲਦੇਵ ਸਿੰਘ ਸੰਧੂ)-** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ (ਮੋਹਾਲੀ) ਵੱਲੋਂ ਇਨਸਾਫ਼ ਸਭਨਾਂ ਲਈ' ਨਾਅਰੇ ਨੂੰ ਹਕੀਕੀ ਰੂਪ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਨ੍ਹਾਂ ਯਤਨਾਂ ਤਹਿਤ ਹੀ ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀਆਂ ਵੱਲੋਂ ਲੋੜਵੰਦਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਜਾਂ ਕਬੀਲੇ ਦੇ ਮੈਂਬਰ, ਔਰਤਾਂ/ਬੱਚੇ, ਮਾਨਸਿਕ ਰੋਗੀ/ਵਿਕਲਾਂਗ, ਜੇਲ੍ਹ ਵਿੱਚ ਬੰਦ ਹਵਾਲਾਤੀ ਅਤੇ ਕੈਦੀ ਜਾਂ ਹਿਰਾਸਤ ਵਿੱਚ ਵਿਅਕਤੀਆਂ ਤੋਂ ਇਲਾਵਾ ਬੇਘਰ ਦੇ ਮਾਰੇ, ਫੌਜੀ ਮੁਲਾਜ਼ਮ/ਕੁਦਰਤੀ ਆਫ਼ਤਾਂ ਦੇ ਮਾਰੇ, ਉਦਯੋਗਿਕ ਕਾਮੇ, ਜਿਹੜੇ ਵਿਅਕਤੀ ਜਿਸ ਦੀ ਸਾਲਾਨਾ ਆਮਦਨ 3,00,000 ਰੁਪਏ ਤੋਂ ਵੱਧ ਨਾ ਹੋਵੇ ਮੁਫ਼ਤ ਕਾਨੂੰਨੀ ਸਹਾਇਤਾ ਲੈ ਸਕਦੇ ਹਨ।ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਨੇ ਦੱਸਿਆ ਕਿ ਮੁਫ਼ਤ ਕਾਨੂੰਨੀ ਸਹਾਇਤਾ ਵਿੱਚ ਲੋੜਵੰਦਾਂ ਨੂੰ ਅਦਾਲਤਾਂ ਵਿੱਚ ਵਕੀਲ ਦੀਆਂ ਮੁਫ਼ਤ ਸੇਵਾਵਾਂ, ਮੁਫ਼ਤ ਕਾਨੂੰਨੀ ਸਲਾਹ ਮਸ਼ਵਰਾ, ਕੋਰਟ ਫੀਸ, ਤਲਬਾਨਾ ਫੀਸ, ਗਵਾਹਾਂ ਦੇ ਖਰਚੇ, ਵਕੀਲ ਦੀ ਫੀਸ ਅਤੇ ਅਦਾਲਤੀ ਕਾਰਵਾਈ ਵਿੱਚ ਆਉਣ ਵਾਲੇ ਹੋਰ ਸਾਰੇ ਖਰਚਿਆਂ ਦੀ ਅਦਾਇਗੀ ਅਤੇ ਘਰ ਹਵਾਲਾਤੀ/ ਅਨਾਥ ਨੂੰ ਰਿਹਾਇਤ ਦੇਣ ਵਾਲੀਆਂ ਮੁਫ਼ਤ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ।ਉਨ੍ਹਾਂ ਕਿਹਾ ਕਿ ਉਪਰੋਕਤ ਵਰਗਾਂ ਵਿੱਚੋਂ ਕੋਈ ਵੀ ਵਿਅਕਤੀ ਜੇਕਰ ਮੁਫ਼ਤ ਕਾਨੂੰਨੀ ਸੇਵਾਵਾਂ ਲੈਣੀਆਂ ਚਾਹੁੰਦਾ ਹੈ ਤਾਂ ਉਹ ਰਾਜ ਪੱਧਰ ਤੇ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ (ਮੋਹਾਲੀ) ਨਾਲ ਸੰਪਰਕ ਕਰ ਸਕਦਾ ਹੈ।ਇਸੇ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਮੁਫ਼ਤ ਕਾਨੂੰਨੀ ਸੇਵਾਵਾਂ ਲੈਣ ਲਈ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜਾਂ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਨਾਲ ਸੰਪਰਕ ਕੀਤਾ ਜਾ ਸਕਦਾ ਹੈ।ਇਸ ਤੋਂ ਇਲਾਵਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਟੋਲ ਫ੍ਰੀ ਨੰਬਰ 15100 ਉਪਰ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਲਾਇਬ੍ਰੇਰੀ ਰੋਡ 'ਤੇ ਲੱਗੀਆਂ ਡਬਲ ਪੀਲੀਆਂ ਪੱਟੀਆਂ ਸੁਵਿਧਾ ਦੀ ਥਾਂ ਬਣੀਆਂ ਦੁਬਿਧਾ ਦਾ ਕਾਰਨ

**ਗੁਰਦਾਸਪੁਰ, (ਜਨਕ ਮਹਾਜਨ)-** ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਵੱਲੋਂ ਸ਼ਹਿਰ ਦੇ ਲਾਇਬ੍ਰੇਰੀ ਰੋਡ ਤੋਂ ਹਨੂੰਮਾਨ ਚੌਕ ਤੱਕ ਦੋ ਪੀਲੀਆਂ ਪੱਟੀਆਂ ਸੜਕ ਕਿਨਾਰਿਆਂ 'ਤੇ ਲਗਾਈਆਂ ਗਈਆਂ ਹਨ ਤਾਂ ਜੋ ਵਾਹਨ ਚਾਲਕਾਂ ਨੂੰ ਪੀਲੀਆਂ ਪੱਟੀਆਂ ਦੇ ਬਾਹਰ ਵਾਹਨ ਖੜੇ ਕਰਨ ਦਾ ਇਸ਼ਾਰਾ ਮਿਲ ਸਕੇ ਪਰ ਉਥੇ ਹੀ ਦੂਸਰੇ ਪਾਸੇ ਇਸੇ ਸੜਕ 'ਤੇ ਡਾਕਟਰ ਪੀ. ਕੇ. ਮਹਾਜਨ ਦੇ ਸਾਹਮਣੇ ਵਾਲੇ ਪਾਸੇ ਤੋਂ ਲੈ ਕੇ ਗੋਲਡਨ ਸਕੂਲ ਵਾਲੀ ਗਲੀ ਤੱਕ ਵਿਭਾਗ ਵੱਲੋਂ ਇਕ ਪਾਸੇ ਵੱਖਰੀਆਂ ਦੋ ਪੀਲੀਆਂ ਲਾਈਨਾਂ ਬਣਾ ਦਿੱਤੀਆਂ ਗਈਆਂ ਹਨ ਜਿਸ ਤੋਂ ਵਾਹਨ ਚਾਲਕਾਂ ਨੂੰ ਪੀਲੀਆਂ ਪੱਟੀਆਂ ਵਿਚਕਾਰ ਪਾਰਕਿੰਗ ਕਰਨ ਦਾ ਬਹਾਨਾ ਮਿਲ ਗਿਆ ਹੈ। ਇਹ ਦੋ ਬਣਾਈਆਂ ਗਈਆਂ ਵੱਖਰੀਆਂ ਪੀਲੀਆਂ ਲਾਈਨਾਂ ਲਈ ਦੁਕਾਨਦਾਰਾਂ ਲਈ ਸੁਵਿਧਾ ਘੱਟ ਜਦੋਂ ਕਿ ਦੁਬਿਧਾ ਜ਼ਿਆਦਾ ਪੈਦਾ ਕਰ ਰਹੀਆਂ ਹਨ ਕਿਉਂਕਿ ਵਾਹਨ ਚਾਲਕ ਇਨ੍ਹਾਂ ਦੋਵਾਂ ਪੱਟੀਆਂ ਵਿਚਕਾਰ ਆਪਣੇ ਵਾਹਨ ਖੜੇ ਕਰਕੇ ਲੰਬਾ ਸਮਾਂ ਲਈ ਬਾਜ਼ਾਰਾਂ ਵੱਲ ਚਲੇ ਜਾਂਦੇ ਹਨ ਅਤੇ ਦੁਕਾਨਦਾਰਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕ ਨਿਰਮਾਣ



ਵਿਭਾਗ ਗੁਰਦਾਸਪੁਰ ਵੱਲੋਂ ਇਕ ਪਾਸੇ ਨੇੜੇ-ਨੇੜੇ ਲਗਾਈਆਂ ਗਈਆਂ ਦੋ ਪੱਟੀਆਂ ਸਮਝ ਤੋਂ ਬਾਹਰ ਹਨ ਕਿ ਥੋੜੀ ਜਿਹੀ ਜਗ੍ਹਾ ਵਿੱਚ ਇਹ ਦੋ ਪੱਟੀਆਂ ਕਿਸ ਕਾਰਨ ਲਈ ਲਗਾਈਆਂ ਗਈਆਂ ਹਨ। ਪ੍ਰਸ਼ਾਸਨ ਵੱਲੋਂ ਸੁੱਕੇ ਤਲਾਅ 'ਤੇ ਪਾਰਕਿੰਗ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਹੋਇਆ ਹੈ। ਉਸ ਦੇ ਬਾਵਜੂਦ ਲੋਕਾਂ ਵੱਲੋਂ ਬੇਧੜਕ ਇਸ ਸੜਕ ਉਪਰ ਹੀ ਵਾਹਨ ਪਾਰਕ ਕਰ ਦਿੱਤੇ ਜਾਂਦੇ ਹਨ ਜਿਸ ਨਾਲ ਟਰੈਫਿਕ ਵਿਚ ਭਾਰੀ ਵਿਘਨ ਪੈਂਦਾ ਹੈ। ਸ਼ਹਿਰ ਦੇ ਲਾਇਬ੍ਰੇਰੀ ਚੌਕ ਤੋਂ ਲੈ ਕੇ ਤਿੱਬੜੀ ਚੌਕ ਤੱਕ ਝਾਤ ਮਾਰੀ ਜਾਵੇ ਤਾਂ ਗੱਡੀਆਂ ਦੀਆਂ ਕਤਾਰਾਂ ਸੜਕ ਕੰਡੇ ਵੱਡੀ ਪੱਧਰ 'ਤੇ ਖੜੀਆਂ ਦਿਖਾਈ ਦਿੰਦੀਆਂ ਹਨ ਜਿਸ ਵੱਲ ਪ੍ਰਸ਼ਾਸਨ ਅਤੇ ਟਰੈਫਿਕ ਵਿਭਾਗ ਵੱਲੋਂ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਡਾਕਟਰ ਪੀ. ਕੇ. ਮਹਾਜਨ ਸਾਹਮਣੇ ਵਾਲੇ ਪਾਸੇ ਦੀ ਸੜਕ ਤੋਂ ਲੈ ਕੇ ਗੋਲਡਨ ਸਕੂਲ ਵਾਲੀ ਗਲੀ ਤੱਕ ਬਣਾਈਆਂ ਡਬਲ ਪੀਲੀਆਂ ਲਾਈਨਾਂ ਨੂੰ ਹਟਾਇਆ ਜਾਵੇ ਅਤੇ ਲੋਕਾਂ ਨੂੰ ਆਪਣੇ ਵਾਹਨ ਸੁੱਕੇ ਤਲਾਅ 'ਤੇ ਪਾਰਕ ਕਰਨ ਲਈ ਸਖਤ ਆਦੇਸ਼ ਦਿੱਤੇ ਜਾਣ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਲਾਇਬ੍ਰੇਰੀ ਰੋਡ 'ਤੇ ਸੜਕ ਵਿਚਕਾਰ ਸਫੈਦ ਪੱਟੀ ਅਤੇ ਸਾਈਡਾਂ 'ਤੇ ਦੋਵੇਂ ਪਾਸੇ ਇਕ ਇਕ ਪੀਲੀ ਪੱਟੀ ਲਗਾਈ ਹੋਈ ਸੀ, ਜਿਸ ਨਾਲ ਲੋਕ ਆਪਣੀਆਂ ਕਾਰਾਂ ਆਦਿ ਪੀਲੀ ਪੱਟੀ ਤੇ ਸਫੈਦ ਪੱਟੀ ਵਿਚਕਾਰ ਕਾਰਾਂ ਖੜੀਆਂ ਨਹੀਂ ਕਰਦੇ ਸਨ ਅਤੇ ਟਰੈਫ਼ਿਕ ਦੀ ਸਮੱਸਿਆ ਘੱਟ ਆਉਂਦੀ ਸੀ। ਜਦ ਇਸ ਸਬੰਧੀ ਨਗਰ ਕੌਂਸਲ ਦੇ ਜੇ. ਈ. ਰਾਜੇਸ਼ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸੜਕ ਦਾ ਨਿਰਮਾਣ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਵੱਲੋਂ ਕੀਤਾ ਗਿਆ ਹੈ ਅਤੇ ਨਗਰ ਕੌਂਸਲ ਗੁਰਦਾਸਪੁਰ ਦਾ ਇਸ ਸੜਕ ਨਾਲ ਕੋਈ ਤਾਅਲੁਕ ਨਹੀਂ। ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦੇ ਐੱਸ. ਡੀ. ਓ. ਲਵਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਲੋਕਾਂ ਦੀ ਮੁਸ਼ਕਿਲ ਨੂੰ ਵੇਖਦੇ ਹੋਏ ਜਲਦ ਹੀ ਸਰਦੀ ਘਟਣ 'ਤੇ ਮਾਰਚ ਮਹੀਨੇ ਤੱਕ ਸੜਕ ਦੇ ਇਕ ਪਾਸੇ ਲੱਗੀਆਂ ਦੋ ਪੀਲੀਆਂ ਪੱਟੀਆਂ ਵਿਚੋਂ ਇਕ ਪੱਟੀ ਨੂੰ ਹਟਾ ਦਿੱਤਾ ਜਾਵੇਗਾ ਤਾਂ ਜੋ ਕਾਰ ਪਾਰਕਿੰਗ ਵਾਲਿਆਂ ਦਾ ਭੁਲੇਖਾ ਦੂਰ ਹੋ ਜਾਵੇ।

# ਘਰ ਦੀ ਛੱਤ ਡਿੱਗਣ ਨਾਲ ਦੋ ਬੱਚੀਆਂ ਜ਼ਖਮੀ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-** ਫਤਿਹਗੜ੍ਹ ਚੂੜੀਆਂ ਦੇ ਵਾਰਡ ਨੰਬਰ 10 ਵਿਖੇ ਵਿਨੋਦ ਕੁਮਾਰ ਇੱਕ ਗਰੀਬ ਪਰਿਵਾਰ ਦੀਆਂ ਦੋ ਛੋਟੀਆਂ ਲੜਕੀਆਂ ਜਿਨ੍ਹਾਂ ਦੀ ਇਕ ਦੀ ਉਮਰ 11 ਸਾਲ ਅਤੇ ਦੂਜੀ ਦੀ 13 ਸਾਲ ਹੈ, ਆਪਣੇ ਘਰ ਦੀ ਛੱਤ ਉਪਰ ਧੁੱਪ ਸੇਕ ਰਹੀਆਂ ਸਨ ਤਾਂ ਅਚਾਨਕ ਲੜਕੀਆਂ ਸਮੇਤ ਛੱਤ ਡਿੱਗ ਪਈ ਜਿਸ ਨਾਲ ਬੱਚੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਬੱਚੀਆਂ ਦਾ ਵਾਲ-ਵਾਲ ਬਚਾਅ ਤਾਂ ਜ਼ਰੂਰ ਹੋ ਗਿਆ ਪਰ ਘਰ ਦੇ ਸਾਮਾਨ ਦਾ ਕਾਫੀ ਨੁਕਸਾਨ ਹੋਣ ਦੀ ਖਬਰ ਹੈ।ਇਸ ਸਬੰਧੀ ਵਿਨੋਦ ਕੁਮਾਰ ਦੀ ਪਤਨੀ ਅੰਜਲੀ ਅਤੇ ਭਰਾ ਰਾਹੁਲ ਕੁਮਾਰ ਨੇ ਦੱਸਿਆ ਕਿ ਘਰ ਦਾ ਕਾਫੀ ਨੁਕਸਾਨ ਹੋਇਆ ਹੈ।ਉਨ੍ਹਾਂ ਦੱਸਿਆ ਕਿ 2 ਵਾਰ ਕੱਚੇ ਮਕਾਨਾਂ ਦੀਆਂ ਛੱਤਾਂ ਦੇ ਫਾਰਮ ਵੀ ਭਰੇ ਸਨ ਪਰ ਅਜੇ ਤੱਕ ਕੋਈ ਪੈਸਾ ਨਹੀਂ ਮਿਲਿਆ।ਉਨ੍ਹਾਂ ਮੰਗ ਕੀਤੀ ਕਿ ਉਨਾਂ ਦੀ ਮਦਦ ਕੀਤੀ ਜਾਵੇ।

# ਕੰਡੀਲਾ ਵਿਖੇ ਦੋ ਰੋਜ਼ਾ ਫੁੱਟਬਾਲ ਟੂਰਨਾਮੈਂਟ 31 ਤੋਂ



**ਧਾਰੀਵਾਲ/ਹਰਚੋਵਾਲ, (ਮਨਦੀਪ ਵਿੱਕੀ)-** ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਐੱਨਆਰਆਈ ਵੀਰਾਂ ਅਤੇ ਪਿੰਡ ਦੇ ਸਹਿਯੋਗ ਨਾਲ ਦੋ ਰੋਜ਼ਾ ਤੀਸਰਾ ਫੁੱਟਬਾਲ ਟੂਰਨਾਮੈਂਟ ਪਿੰਡ ਕੰਡੀਲਾ ਵਿਖੇ 31 ਜਨਵਰੀ ਅਤੇ 1 ਫਰਵਰੀ ਨੂੰ ਕਰਵਾਇਆ ਜਾ ਰਿਹਾ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਪ੍ਰਬੰਧਕ ਸੂਬੇਦਾਰ ਖਜ਼ਾਨ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੋਪੀ ਗਿੱਲ, ਕੋਚ ਪਰਮਜੀਤ ਗਿੱਲ ਨੇ ਦੱਸਿਆ ਕਿ ਟੂਰਨਾਮੈਂਟ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ ।ਉਨ੍ਹਾਂ ਕਿਹਾ ਕਿ ਕੋਈ ਵੀ ਖਿਡਾਰੀ ਨਸ਼ਾ ਕਰਕੇ ਨਾ ਆਵੇ।ਇਸ ਮੌਕੇ ਇੰਟਰਨੈਸ਼ਨਲ ਖਿਡਾਰੀ ਯੁਵਰਾਜ ਸਿੰਘ ਗਿੱਲ ਐੱਮ ਆਰ ਫੁੱਟਬਾਲ ਕਲੱਬ ਹਰਿਆਣਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਟੂਰਨਾਮੈਂਟ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਹੱਕੀ ਮੰਗਾਂ ਨੂੰ ਲੈ ਕੇ ਫਰੀਡਮ ਫਾਈਟਰ ਪਰਿਵਾਰਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ

**ਪਠਾਨਕੋਟ (ਦਵਿੰਦਰ ਸਿੰਘ)-** ਆਲ ਇੰਡੀਆ ਫਰੀਡਮ ਫਾਈਟਰ ਫੈਮਿਲੀ ਐਸੋਸੀਏਸ਼ਨ ਦੀ ਅਹਿਮ ਮੀਟਿੰਗ ਫਰੀਡਮ ਫਾਈਟਰ ਸਮਾਰਕ ਲਾਧੂਪੁਰ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਜ਼ਿਲ੍ਹਾ ਗੁਰਦਾਸਪੁਰ ਅਤੇ ਜ਼ਿਲ੍ਹਾ ਪਠਾਨਕੋਟ ਦੇ ਫਰੀਡਮ ਡਾਕਟਰ ਪਰਿਵਾਰਾਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਨੂੰ ਆਈਆਂ ਮੁਸ਼ਕਲਾਂ ਅਤੇ ਉਹਨਾਂ ਦੀਆਂ ਹੱਕੀ ਮੰਗਾਂ ਸਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਕਰੀਬ 70 ਮੈਂਬਰ ਸ਼ਾਮਿਲ ਹੋਏ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਸਰਦਾਰ ਸੁਲੱਖਣ ਸਿੰਘ ਗੁਰਾਇਆ ਨੇ ਕਿਹਾ ਕਿ ਸਾਡੇ ਪੁਰਖਿਆਂ ਨੇ ਹਰ ਕੁਰਬਾਨੀ ਦੇ ਕੇ ਜੇਲਾਂ ਕੱਟ ਕੇ ਭੁੱਖਾਂ ਕੱਟ ਕੇ ਜਾਇਦਾਦਾਂ ਕੁਰਕ ਕਰਵਾ ਕੇ ਤੇ ਡਾਂਗਾਂ ਖਾ ਕੇ ਘਰੋਂ ਬੇਕਾਰਬ ਰਹਿ ਕੇ ਦੇਸ਼ ਨੂੰ ਆਜ਼ਾਦੀ ਦਵਾਈ ਪਰ ਅੱਜ ਸਮੇਂ ਦੀਆਂ ਸਰਕਾਰਾਂ ਸਾਡੀਆਂ ਹੱਕੀ ਮੰਗਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਹੀਆਂ ਜਿਸ ਕਾਰਨ ਸਾਨੂੰ ਡੀਸੀ ਦਫਤਰ ਅਤੇ ਹੋਰ ਮਹਿਕਮੇ ਵਿੱਚ ਆਪਣੇ ਕੰਮ ਧੰਦਾ ਕਰਾਉਣ ਲਈ ਬਹੁਤ ਹੀ ਖੱਜਲ ਖੁਆਰ ਹੋਣਾ ਪੈਂਦਾ ਹੈ ਜਿਸ ਕਾਰਨ ਸਾਨੂੰ ਸਾਡਾ ਬਣਦਾ ਮਾਣ ਸਨਮਾਨ ਦਫਤਰਾਂ ਵਿੱਚ ਨਹੀਂ ਮਿਲਦਾ। ਉਨ੍ਹਾਂ ਦੱਸਿਆ ਕਿ ਸਾਡੀ ਇਕ ਜਥੇਬੰਦੀ ਜੋ 196 ਨੰਬਰ ਰਜਿਸਟਰਡ ਹੈ ਅਤੇ ਉਸਦੇ ਪ੍ਰਧਾਨ ਚਿੰਤਨ ਸਿੰਘ ਸੁਨਾਮ ਹਨ ਉਹ ਪਿਛਲੇ ਚਾਰ ਪੰਜ ਦਿਨਾਂ ਤੋਂ ਲਗਾਤਾਰ ਆਪਣੀਆਂ ਮੰਗਾਂ ਮਨਵਾਉਣ



ਲਈ ਸਨਾਮ ਵਿਖੇ ਅਣਮਿਥੇ ਸਮੇਂ ਲਈ ਧਰਨੇ ਦੇ ਬੈਠੇ ਹਨ ਪਰ ਸਰਕਾਰ ਕੋਈ ਧਿਆਨ ਨਹੀਂ ਦੇ ਰਹੀ। ਦਲਵੀਰ ਸਿੰਘ ਡੁਗਰੀ ਨੇ ਕਿਹਾ ਕਿ 26 ਜਨਵਰੀ ਅਤੇ 15 ਅਗਸਤ ਸਾਡੇ ਪਵਿੱਤਰ ਤਿਉਹਾਰ ਹਨ ਪਰ ਸਰਕਾਰ ਸਾਨੂੰ ਉਥੇ ਵੀ ਨਜ਼ਰਅੰਦਾਜ਼ ਕਰਦੀ ਹੈ। ਸ. ਤਰਸੇਮ ਸਿੰਘ ਪਠਾਨਕੋਟ ਨੇ ਕਿਹਾ ਕਿ ਸਾਡੀ ਜਥੇਬੰਦੀ ਕਈ ਵਾਰ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦੇ ਚੁੱਕੀ ਹੈ ਪਰ ਸਾਨੂੰ ਕਦੇ ਵੀ ਗੱਲਬਾਤ ਵਾਸਤੇ ਬੁਲਾਇਆ ਨਹੀਂ ਜਾਂਦਾ। ਇਸ ਕਰਕੇ ਮੰਗਾਂ ਸੰਬੰਧੀ ਮੁੱਖ ਮੰਤਰੀ ਮਾਨ ਕੋਲੋਂ ਮੰਗਾਂ ਲਈ ਸਮਾਂ ਲਿਆ ਜਾਵੇ। .ਠਾਕੁਰ ਕਸ਼ਮੀਰ ਸਿੰਘ ਨੇ ਪੰਜਾਬ ਫਰੀਡਮ ਫਾਈਟਰ ਬੋਰਡ ਦੇ ਬਣਨ ਸਬੰਧੀ ਮੰਗ ਰੱਖਦਿਆਂ ਕਿਹਾ ਕਿ ਹਰ ਵਰਗ ਲਈ ਪੰਜਾਬ ਸਰਕਾਰ ਨੇ ਬੋਰਡ ਬਣਾਏ ਹਨ ਪਰ ਫਰੀਡਮ ਫਾਈਟਰਾਂ ਵਾਸਤੇ ਬੋਰਡ ਦਾ ਗਠਨ ਨਹੀਂ ਕੀਤਾ ਗਿਆ ਜਦੋਂ ਕਿ ਸ਼੍ਰੀ ਮਹਿੰਦਰ ਭਗਤ ਨੇ ਅੱਜ ਤੋਂ ਇੱਕ ਸਾਲ ਪਹਿਲਾਂ ਸਾਰੀਆਂ ਜਥੇਬੰਦੀਆਂ ਨਾਲ ਜਲੰਧਰ ਵਿਖੇ ਮੀਟਿੰਗ ਵਿੱਚ ਕਿਹਾ ਸੀ ਕਿ ਬੋਰਡ ਜਲਦੀ ਹੀ ਬਣ ਜਾਵੇਗਾ ਪਰ ਅੱਜ ਤੱਕ ਨਹੀਂ ਬਣਿਆ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਸਾਡੀ ਜਥੇਬੰਦੀ ਸੁਨਾਮ ਵਿੱਚ ਚੱਲ ਰਹੇ ਅਣਮਿਥੇ ਸਮੇਂ ਲਈ ਲੱਗੇ ਧਰਨੇ ਦੀ ਹਮਾਇਤ ਕਰਦੀ ਹੈ। ਅਸੀਂ ਸਰਕਾਰ ਨੂੰ ਦੁਬਾਰਾ ਬੇਨਤੀ ਕਰਦੇ ਹਾਂ ਕਿ ਧਰਨਾਕਾਰੀਆਂ ਦੀਆਂ ਮੰਗਾਂ ਨੂੰ ਤੁਰੰਤ ਪ੍ਰਵਾਨ ਕਰਦੇ ਹੋਏ ਧਰਨਾ ਸਮਾਪਤ ਕਰਵਾਇਆ ਜਾਵੇ। ਸਾਡੀ ਸੰਸਥਾ ਮੁੱਖ ਮੰਤਰੀ ਸਾਹਬ ਤੋਂ 26 ਜਨਵਰੀ ਤੋਂ ਪਹਿਲਾਂ ਮੀਟਿੰਗ ਦਾ ਸਮਾਂ ਮੰਗਦੀ ਹੈ ਕਿਉਂਕਿ ਅਸੀਂ 23 ਦਸੰਬਰ ਨੂੰ ਥਰੂ ਏਡੀਸੀ ਗੁਰਦਾਸਪੁਰ ਮੰਗ ਪੱਤਰ ਦੇ ਕੇ ਮੰਗ ਕਰ ਚੁੱਕੇ ਹਾਂ। ਜੇ ਸਾਨੂੰ ਸਮਾਂ ਨਾ ਦਿੱਤਾ ਗਿਆ ਤਾਂ ਬਾਕੀ ਜ਼ਿਲ੍ਹਿਆਂ ਦੀਆਂ ਭਰਾਤਰੀ ਜਥੇਬੰਦੀਆਂ ਨਾਲ ਮੀਟਿੰਗ ਕਰਕੇ 26 ਜਨਵਰੀ ਦੇ ਸਰਕਾਰੀ ਪ੍ਰੋਗਰਾਮਾਂ ਦਾ ਬਾਈਕਾਟ ਕੀਤਾ ਜਾਵੇਗਾ ਅਤੇ 26 ਜਨਵਰੀ ਵੱਖਰੇ ਤੌਰ 'ਤੇ ਮਨਾਈ ਜਾਵੇਗੀ। ਇਸ ਮੌਕੇ ਠਾਕੁਰ ਖਜੂਰ ਸਿੰਘ, ਕਰਨ ਸਿੰਘ, ਪ੍ਰਮੋਦ ਕੁਮਾਰ, ਰਵਿੰਦਰ ਸਿੰਘ, ਪਿਆਰਾ ਸਿੰਘ, ਜਸਵੀਰ ਸਿੰਘ ਘੁੰਮਣ, ਸੁਖਵਿੰਦਰ ਸਿੰਘ ਨਵਾਂ ਪਿੰਡ, ਬੀਬੀ ਬਲਜੀਤ ਕੌਰ, ਸਰਬਜੀਤ ਕੌਰ, ਨਿਸ਼ਾਨ ਸਿੰਘ ਬੱਬੇਹਾਲੀ, ਹਿਰਦੇਪਾਲ ਸਿੰਘ, ਜਸਵੰਤ ਸਿੰਘ ਅਠਵਾਲ, ਰਜਨੀਸ਼ ਕੁਮਾਰ, ਯੁੱਧਵੀਰ ਸਿੰਘ, ਕੇਵਲ ਕ੍ਰਿਸ਼ਨ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਿਲ ਹੋਏ।

# ਕਾਦੀਆਂ ਰੋਡ 'ਤੇ ਗਲੀ ਦਾ ਨਿਰਮਾਣ ਕਾਰਜ ਸ਼ੁਰੂ



**ਬਟਾਲਾ, (ਡਾ. ਮਲਵਿੰਦਰ ਸਿੰਘ)-** ਬਟਾਲਾ ਸ਼ਹਿਰ ਵਿੱਚ ਲੋਕਹਿਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਨਿਰੰਤਰ ਜਾਰੀ ਹਨ, ਜਿਸ ਦੇ ਚੱਲਦਿਆਂ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਾਦੀਆਂ ਰੋਡ 'ਤੇ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿੱਚ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ। ਵਿਧਾਇਕ ਸ਼ੈਰੀ ਕਲਸੀ ਨੇ ਗੱਲਬਾਤ ਦੌਰਾਨ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਸੂਬੇ ਭਰ ਵਿੱਚ ਲੋਕਾਂ ਦੇ ਹਿੱਤ ਵਿੱਚ ਵੱਡੇ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਬਟਾਲੇ ਹਲਕੇ ਅੰਦਰ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਚਹੁੰਪੱਖੀ ਵਿਕਾਸ ਤੇ ਲੋਕਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਹੱਲ ਕਰਨ ਲਈ ਉਹ ਵਚਨਬੱਧ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਬਟਾਲਾ ਵਿੱਚ ਨਵੇਂ ਬਣੇ ਤਹਿਸੀਲ ਕੰਪਲੈਕਸ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।ਬਟਾਲਾ ਹਲਕੇ ਸਮੇਤ ਕਰੀਬ 314 ਪਿੰਡਾਂ ਦੇ ਲੋਕ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਹਾਸਿਲ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਸੇਵਾ ਕਰਨ ਦਾ ਮੌਕਾ ਦਿੱਤਾ, ਮੈਂ ਤੁਹਡੀ ਸੇਵਾ ਵਿੱਚ ਚੌਵੀ ਘੰਟੇ ਹਾਜ਼ਰ ਹਾਂ ਅਤੇ ਲੋਕਾਂ ਦੇ ਸਹਿਯੋਗ ਨਾਲ ਬਟਾਲਾ ਹਲਕੇ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਇਆ ਜਾ ਰਿਹਾ ਹੈ।

# ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਆਦਿੱਤਿਆ ਗੁਪਤਾ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ



**ਗੁਰਦਾਸਪੁਰ, (ਜਨਕ ਮਹਾਜਨ)-** 26 ਜਨਵਰੀ ਨੂੰ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ ਗੁਰਦਾਸਪੁਰ ਵਿਖੇ ਗਣਤੰਤਰ ਦਿਵਸ ਸਮਾਗਮ ਪੂਰੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਮਨਾਉਣ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਸਬੰਧੀ ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜਨਰਲ) ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ (ਜ) ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਭਾਗ ਗਣਤੰਤਰ ਦਿਵਸ ਸਮਾਗਮ ਨੂੰ ਸਫਲ ਬਣਾਉਣ ਲਈ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਸ਼ਹਿਰ ਦੀ ਸਾਫ਼-ਸਫ਼ਾਈ ਵੱਲ ਵਿਸ਼ੇਸ਼ ਧਿਆਨ ਦੇਣ ਸਮੇਤ ਸਬੰਧਤ ਵਿਭਾਗਾਂ ਨੂੰ ਸਮਾਗਮ ਤੋਂ ਪਹਿਲਾਂ ਪਹਿਲਾਂ ਤਿਆਰੀਆਂ ਮੁਕੰਮਲ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪੰਜਾਬ ਪੁਲਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨਸੀਸੀ ਕੈਡਿਟਸ ਅਤੇ ਸਕੂਲੀ ਵਿਦਿਆਰਥੀਆਂ ਦੀਆਂ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਨੂੰ ਦਰਸਾਉਂਦੀਆਂ ਝਾਕੀਆਂ ਪੇਸ਼ ਕੀਤੀਆਂ ਜਾਣਗੀਆਂ। ਮੀਟਿੰਗ ਵਿੱਚ ਐੱਸਡੀਐੱਮ ਗੁਰਦਾਸਪੁਰ ਅਨੁਪ੍ਰੀਤ ਕੌਰ, ਆਰਟੀਓ ਮੈਡਮ ਨਵਜੋਤ ਸ਼ਰਮਾ, ਜ਼ਿਲ੍ਹਾ ਖਜਾਨਾ ਅਫਸਰ ਜੋਗਿੰਦਰ ਪਾਲ ਸ਼ਰਮਾ, ਡੀਐੱਫਐੱਸਸੀ ਸੁਖਜਿੰਦਰ ਸਿੰਘ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਡਾ. ਕਿਰਤਪ੍ਰੀਤ ਕੌਰ, ਪ੍ਰਿੰਸੀਪਲ ਸਰਕਾਰੀ ਕਾਲਜ ਗੁਰਦਾਸਪੁਰ ਪ੍ਰੋ. ਅਸ਼ਵਨੀ ਕੁਮਾਰ ਭੱਲਾ, ਡੀਈਓ (ਸ:) ਗੁਰਦਾਸਪੁਰ ਪਰਮਜੀਤ ਕੌਰ, ਜ਼ਿਲ੍ਹਾ ਨੋਡਲ ਅਫਸਰ ਪਰਮਿੰਦਰ ਸਿੰਘ ਸੈਣੀ ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਹਾਜ਼ਰ ਸਨ।

# ਸਰਦੀਆਂ 'ਚ ਮੈਡੀਕਲ ਐਮਰਜੈਂਸੀ ਦੇ ਮਾਮਲੇ 'ਚ ਸਮੇਂ ਸਿਰ ਇਲਾਜ ਜ਼ਰੂਰੀ : ਡਾ. ਸੰਜੇ ਪੁਰੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਬ੍ਰੇਨ ਸਟ੍ਰੋਕ, ਕਾਰਡੀਅਕ ਐਮਰਜੈਂਸੀ, ਟਰੌਮਾ ਕੇਸਾਂ ਅਤੇ ਕੋਹਰੇ ਨਾਲ ਸਬੰਧਿਤ ਸੜਕ ਹਾਦਸਿਆਂ ਵਿੱਚ ਜਾਨਾਂ ਬਚਾਉਣ ਵਿੱਚ ਜਲਦੀ ਲੱਛਣਾਂ ਦਾ ਪਤਾ ਲਗਾਉਣ, ਤੁਰੰਤ ਮੈਡੀਕਲ ਅਤੇ ਐਮਰਜੈਂਸੀ ਦੇਖਭਾਲ ਦੀ ਮਹੱਤਵਪੂਰਨ ਭੂਮਿਕਾ ਤੇ ਚਾਨਣਾ ਪਾਉਂਦੇ ਹੋਏ, ਲਿਵਾਸਾ ਹਸਪਤਾਲ ਦੇ ਪ੍ਰਿੰਸੀਪਲ ਕੰਸਲਟੈਂਟ-ਨਿਊਰੋਸਰਜਰੀ ਰਾਜਵੀਰ ਗਰਗ, ਕੰਸਲਟੈਂਟ-ਇੰਟਰਵੈਂਸ਼ਨਲ ਕਾਰਡੀਓਲੋਜੀ ਡਾ. ਗਗਨਦੀਪ ਸਿੰਘ, ਨਿਊਰੋਲੋਜਿਸਟ ਡਾ. ਨਿਤਿਕਾ ਮਹਾਜਨ, ਕੰਸਲਟੈਂਟ-ਆਰਥੋਪੈਡਿਕ ਐਂਡ ਜੁਆਇੰਟ ਰਿਪਲੇਸਮੈਂਟ ਡਾ. ਸੰਦੀਪ ਸਿੰਘ, ਕੰਸਲਟੈਂਟ-ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਡਾ. ਮਨੀਸ਼ਾ ਅਗਰਵਾਲ, ਕੰਸਲਟੈਂਟ-ਇੰਟਰਨਲ ਮੈਡੀਸਿਨ-ਕ੍ਰਿਟੀਕਲ ਕੇਅਰ ਐਂਡ ਅਨੈਸਥੀਸੀਓਲੋਜੀ ਡਾ. ਰੋਹਿਤ ਕਾਂਸਲ ਅਤੇ ਕੰਸਲਟੈਂਟ-ਕ੍ਰਿਟੀਕਲ ਕੇਅਰ ਯੂਨਿਟ ਡਾ. ਮੁਹੰਮਦ ਸ਼ੋਇਬ ਨੇ ਸਮੇਂ ਸਿਰ ਡਾਕਟਰੀ ਇਲਾਜ ਕਰਵਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਡਾਕਟਰਾਂ ਨੇ ਦੱਸਿਆ ਕਿ ਘੱਟ ਤਾਪਮਾਨ ਕਾਰਨ ਬਲੱਡ ਪ੍ਰੈਸ਼ਰ ਵਧਦਾ ਹੈ ਅਤੇ ਥੱਕੇ ਜੰਮਣ ਦੀ ਪ੍ਰਵਿਰਤੀ ਵਧਦੀ ਹੈ।ਸਰਦੀਆਂ ਦੇ ਮਹੀਨਿਆਂ ਵਿੱਚ ਸੰਘਣੀ ਧੁੰਦ ਸੜਕ ਹਾਦਸਿਆਂ ਵਿੱਚ ਵਾਧੇ ਵਿੱਚ ਯੋਗਦਾਨ ਪਾਉਂਦੀ ਹੈ।ਡਾਕਟਰਾਂ ਨੇ ਕਿਹਾ ਕਿ ਇਸ ਨਾਲ ਗੰਭੀਰ ਸੱਟਾਂ ਲੱਗਦੀਆਂ ਹਨ



ਜਿਵੇਂ ਕਿ ਫ੍ਰੈਕਚਰ, ਸਿਰ ਤੇ ਸਦਮਾ ਅਤੇ ਪੌਲੀਟਰੌਮਾ, ਜਿੱਥੇ ਸਮੇਂ ਸਿਰ, ਐਮਰਜੈਂਸੀ ਮੈਡੀਕਲ ਇਲਾਜ ਜੀਵਨ ਬਚਾਉਣ ਵਾਲੀ ਹੋ ਸਕਦੀ ਹੈ।ਪ੍ਰਿੰਸੀਪਲ ਕੰਸਲਟੈਂਟ ਨਿਊਰੋਸਰਜਰੀ ਡਾ. ਰਾਜਵੀਰ ਗਰਗ ਨੇ ਦੱਸਿਆ ਕਿ ਸਥਾਈ ਨਿਊਰੋਲੋਜੀਕਲ ਨੁਕਸਾਨ ਨੂੰ ਰੋਕਣ ਲਈ ਸ਼ੁਰੂਆਤੀ ਇਮੇਜਿੰਗ ਅਤੇ ਸਮੇਂ ਸਿਰ ਨਿਊਰੋਸਰਜੀਕਲ ਪ੍ਰਕਿਰਿਆ ਮਹੱਤਵਪੂਰਨ ਹੈ।ਡਾ. ਗਗਨਦੀਪ ਸਿੰਘ ਨੇ ਦੱਸਿਆ ਕਿ ਕਿਵੇਂ ਠੰਡਾ ਮੌਸਮ ਦਿਲ ਦੇ ਕੰਮ ਦੇ ਬੋਝ ਨੂੰ ਵਧਾਉਂਦਾ ਹੈ।ਨਿਤਿਕਾ ਮਹਾਜਨ ਨੇ ਸਟ੍ਰੋਕ ਦੇ ਸ਼ੁਰੂਆਤੀ ਚੇਤਾਵਨੀ ਦੇ ਸੰਕੇਤਾਂ ਤੇ ਬੋਲਦਿਆਂ ਕਿਹਾ ਕਿ ਅਚਾਨਕ ਕਮਜ਼ੋਰੀ, ਬੋਲਣ ਵਿੱਚ ਮੁਸ਼ਕਲ, ਚਿਹਰੇ ਦਾ ਝੁਕਣਾ ਅਤੇ ਗੰਭੀਰ ਸਿਰ ਦਰਦ ਦੇ ਸੰਕੇਤ ਦੌਰਾਨ ਸਮੇਂ ਸਿਰ ਡਾਕਟਰੀ ਇਲਾਜ ਜ਼ਰੂਰੀ ਹੈ ।ਫੈਸਿਲਿਟੀ ਹੈੱਡ-ਲਿਵਾਸਾ ਹਸਪਤਾਲ ਸੰਜੇ ਪੁਰੀ ਨੇ ਕਿਹਾ ਕਿ ਲਿਵਾਸਾ ਹਸਪਤਾਲ ਐਡਵਾਂਸਡ ਬੁਨਿਆਦੀ ਢਾਂਚੇ ਅਤੇ ਮਾਹਰ ਟੀਮਾਂ ਨਾਲ ਚੌਵੀ ਘੰਟੇ ਟਰਾਮ, ਸਟ੍ਰੋਕ ਅਤੇ ਦਿਲ ਦੀਆਂ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਲੈਸ ਹੈ।

# ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਵੀਡੀਓ, ਫ਼ੋਟੋਆਂ ਵਾਇਰਲ ਕਰਨ ਵਾਲੇ 'ਤੇ ਪੁਲਸ ਵੱਲੋਂ ਸ਼ਿਕੰਜਾ

**ਗੁਰਦਾਸਪੁਰ, (ਜਨਕ ਮਹਾਜਨ)-** ਸਾਇਬਰ ਕ੍ਰਾਈਮ ਗੁਰਦਾਸਪੁਰ ਪੁਲਸ ਨੇ ਸੋਸ਼ਲ ਮੀਡੀਆ 'ਤੇ ਵੀਡੀਓ, ਫ਼ੋਟੋਆਂ ਵਾਇਰਲ ਕਰਨ 'ਤੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਪੀੜਤ ਔਰਤ ਵਾਸੀ ਮੋੜ ਥਾਣਾ ਕਲਾਨੌਰ ਨੇ ਦੱਸਿਆ ਕਿ ਮੇਰੀ 15 ਸਾਲ ਪਹਿਲਾਂ ਗੁਰਟੇਕ ਸਿੰਘ ਨਾਲ ਸ਼ਾਦੀ ਹੋਈ ਸੀ ਅਤੇ ਦੋ ਬੱਚੇ ਹਨ। ਕਥਿਤ ਦੋਸ਼ੀ ਬਲਜੀਤ ਸਿੰਘ ਸ਼ਿਕਾਇਤ ਕਰਤਾ ਦੀ ਵੱਡੀ ਭੈਣ ਦਾ ਦਿਓਰ ਹੈ। ਆਪਸ ਵਿੱਚ ਰਿਸ਼ਤੇਦਾਰੀ ਹੋਣ ਕਰਕੇ ਆਪਸੀ ਜਾਣ ਪਹਿਚਾਣ ਹੋ ਗਈ ਅਤੇ ਆਪਸ ਵਿਚ ਮਿਲਣ ਲੱਗ ਪਏ ਸੀ। ਕਥਿਤ ਦੋਸ਼ੀ ਨੇ ਸ਼ਿਕਾਇਤ ਕਰਤਾ ਨਾਲ ਕੁਝ ਇਤਰਾਜ਼ਯੋਗ ਫੋਟੋਆਂ ਖਿੱਚ ਲਈਆਂ ਅਤੇ ਵੀਡੀਓ ਬਣਾ ਲਈਆਂ। ਜਦ ਪੀੜਤਾ ਨੇ ਕਥਿਤ ਦੋਸ਼ੀ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਡਰਾਉਣ ਧਮਕਾਉਣ ਲੱਗ ਪਿਆ ਅਤੇ ਕਿਹਾ ਕਿ ਜੇਕਰ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਤੇਰੀਆਂ ਇਹ ਵੀਡੀਓ ਅਤੇ ਫੋਟੋਆਂ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦੇਵੇਗਾ। ਕਥਿਤ ਦੋਸ਼ੀ ਨੇ ਮਿਤੀ 16 ਜਨਵਰੀ ਨੂੰ ਪੀੜਤਾ ਦੀਆਂ ਆਪਣੇ ਨਾਲ ਖਿੱਚੀਆਂ ਇਤਰਾਜ਼ਯੋਗ ਵੀਡੀਓ ਅਤੇ ਫੋਟੋਆਂ ਨੂੰ ਆਪਣੀ ਇੰਸਟਾਗ੍ਰਾਮ ਆਈ. ਡੀ. 'ਤੇ ਸ਼ੇਅਰ ਕਰਕੇ ਸ਼ਿਕਾਇਤ ਕਰਤਾ ਦੀ ਸਮਾਜ ਵਿੱਚ ਬਦਨਾਮੀ ਕੀਤੀ ਹੈ। ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਚੱਲ ਰਹੇ ਵਿਕਾਸ ਕੰਮਾਂ ਦਾ ਲਿਆ ਜਾਇਜ਼ਾ



**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)-** ਹਲਕਾ ਫਤਿਹਗੜ੍ਹ ਚੂੜੀਆਂ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਬਲਬੀਰ ਸਿੰਘ ਪੰਨੂੰ ਵੱਲੋਂ ਆਪਣੇ ਸਾਥੀਆਂ ਸਮੇਤ ਫਤਿਹਗੜ੍ਹ ਚੂੜੀਆਂ 'ਚ ਬੱਦੋਵਾਲ ਰੋਡ ਅਤੇ ਸਟੇਸ਼ਨ ਰੋਡ ਤੇ ਚੱਲ ਰਹੇ ਰਹੇ ਵੱਖ -ਵੱਖ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਬਲਬੀਰ ਸਿੰਘ ਪੰਨੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਲੰਮੇ ਸਮੇ ਤੋਂ ਮੰਗਾਂ ਨੂੰ ਵੇਖਦੇ ਹੋਏ ਪਹਿਲ ਦੇ ਆਧਾਰ 'ਤੇ ਉਕਤ ਵਿਕਾਸ ਕੰਮ ਕਰਵਾਏ ਜਾ ਰਹੇ ਹਨ।ਪੰਨੂੰ ਨੇ ਤ੍ਰਿਪਤ ਬਾਜਵਾ ਵੱਲੋਂ ਵਿਕਾਸ ਕਾਰਜ ਦੇ ਕੀਤੇ ਜਾ ਰਹੇ ਦਾਅਵਿਆਂ ਦਾ ਖੰਡਨ ਕਰਦਿਆਂ ਕਿਹਾ ਕਿ ਤ੍ਰਿਪਤ ਬਾਜਵਾ ਝੂਠ ਬੋਲਣਾ ਬੰਦ ਕਰਨ।ਇਸ ਮੌਕੇ ਨਵੀਸ ਨੰਦਾ, ਕੌਂਸਲਰ ਰਾਜੀਵ ਸੋਨੀ, ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ ਹਲਕਾ, ਡਾ. ਅਨੂਪ ਜਨੋਤਰਾ, ਕੋਆਰਡੀਨੇਟਰ ਕਿਸਾਨ ਵਿੰਗ ਡਾਕਟਰ ਮੰਗਲ ਸਿੰਘ ਬੰਦੇਸ਼ਾ, ਸਤਨਾਮ ਸਿੰਘ ਗਿੱਲ, ਕੁਲਦੀਪ ਸਿੰਘ ਖਾਲਸਾ, ਜੇਮਸ ਮਸੀਹ, ਰਜਿੰਦਰ ਕੁਮਾਰ ਸੁੰਦਰ, ਸਲੀਮ ਮਸੀਹ, ਡਾਕਟਰ ਮੈਨੁਅਲ ਮਸੀਹ, ਰਸ਼ਪਾਲ ਸਿੰਘ ਕਾਹਲੋਂ, ਗੁਲਜਾਰ ਮਸੀਹ ਆਦਿ ਹਾਜ਼ਰ ਸਨ।

# ਸੜਕ ਸੁਰੱਖਿਆ ਮਹੀਨੇ ਤਹਿਤ ਲੋਕਾਂ ਨੂੰ ਆਵਾਜਾਈ ਨਿਯਮਾਂ ਬਾਰੇ ਕੀਤਾ ਜਾ ਰਿਹੈ ਜਾਗਰੂਕ

## ਡਰਾਈਵਰਾਂ ਦੀਆਂ ਅੱਖਾਂ ਦਾ ਚੈੱਕਅਪ ਕਰਨ ਦੇ ਨਾਲ-ਨਾਲ ਦੋਪਹੀਆ ਵਾਹਨ ਚਾਲਕਾਂ ਨੂੰ ਵੰਡੇ ਹੈਲਮਟ

**ਪੱਟੀ (ਬਲਦੇਵ ਸਿੰਘ ਸੰਧੂ)-** ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਟਰਾਂਸਪੋਰਟ ਵਿਭਾਗ ਵੱਲੋਂ 1 ਜਨਵਰੀ ਤੋਂ 31 ਜਨਵਰੀ ਤੱਕ ਰੋਡ ਸੇਫਟੀ ਮਹੀਨਾ ਮਨਾਇਆ ਜਾ ਰਿਹਾ ਹੈ। ਰੋਡ ਸੇਫਟੀ ਮਾਹ ਤਹਿਤ ਟਰਾਂਸਪੋਰਟ ਵਿਭਾਗ ਵੱਲੋਂ ਆਮ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਸਬੰਧੀ ਜਾਗਰੂਕ ਕਰਨ ਦੇ ਇਲਾਵਾ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ



ਵੀ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ।ਇਨ੍ਹਾਂ ਯਤਨਾਂ ਤਹਿਤ ਜ਼ਿਲ੍ਹਾ ਟਰਾਂਸਪੋਰਟ ਅਫਸਰ ਤਰਨ ਤਾਰਨ ਕਪਿਲ ਜਿੰਦਲ ਦੀ ਨਿਗਰਾਨੀ ਹੇਠ ਸਿਵਲ ਸਰਜਨ ਤਰਨ ਤਾਰਨ, ਜ਼ਿਲ੍ਹਾ ਸਿੱਖਿਆ ਅਫਸਰ, ਤਰਨ ਤਾਰਨ, ਟ੍ਰੈਫਿਕ ਪੁਲਿਸ ਤਰਨ ਤਾਰਨ ਅਤੇ ਜ਼ਿਲ੍ਹਾ ਬਾਲ ਵਿਕਾਸ ਅਫਸਰ, ਤਰਨ ਤਾਰਨ ਸਮੂਹ ਵਿਭਾਗਾਂ ਦੇ ਸਹਿਯੋਗ ਨਾਲ ਵੱਖ-ਵੱਖ ਗਤਿਵਿਧੀਆਂ ਕੀਤੀਆਂ ਜਾ ਰਹੀਆਂ ਹਨ। ਟਰਾਂਸਪੋਰਟ ਵਿਭਾਗ ਦੀ ਅਗਵਾਈ ਹੇਠ ਅੱਜ ਸੜਕ ਸੁਰੱਖਿਆ ਮਾਹ ਤਹਿਤ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਵਾਹਨਾਂ ਉਪਰ ਰਿਫਲੈਕਟਰ ਲਗਾਏ ਗਏ ਤਾਂ ਜੋ ਰਾਤ ਸਮੇਂ ਅਤੇ ਧੁੰਦ ਦੌਰਾਨ ਸੜਕੀ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ।ਇਸੇ ਤਹਿਤ ਹੀ ਵੱਖ ਵੱਖ ਸਕੂਲਾਂ ਵਿੱਚ ਟਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਸੈਮੀਨਾਰ ਲਗਾਏ ਗਏ ਅਤੇ ਸਕੂਲੀ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦੇਣ ਦੇ ਨਾਲ ਉਨ੍ਹਾਂ ਨੂੰ ਹਮੇਸ਼ਾ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਤ ਕੀਤਾ ਗਿਆ।ਇਸ ਦੌਰਾਨ ਹੀ ਟਰਾਂਸਪੋਰਟ ਵਿਭਾਗ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਟੈਕਸੀ ਸਟੈਂਡਾਂ ਉਪਰ ਵਿਸ਼ੇਸ਼ ਕੈਂਪ ਲਗਾ ਕੇ ਡਰਾਈਵਰਾਂ ਦੀ ਨਜ਼ਰ ਟੈਸਟ ਕੀਤੀ ਗਈ।ਸੜਕਾਂ ਉੱਪਰ ਵਿਸ਼ੇਸ਼ ਨਾਕੇ ਲਗਾ ਕੇ ਜਿਹੜੇ ਦੋ ਪਹੀਆ ਵਾਹਨ ਚਾਲਕਾਂ ਕੋਲ ਹੈਲਮਟ ਨਹੀਂ ਸਨ ਉਨ੍ਹਾਂ ਨੂੰ ਹੈਲਮਟ ਵੰਡੇ ਗਏ ਅਤੇ ਨਾਲ ਹੀ ਤਾਕੀਦ ਕੀਤੀ ਗਈ ਕਿ ਉਹ ਬਿਨਾਂ ਹੈਲਮਟ ਤੋਂ ਦੋ ਪਹੀਆ ਵਾਹਨ ਕਦੀ ਨਾ ਚਲਾਉਣ।ਇਸ ਮੌਕੇ ਕਪਿਲ ਜਿੰਦਲ ਆਰਟੀਓ ਤਰਨ ਤਾਰਨ, ਮਨਿੰਦਰ ਸਿੰਘ ਏਟੀਓ ਤਰਨ ਤਾਰਨ, ਦਿਲਬਾਗ ਸਿੰਘ ਟ੍ਰੈਫਿਕ ਇੰਚਾਰਜ ਤਰਨ ਤਾਰਨ ਅਤੇ ਗੁਰਦੇਵ ਸਿੰਘ, ਹਰਜਿੰਦਰ ਸਿੰਘ, ਕਰਨਜੀਤ ਸਿੰਘ, ਸੁਖਦੇਵ ਸਿੰਘ ਅਤੇ ਅੰਗਰੇਜ ਸਿੰਘ ਆਦਿ ਹਾਜ਼ਰ ਸਨ।

# ਸਾਗਰ ਹਸਪਤਾਲ ਵੱਲੋਂ ਨਿਸ਼ਕਾਮ ਸੇਵਾ ਦਾ ਉਪਰਾਲਾ



**ਚੋਹਲਾ ਸਾਹਿਬ (ਰਮਨ ਚੱਢਾ)-** ਸਥਾਨਕ ਸਾਗਰ ਹਸਪਤਾਲ ਲੰਮੇ ਸਮੇਂ ਤੋਂ ਇਲਾਕੇ ਦੇ ਲੋਕਾਂ ਦੀ ਨਿਸ਼ਕਾਮ ਸੇਵਾ ਕਰਦਾ ਆ ਰਿਹਾ ਹੈ ਅਤੇ ਹਨ੍ਹੇਰੇ ਸਵੇਰੇ ਮਰੀਜ਼ਾਂ ਦੀ ਜਾਨ ਬਚਾਉਣ ਵਿੱਚ ਸਹਾਈ ਹੁੰਦਾ ਹੈ। ਇਸ ਹਸਪਤਾਲ ਨੇ ਚੋਹਲਾ ਸਾਹਿਬ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਅਰਜੁਨ ਦੇਵ ਜੀ ਪਾਤਿਸ਼ਾਹੀ ਪੰਜਵੀਂ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲਾ ਵੱਲੋਂ ਕੀਤੀ ਗਈ। ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਡਾਕਟਰ ਲਵਪ੍ਰੀਤ ਸਿੰਘ, ਡਾਕਟਰ ਚੰਦਨ ਸ਼ਰਮਾ, ਮਨਪ੍ਰੀਤ ਸਿੰਘ ਅਤੇ ਸਮੂਹ ਮੈਡੀਕਲ ਹਸਪਤਾਲ ਦੇ ਸਟਾਫ ਵੱਲੋਂ ਲਗਭਗ 300 ਮਰਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਅੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਜ਼ਰੂਰਤ ਅਨੁਸਾਰ ਲੋੜੀਂਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਇਸ ਸਮੇਂ ਜਥੇ: ਗੁਰਬਚਨ ਸਿੰਘ ਕਰਮੂੰਵਾਲਾ ਨੇ ਕਿਹਾ ਕਿ ਇਲਾਕੇ ਵਿੱਚ ਅਜਿਹੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਮਰੀਜ਼ਾਂ ਦੀ ਸਮੇਂ ਸਿਰ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਦਾ ਇਲਾਜ ਸਮੇਂ ਸਿਰ ਕੀਤਾ ਜਾ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮੈਡੀਕਲ ਚੈੱਕਅੱਪ ਕੈਂਪਾਂ ਵਿੱਚ ਪਹੁੰਚ ਕੇ ਆਪਣੀ ਸਮੇਂ ਸਿਰ ਜਾਂਚ ਕਰਵਾਉਣ। ਇਸ ਸਮੇਂ ਸਾਗਰ ਹਸਪਤਾਲ ਦਾ ਸਮੂਹ ਸਟਾਫ ਹਾਜਦਰ ਸੀ।

# ਭਾਈ ਰਣਜੀਤ ਸਿੰਘ ਨੂੰ ਸਦਮਾ, ਪਿਤਾ ਦਾ ਦਿਹਾਂਤ

**ਜੰਡਿਆਲਾ ਗੁਰੂ (ਹਰਿੰਦਰਪਾਲ ਸਿੰਘ):** ਭਾਈ ਰਣਜੀਤ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਬਾਬਾ ਭੁਪਿੰਦਰ ਸਿੰਘ ਜੋ ਕਿ ਕਾਫੀ ਲੰਮੇ ਸਮੇਂ ਤੋਂ ਗੁਰਦਵਾਰਾ ਜੱਟੇਆਣਾ ਸਾਹਿਬ ਵਿਖੇ ਗੁਰੂਘਰ ਦੀ ਸੇਵਾ ਨਿਭਾਅ ਰਹੇ ਸਨ, ਦਾ ਸੰਖੇਪ ਬੀਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ।



ਇਸ ਖਬਰ ਨਾਲ ਸਮੂਹ ਇਲਾਕਾ ਨਿਵਾਸੀਆਂ ਵਿਚ ਸ਼ੋਕ ਦੀ ਲਹਿਰ ਫੈਲ ਗਈ।ਬਾਬਾ ਭੁਪਿੰਦਰ ਸਿੰਘ ਬਹੁਤ ਹੀ ਸੂਝਵਾਨ, ਮਿਲਣਸਾਰ ਅਤੇ ਹਰ ਇਕ ਦੇ ਦੁੱਖ-ਸੁੱਖ ਵਿੱਚ ਸ਼ਾਮਿਲ ਹੋਣ ਵਾਲੇ ਇਕ ਪਵਿੱਤਰ ਰੂਹ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਦੁਪਹਿਰ 1 ਵਜੇ ਗਊਸ਼ਾਲਾ ਰੋਡ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ।

ਨਵਾਂ ਜ਼ਮਾਨਾ

ਬੁੱਧਵਾਰ, 21 ਜਨਵਰੀ 2026

# ਜਵਾਬਦੇਹੀ ਟਾਲਣ ਦੀ ਸੰਸਕ੍ਰਿਤੀ

*ਭਾਰਤੀ ਲੋਕਤੰਤਰ ਵਿੱਚ ਪ੍ਰਸ਼ਾਸਨਕ ਜਵਾਬਦੇਹੀ ਦਾ ਸੰਕਲਪ ਸੰਵਿਧਾਨ ਵੱਲੋਂ ਗਰੰਟੀਸ਼ੁਦਾ ਕਦਰਾਂ-ਕੀਮਤਾਂ—ਜਵਾਬਦੇਹੀ, ਪਾਰਦਰਸ਼ਤਾ ਤੇ ਕਾਨੂੰਨ ਦੇ ਸ਼ਾਸਨ 'ਤੇ ਅਧਾਰਤ ਮੰਨਿਆ ਜਾਂਦਾ ਹੈ। ਅਸੂਲਨ ਕਿਸੇ ਵੀ ਪ੍ਰਸ਼ਾਸਨਕ ਨਾਕਾਮੀ, ਚਾਹੇ ਉਹ ਸਰਵਜਨਕ ਸੁਰੱਖਿਆ ਨਾਲ ਜੁੜੀ ਦੁਰਘਟਨਾ ਹੋਵੇ, ਮਨੁੱਖੀ ਅਧਿਕਾਰ ਦੀ ਉਲੰਘਣਾ ਹੋਵੇ ਜਾਂ ਸੰਸਥਾਗਤ ਲਾਪਰਵਾਹੀ ਦੇ ਬਾਅਦ ਫੌਰੀ ਨਿਰਪੱਖ ਤੇ ਦੰਡਾਤਮਕ ਕਾਰਵਾਈ ਦਰਕਾਰ ਹੁੰਦੀ ਹੈ, ਪਰ ਅਮਲ ਵਿੱਚ ਭਾਰਤੀ ਪ੍ਰਸ਼ਾਸਨ ਨੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਦੀ ਥਾਂ ਉਸ ਨੂੰ ਰੋਕਣ ਦੀ ਇੱਕ ਸਥਾਈ ਪ੍ਰਕਿਰਿਆ ਵਿਕਸਤ ਕਰ ਲਈ ਹੈ। ਇਸ ਪ੍ਰਕਿਰਿਆ ਦਾ ਸਭ ਤੋਂ ਪ੍ਰਭਾਵੀ ਔਜ਼ਾਰ ਬਣ ਚੁੱਕੀਆਂ ਹਨ-ਜਾਂਚ ਕਮੇਟੀ ਜਾਂ ਵਿਸ਼ੇਸ਼ ਜਾਂਚ ਟੀਮ (ਸਿੱਟ)। ਕਿਸੇ ਵੀ ਵੱਡੀ ਪ੍ਰਸ਼ਾਸਨਕ ਜਾਂ ਸਮਾਜੀ ਤ੍ਰਾਸਦੀ ਦੇ ਬਾਅਦ ਰਾਜ (ਸਟੇਟ) ਦੀ ਪ੍ਰਤੀਕਿਰਿਆ ਲੱਗਭੱਗ ਪੂਰਵ ਅਨੁਮਾਨਤ ਹੁੰਦੀ ਹੈ। ਸਰਵਜਨਕ ਮੰਚਾਂ 'ਤੇ ਸਖਤ ਕਾਰਵਾਈ ਦੇ ਭਰੋਸੇ ਦਿੱਤੇ ਜਾਂਦੇ ਹਨ ਅਤੇ ਤੁਰੰਤ ਜਾਂਚ ਕਮੇਟੀ ਜਾਂ ਸਿੱਟ ਕਾਇਮ ਕਰਨ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਇਹ ਐਲਾਨ ਦਰਅਸਲ ਸਮੱਸਿਆ ਦੇ ਹੱਲ ਦੀ ਸ਼ੁਰੂਆਤ ਨਹੀਂ, ਸਗੋਂ ਮਾਮਲੇ ਨੂੰ ਲਮਕਾਉਣ ਦਾ ਸੰਕੇਤ ਹੁੰਦੇ ਹਨ। ਜਾਂਚ ਦੀ ਮਿਆਦ ਖੁਦ ਇੱਕ ਸਿਆਸੀ ਰਣਨੀਤੀ ਵਿੱਚ ਬਦਲ ਜਾਂਦੀ ਹੈ—ਲੋਕ ਰੋਹ ਨੂੰ ਸਮੇਂ ਦੇ ਨਾਲ ਠੰਢਾ ਕਰਨਾ, ਮੀਡੀਆ ਚਰਚਾ ਨਾਲ ਮਾਮਲੇ ਨੂੰ ਹੋਰ ਪਾਸੇ ਮੋੜਨਾ ਅਤੇ ਪੀੜਤ ਧਿਰ ਨੂੰ ਮਾਨਸਿਕ ਤੇ ਅਦਾਲਤੀ ਥਕਾਨ ਦੀ ਸਥਿਤੀ ਵਿੱਚ ਪਹੁੰਚਾਉਣ ਦੀ ਰਣਨੀਤੀ। ਜਾਂਚ ਰਿਪੋਰਟਾਂ ਦੀ ਭਾਸ਼ਾ ਇਸ ਪੂਰੀ ਪ੍ਰਕਿਰਿਆ ਦਾ ਕੇਂਦਰੀ ਤੱਤ ਹੈ। 'ਪ੍ਰਕਿਰਿਆਗਤ ਤਰੁਟੀ', 'ਸੰਸਥਾਗਤ ਸੀਮਾਵਾਂ', 'ਪ੍ਰਣਾਲੀਗਤ ਪੇਚੀਦਗੀ' ਅਤੇ 'ਸਮੂਹਕ ਜਵਾਬਦੇਹੀ' ਵਰਗੇ ਸ਼ਬਦ ਵਿਅਕਤੀਗਤ ਫੈਸਲਿਆਂ ਤੇ ਸਪੱਸ਼ਟ ਚੂਕ ਨੂੰ ਇੱਕ ਅਮੂਰਤ ਸੰਰਚਨਾ ਵਿੱਚ ਘੋਲ ਦਿੰਦੇ ਹਨ। ਨਤੀਜੇ ਵਜੋਂ, ਕਿਸੇ ਖਾਸ ਅਧਿਕਾਰੀ ਜਾਂ ਵਿਭਾਗ ਦੀ ਜਵਾਬਦੇਹੀ ਤੈਅ ਕਰਨਾ ਲੱਗਭੱਗ ਅਸੰਭਵ ਹੋ ਜਾਂਦਾ ਹੈ। ਜਾਂਚ ਪ੍ਰਕਿਰਿਆ ਇਨਸਾਫ ਦਾ ਰਾਹ ਪੱਧਰਾ ਕਰਨ ਦੀ ਥਾਂ ਉਸ ਨੂੰ ਤਕਨੀਕੀ ਭਾਸ਼ਾ ਤੇ ਸੰਸਥਾਗਤ ਅਸਪੱਸ਼ਟਤਾ ਵਿੱਚ ਭਟਕਾ ਦਿੰਦੀ ਹੈ।*

*ਹਰ ਘਟਨਾ ਦੇ ਬਾਅਦ ਕੁਝ ਅਧਿਕਾਰੀਆਂ ਨੂੰ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਹੈ, ਪਰ ਇਹ ਸਥਾਈ ਦੰਡ ਨਹੀਂ, ਸਗੋਂ ਤਬਾਦਲਾ ਹੀ ਹੁੰਦਾ ਹੈ। ਇੰਦੌਰ ਦੂਸ਼ਿਤ ਪਾਣੀ ਕਾਂਡ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਆਈ ਐੱਸ ਐੱਸ ਅਧਿਕਾਰੀ ਦਿਲੀਪ ਯਾਦਵ ਨੂੰ ਅਹੁਦੇ ਤੋਂ ਹਟਾਉਣ ਦੇ 16 ਦਿਨਾਂ ਬਾਅਦ ਮੱਧ ਪ੍ਰਦੇਸ਼ ਰਾਜ ਸੈਰਸਪਾਟਾ ਵਿਕਾਸ ਨਿਗਮ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ ਜਾਣਾ, ਜਾਂ ਛਿੰਦਵਾੜਾ ਕਫ ਸਿਰਪ ਕਾਂਡ ਵਿੱਚ 23 ਬੱਚਿਆਂ ਦੀ ਮੌਤ ਦੇ ਬਾਅਦ ਹਟਾਏ ਗਏ ਡਰੱਗ ਕੰਟਰੋਲਰ ਦਿਨੇਸ਼ ਕੁਮਾਰ ਮੌਰੀਆ ਨੂੰ ਛੇਤੀ ਹੀ ਐਡੀਸ਼ਨਲ ਸੈਕਟਰੀ ਬਣਾਇਆ ਜਾਣਾ ਅਪਵਾਦ ਨਹੀਂ, ਸਗੋਂ ਉਸ ਵਿਵਸਥਾ ਦਾ ਕੁਦਰਤੀ ਨਤੀਜਾ ਹੈ, ਜਿੱਥੇ ਨਾਕਾਮੀ ਦੰਡ ਨਹੀਂ, ਸਗੋਂ ਮੁੜਵਸੇਬੇ ਦਾ ਆਧਾਰ ਬਣ ਜਾਂਦੀ ਹੈ। ਜਦ ਇਹ ਯਕੀਨੀ ਹੋ ਜਾਵੇ ਕਿ ਗੰਭੀਰ ਲਾਪਰਵਾਹੀ ਦੇ ਬਾਵਜੂਦ ਨਿੱਜੀ ਦੰਡ ਨਹੀਂ ਮਿਲੇਗਾ, ਤਦ ਚੌਕਸੀ, ਪੇਸ਼ੇਵਾਰਾਨਾ ਇਮਾਨਦਾਰੀ ਤੇ ਮਾਨਵੀ ਸੰਵੇਦਨਾ ਬਦਲਵੇਂ ਗੁਣ ਬਣ ਜਾਂਦੇ ਹਨ। ਅਧਿਕਾਰੀ ਇਹ ਮੰਨ ਕੇ ਚਲਦੇ ਹਨ ਕਿ ਵੱਧ ਤੋਂ ਵੱਧ ਦੰਡ ਕੁਝ ਸਮੇਂ ਲਈ ਅਹੁਦੇ ਤੋਂ ਪਾਸੇ ਕਰਨਾ ਹੋਵੇਗਾ, ਜਿਸ ਦੇ ਬਾਅਦ ਬਹਾਲ ਹੋ ਹੀ ਜਾਣਾ ਹੈ।*

*ਗ੍ਰੇਟਰ ਨੋਇਡਾ ਵਿੱਚ 16-17 ਜਨਵਰੀ ਦੀ ਰਾਤ 27 ਸਾਲਾ ਸਾਫਟਵੇਅਰ ਇੰਜੀਨੀਅਰ ਯੁਵਰਾਜ ਮਹਿਤਾ ਦੀ ਕਾਰ ਪਾਣੀ ਨਾਲ ਭਰੇ ਡੂੰਘੇ ਟੋਏ ਵਿੱਚ ਡਿੱਗਣ ਕਾਰਨ ਹੋਈ ਮੌਤ ਤੋਂ ਬਾਅਦ ਦੀ ਸਰਕਾਰੀ ਪ੍ਰਤੀਕਿਰਿਆ ਵੀ ਇਸ ਪ੍ਰਸ਼ਾਸਨਕ ਸੰਸਕ੍ਰਿਤੀ ਦੀ ਹੀ ਇੱਕ ਹੋਰ ਮਿਸਾਲ ਹੈ। ਮੁੱਖ ਮੰਤਰੀ ਆਦਿਤਿਆਨਾਥ ਯੋਗੀ ਨੇ ਨੋਇਡਾ ਦੇ ਸੀ ਈ ਓ ਤੇ ਨੋਇਡਾ ਮੈਟਰੋ ਕਾਰਪੋਰੇਸ਼ਨ ਦੇ ਐੱਮ ਡੀ ਨੂੰ ਬਦਲ ਕੇ ਜਾਂਚ ਲਈ ਤਿੰਨ ਮੈਂਬਰੀ ਸਿੱਟ ਦਾ ਗਠਨ ਕਰ ਦਿੱਤਾ। ਇੰਜੀਨੀਅਰ ਦੇ ਪਿਤਾ ਨੇ ਕਿਹਾ ਕਿ ਉਸ ਦਾ ਬੇਟਾ ਟੋਏ ਵਿੱਚੋਂ ਨਿਕਲਣ ਲਈ ਦੋ ਘੰਟੇ ਜੱਦੋਜਹਿਦ ਕਰਦਾ ਰਿਹਾ। ਲੋਕ ਲਾਗੇ ਖੜ੍ਹੇ ਦੇਖਦੇ ਰਹੇ। ਵੀਡੀਓ ਬਣਾਉਂਦੇ ਰਹੇ। ਉੱਥੇ ਪੁੱਜੇ ਅਧਿਕਾਰੀ ਤੇ ਮੁਲਾਜ਼ਮ ਵੀ ਕੁਝ ਨਹੀਂ ਕਰ ਸਕੇ, ਕਿਉਂਕਿ ਕੋਈ ਗੋਤਾਖੋਰ ਹੀ ਨਹੀਂ ਸੀ। ਨੋਇਡਾ ਵਰਗੇ ਸ਼ਹਿਰ ਵਿੱਚ ਨੌਜਵਾਨ ਦੋ ਘੰਟੇ ਇਕੱਲਾ ਹੀ ਮੌਤ ਨਾਲ ਲੜਦਾ ਰਿਹਾ, ਪਰ ਅਧਿਕਾਰੀ ਦੇਖਦੇ ਰਹੇ। ਹੋਣਾ ਤਾਂ ਇਹ ਚਾਹੀਦਾ ਸੀ ਕਿ ਟੋਆ ਨਾ ਪੂਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਡਿਸਮਿਸ ਕੀਤਾ ਜਾਂਦਾ, ਪਰ ਬਦਲ ਕੇ ਮਾਮਲਾ ਲਮਕਾ ਦਿੱਤਾ ਗਿਆ।*

# ਵੈਨੇਜ਼ੁਏਲਾ : ਤਾਨਾਸ਼ਾਹੀ ਸੱਤਾ-ਰਾਜਨੀਤੀ ਦੇ ਮੁੜ ਉਭਾਰ ਦਾ ਸੰਕਟ

ਡੀ ਰਾਜਾ ਜਨਰਲ ਸਕੱਤਰ ਸੀ ਪੀ ਆਈ

ਅਨੁ. : ਐੱਮ ਐੱਸ ਭਾਟੀਆ

ਸਾਲ 2026 ਦੁਨੀਆ ਦੇ ਭਵਿੱਖ ਲਈ ਇੱਕ ਖ਼ਤਰੇ ਦੀ ਘੰਟੀ ਨਾਲ ਸ਼ੁਰੂ ਹੋਇਆ ਹੈ, ਜੋ ਸਾਮਰਾਜਵਾਦ ਦੇ ਖੂਨ ਨਾਲ ਰੰਗੇ ਹੋਏ ਦੰਦ ਦਿਖਾ ਰਿਹਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਹੇਠ ਸੰਯੁਕਤ ਰਾਜ ਅਮਰੀਕਾ ਨੇ ਵੈਨੇਜ਼ੁਏਲਾ 'ਤੇ ਇੱਕ ਭਿਆਨਕ ਹਮਲਾ ਕੀਤਾ। ਵੈਨੇਜ਼ੁਏਲਾ ਦੇ ਮੌਜੂਦਾ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਜ਼ਬਰਦਸਤੀ ਫੜ ਲਿਆ ਅਤੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਉਸ ਨੂੰ ਅਮਰੀਕਾ ਲੈ ਗਏ। ਇਹ ਕਿਸੇ ਗੈਰ-ਰਾਜਸੀ ਅਦਾਕਾਰ ਵਿਰੁੱਧ ਕੋਈ ਗੁਪਤ ਕਾਰਵਾਈ ਨਹੀਂ ਸੀ ਅਤੇ ਨਾ ਹੀ ਅੰਤਰਰਾਸ਼ਟਰੀ ਸੰਸਥਾਵਾਂ ਦੁਆਰਾ ਮਨਜ਼ੂਰ ਕੀਤੀ ਗਈ ਬਹੁਪੱਖੀ ਕਾਰਵਾਈ ਸੀ। ਇਹ ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਦੇ ਰਾਜ ਮੁਖੀ ਦਾ ਅਗਵਾ ਸੀ। ਅਜਿਹੇ ਕੰਮ ਦਾ ਵਾਸ਼ਿੰਗਟਨ ਦੁਆਰਾ ਖੁੱਲ੍ਹ ਕੇ ਬਚਾਅ ਕੀਤਾ ਜਾ ਸਕਦਾ ਹੈ, ਭਾਵੇਂ ਇਸ ਦੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਅੰਦਰ ਤਿੱਖੀ ਆਲੋਚਨਾ ਹੋਈ ਸੀ, ਇਹ ਉਨ੍ਹਾਂ ਨਿਯਮਾਂ ਦੇ ਖੋਰੇ ਬਾਰੇ ਬਹੁਤ ਕੁਝ ਦੱਸਦਾ ਹੈ, ਜੋ ਕਦੇ ਰਾਸ਼ਟਰਾਂ ਦਰਮਿਆਨ ਅੰਤਰਰਾਸ਼ਟਰੀ ਆਚਰਣ ਨੂੰ ਨਿਯੰਤਰਿਤ ਕਰਦੇ ਸਨ।

ਲਗਭਗ ਇੱਕੋ ਸਮੇਂ ਟਰੰਪ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਨੂੰ ਖੁਸ਼ ਰੱਖਣ ਲਈ ਉਤਸੁਕ ਸਨ ਅਤੇ ਇਸ ਤੋਂ ਬਾਅਦ ਰੂਸੀ ਤੇਲ ਦੀ ਦਰਾਮਦ ਜਾਰੀ ਰੱਖਣ ਲਈ ਭਾਰਤ ਵਿਰੁੱਧ ਨਵੇਂ ਟੈਰਿਫ ਲਗਾਉਣ ਦੀਆਂ ਧਮਕੀਆਂ ਦਿੱਤੀਆਂ। ਡਰਾਉਣ-ਧਮਕਾਉਣ ਦੇ ਸਾਧਨਾਂ ਵਜੋਂ ਟੈਰਿਫ ਦੀ ਇਹ ਵਰਤੋਂ ਜ਼ਬਰਦਸਤੀ ਦੇ ਇੱਕ ਢੰਗ-ਤਰੀਕੇ ਨੂੰ ਮਜ਼ਬੂਤ ਕਰਦੀ ਹੈ। ਆਰਥਿਕ ਦਬਾਅ, ਕੂਟਨੀਤਕ ਬਾਂਹ ਮਰੋੜਨਾ ਅਤੇ ਪ੍ਰਭੂਸੱਤਾ ਦੀ ਖੁੱਲ੍ਹੀ ਉਲੰਘਣਾ ਆਮ ਹੋ ਰਹੀ ਹੈ। ਇਸ ਤੋਂ ਵੀ ਵੱਧ ਚਿੰਤਾਜਨਕ ਹੈ ਭਾਰਤ ਸਮੇਤ ਉੱਭਰ ਰਹੀਆਂ ਸ਼ਕਤੀਆਂ ਦੀ ਚੁੱਪੀ ਜਾਂ ਟਾਲ-ਮਟੋਲ।

ਇਸ ਪਲ ਦੀ ਗੰਭੀਰਤਾ ਨੂੰ ਸਮਝਣ ਲਈ, ਉਸ ਇਤਿਹਾਸਕ ਸੰਦਰਭ ਵੱਲ ਵਾਪਸ ਜਾਣਾ ਪਵੇਗਾ, ਜਿਸ ਵਿੱਚੋਂ ਯੁੱਧ ਤੋਂ ਬਾਅਦ ਦੀ ਅੰਤਰਰਾਸ਼ਟਰੀ ਪ੍ਰਣਾਲੀ ਉਭਰੀ ਸੀ। ਨਾਜ਼ੀਵਾਦ ਅਤੇ ਹਿਟਲਰ ਦੀ ਹਾਰ ਸਿਰਫ਼ ਇੱਕ ਫੌਜੀ ਜਿੱਤ ਨਹੀਂ, ਸਗੋਂ ਇਹ ਇੱਕ ਸੱਭਿਅਤਾ ਦਾ ਮੋੜ ਸੀ। ਖਾਸ ਕਰਕੇ ਸੋਵੀਅਤ ਲਾਲ ਫੌਜ ਦੁਆਰਾ ਕੀਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਨੇ ਮਨੁੱਖਤਾ ਨੂੰ ਫਾਸ਼ੀਵਾਦੀ ਵਿਨਾਸ਼ ਤੋਂ ਬਚਾਇਆ ਅਤੇ ਇੱਕ ਵਿਸ਼ਵ ਵਿਵਸਥਾ ਬਣਾਉਣ ਲਈ ਇੱਕ ਰਸਤਾ ਬਣਾਇਆ, ਜੋ ਅਜਿਹੀਆਂ ਆਫ਼ਤਾਂ ਨੂੰ ਦੁਬਾਰਾ ਹੋਣ ਤੋਂ ਰੋਕੇਗਾ। ਸੰਯੁਕਤ ਰਾਸ਼ਟਰ ਪ੍ਰਣਾਲੀ ਇਸ ਸੰਕਲਪ ਵਿੱਚੋਂ ਉਭਰੀ। ਆਪਣੀਆਂ ਢਾਂਚਾਗਤ ਕਮੀਆਂ ਅਤੇ ਸ਼ਕਤੀ ਅਸਮਾਨਤਾਵਾਂ ਦੇ ਬਾਵਜੂਦ ਇਹ ਪ੍ਰਭੂਸੱਤਾ ਦੀ ਸਮਾਨਤਾ, ਗੈਰ-ਹਮਲਾਵਰਤਾ ਅਤੇ ਸਵੈ-ਨਿਰਣੇ ਦੇ ਸਤਿਕਾਰ ਦੇ ਮੁੱਖ ਸਿਧਾਂਤਾਂ 'ਤੇ ਆਧਾਰਤ ਸੀ, ਖਾਸ ਕਰਕੇ ਬਸਤੀਵਾਦੀ ਸ਼ਾਸਨ ਤੋਂ ਮੁਕਤ ਹੋਏ ਦੇਸ਼ ਲਈ।

ਦਹਾਕਿਆਂ ਤੋਂ, ਵਿਸ਼ਵਵਿਆਪੀ ਤਾਨਾਸ਼ਾਹੀ ਅਤੇ ਇਕਪਾਸੜ ਹਮਲਾ , ਸਾਮਰਾਜ ਵਿਰੋਧੀ ਤਾਕਤਾਂ ਦੁਆਰਾ ਸੀਮਤ ਕੀਤਾ ਹੋਇਆ ਸੀ। ਸੋਵੀਅਤ ਯੂਨੀਅਨ ਨੇ ਸੰਯੁਕਤ ਰਾਜ ਅਮਰੀਕਾ ਅਤੇ ਇਸ ਦੇ ਸਹਿਯੋਗੀਆਂ ਦੁਆਰਾ ਮਨਚਾਹੇ ਵਿਸਥਾਰ 'ਤੇ ਇੱਕ ਰੋਕ ਵਜੋਂ ਕੰਮ ਕੀਤਾ। ਭਾਰਤ, ਇੰਡੋਨੇਸ਼ੀਆ, ਮਿਸਰ ਅਤੇ ਯੂਗੋਸਲਾਵੀਆ ਵਰਗੇ ਨਵੇਂ ਆਜ਼ਾਦ ਹੋਏ ਦੇਸ਼ਾਂ ਦੀ ਅਗਵਾਈ ਹੇਠ ਗੁੱਟ ਨਿਰਲੇਪ ਅੰਦੋਲਨ (ਨਾਨ-ਅਲਾਇਨਡ ਮੂਵਮੈਂਟ) ਨੇ ਨਵੇਂ ਅਜ਼ਾਦ ਹੋਏ ਮੁਲਕਾਂ ਦੀ ਰਾਜਨੀਤਕ ਦ੍ਰਿੜ੍ਹਤਾ ਨੂੰ ਪ੍ਰਗਟ ਕੀਤਾ। ਵਿਚਾਰਧਾਰਕ ਮੁਕਾਬਲੇ ਅਤੇ ਬਹੁਪੱਖੀ ਸ਼ਮੂਲੀਅਤ ਦੇ ਇਸ ਸੁਮੇਲ ਨੇ ਸਾਮਰਾਜੀ ਪਹੁੰਚ 'ਤੇ ਸੀਮਾਵਾਂ ਲਗਾ ਦਿੱਤੀਆਂ। ਅਤਿਅੰਤ ਤਣਾਅ ਦੇ ਪਲਾਂ ਵਿੱਚ ਵੀ, ਕੂਟਨੀਤੀ ਅਤੇ ਸੰਤੁਲਨ ਪ੍ਰਬਲ ਰਿਹਾ। ਕਿਊਬਨ ਮਿਜ਼ਾਈਲ ਸੰਕਟ ਇਸ ਗੱਲ ਦੀ ਇੱਕ ਪ੍ਰਤੱਖ ਉਦਾਹਰਣ ਹੈ ਕਿ ਕਿਵੇਂ ਸੰਜਮ ਅਤੇ ਗੱਲਬਾਤ ਨੇ ਵਿਸ਼ਵਵਿਆਪੀ ਤਬਾਹੀ ਨੂੰ ਟਾਲਿਆ ਸੀ।

ਇਤਿਹਾਸ ਵਿਚ ਹੋਰ ਵੀ ਉਦਾਹਰਣਾਂ ਹਨ। 1971 ਦੇ ਬੰਗਲਾਦੇਸ਼ ਮੁਕਤੀ ਯੁੱਧ ਦੌਰਾਨ ਜਦੋਂ ਅਮਰੀਕਾ ਨੇ ਪਾਬੰਦੀਆਂ ਦੀਆਂ ਧਮਕੀਆਂ ਅਤੇ ਸੱਤਵੇਂ ਬੇੜੇ ਦੀ ਤਾਇਨਾਤੀ ਰਾਹੀਂ ਭਾਰਤ ਨੂੰ ਡਰਾਉਣ ਦੀ ਕੋਸ਼ਿਸ਼ ਕੀਤੀ, ਸੋਵੀਅਤ ਸਮਰਥਨ ਫੈਸਲਾਕੁੰਨ ਸਾਬਤ ਹੋਇਆ। ਉਸ ਸਮਰਥਨ ਨੇ ਨਾ ਸਿਰਫ਼ ਭਾਰਤ ਦੀ ਪ੍ਰਭੂਸੱਤਾ ਦੀ ਰੱਖਿਆ ਕੀਤੀ, ਸਗੋਂ ਬੰਗਲਾਦੇਸ਼ ਦੇ ਉਭਾਰ ਨੂੰ ਵੀ ਸਮਰੱਥ ਬਣਾਇਆ, ਜਿਸ ਨਾਲ ਬੰਗਾਲੀ ਬੋਲਣ ਵਾਲੇ ਲੋਕਾਂ ਦੀਆਂ ਲੋਕਤੰਤਰੀ ਇੱਛਾਵਾਂ ਨੂੰ ਠੋਸ ਪ੍ਰਗਟਾਵਾ ਮਿਲਿਆ, ਜਿਨ੍ਹਾਂ ਬਹੁਤ ਜ਼ਿਆਦਾ ਦਮਨ ਝੱਲਿਆ ਸੀ। ਇਸੇ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਪ੍ਰਤੀ ਵੀਅਤਨਾਮ ਦਾ ਵਿਰੋਧ ਦ੍ਰਿੜ੍ਹ ਲੋਕਾਂ ਦੀ ਭਾਰੀ ਫੌਜੀ ਸ਼ਕਤੀ ਨੂੰ ਹਰਾਉਣ ਦੀ ਸਮਰੱਥਾ ਦਾ ਇੱਕ ਪ੍ਰਮਾਣ ਹੈ। ਕਾਰਪੇਟ ਬੰਬਾਰੀ, ਰਸਾਇਣਕ ਯੁੱਧ ਅਤੇ ਭਾਰੀ ਤਬਾਹੀ ਦੇ ਬਾਵਜੂਦ ਵੀਅਤਨਾਮ ਜਿੱਤਿਆ। ਇਹ ਘਟਨਾਵਾਂ ਇਤਿਹਾਸ ਦੇ ਹਾਦਸੇ ਨਹੀਂ ਸਨ, ਇਹ ਇੱਕ ਵਿਸ਼ਵਵਿਆਪੀ ਸੰਤੁਲਨ ਸਨ, ਜੋ ਰਾਸ਼ਟਰੀ ਮੁਕਤੀ ਦੀ ਜਾਇਜ਼ਤਾ ਅਤੇ ਸ਼ਕਤੀ ਸੰਤੁਲਨ ਦੀਆਂ ਸੀਮਾਵਾਂ ਨੂੰ ਮਾਨਤਾ ਦਿੰਦੇ ਸਨ।

ਮੌਜੂਦਾ ਸੰਕਟ ਦੀਆਂ ਜੜ੍ਹਾਂ ਉਸ ਸੰਤੁਲਨ ਦੇ ਅਚਾਨਕ ਖਤਮ ਹੋਣ ਵਿੱਚ ਹਨ। ਸੋਵੀਅਤ ਯੂਨੀਅਨ ਦੇ ਟੁੱਟਣ ਨੇ ਇੱਕ ਇੱਕ ਧਰੁਵੀ ਵਿਸ਼ਵ ਵਿਵਸਥਾ ਦੇ ਘੋਸ਼ਿਤ ਕੀਤੇ ਜਾਣ ਦੀ ਸ਼ੁਰੂਆਤ ਕੀਤੀ। ਇਸ ਪਲ ਨੂੰ ਜਲਦੀ ਹੀ ਦੁਨੀਆ ਭਰ ਵਿੱਚ ਨਵਉਦਾਰਵਾਦੀ ਆਰਥਿਕ ਕੱਟੜਪੰਥੀ ਨੂੰ ਥੋਪਣ ਲਈ ਵਰਤਿਆ ਗਿਆ ਸੀ। ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦੇ ਦਬਾਅ ਹੇਠ ਬਹੁਤ ਸਾਰੇ ਦੇਸ਼ ਜਨਤਕ ਖੇਤਰਾਂ ਨੂੰ ਖਤਮ ਕਰਨ, ਕਿਰਤ ਸੁਰੱਖਿਆ ਨੂੰ ਕਮਜ਼ੋਰ ਕਰਨ ਅਤੇ ਆਪਣੀਆਂ ਅਰਥ ਵਿਵਸਥਾਵਾਂ ਨੂੰ ਸੱਟੇਬਾਜ਼ ਪੂੰਜੀ ਲਈ ਖੋਲ੍ਹਣ ਲਈ ਮਜਬੂਰ ਹੋਏ। ਵਾਅਦਾ ਵਿਕਾਸ ਅਤੇ ਖੁਸ਼ਹਾਲੀ ਸੀ, ਹਕੀਕਤ ਵਿੱਚ ਨਿਰੰਤਰ ਬੇਰੁਜ਼ਗਾਰੀ, ਵਧਦੀ ਅਸਮਾਨਤਾ, ਲੰਮੇ ਸਮੇਂ ਤੋਂ ਚੱਲ ਰਿਹਾ ਕਰਜ਼ਾ ਅਤੇ ਵਾਤਾਵਰਣ ਦੀ ਤਬਾਹੀ ਰਹੀ ਹੈ।

ਨਵਉਦਾਰਵਾਦ ਦੁਨੀਆ ਦੀ ਬਹੁਗਿਣਤੀ ਆਬਾਦੀ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਵਾਰ-ਵਾਰ ਅਸਫਲ ਰਿਹਾ ਹੈ। ਇਸ ਨੇ ਆਰਥਿਕ ਨੀਤੀ 'ਤੇ ਲੋਕਤੰਤਰੀ ਨਿਯੰਤਰਣ ਨੂੰ ਖਤਮ ਕਰਦੇ ਹੋਏ ਬੇਮਿਸਾਲ ਪੈਮਾਨੇ 'ਤੇ ਦੌਲਤ ਨੂੰ ਕੇਂਦਰਤ ਕੀਤਾ। ਫਿਰ ਵੀ ਭਾਰਤ ਸਮੇਤ ਬਹੁਤ ਸਾਰੀਆਂ ਵੱਡੀਆਂ ਅਰਥ ਵਿਵਸਥਾਵਾਂ ਇਸ ਬਦਨਾਮ ਢਾਂਚੇ 'ਤੇ ਨਿਰਭਰ ਰਹੀਆਂ ਹਨ। ਘਰੇਲੂ ਨਤੀਜੇ ਬੇਰੁਜ਼ਗਾਰੀ, ਖੇਤੀਬਾੜੀ ਸੰਕਟ, ਭੁੱਖਮਰੀ ਅਤੇ ਸੁੰਗੜਦੀ ਸਮਾਜਿਕ ਸੁਰੱਖਿਆ ਵਿੱਚ ਦਿਖਾਈ ਦਿੰਦੇ ਹਨ। ਵਿਸ਼ਵਵਿਆਪੀ ਨਤੀਜੇ ਵੀ ਓਨੇ ਹੀ ਗੰਭੀਰ ਹਨ। ਆਰਥਿਕ ਨਿਰਭਰਤਾ ਰਾਜਨੀਤਕ ਕਮਜ਼ੋਰੀ ਪੈਦਾ ਕਰਦੀ ਹੈ। ਜਦੋਂ ਵਿਕਾਸ ਵਿਦੇਸ਼ੀ ਪੂੰਜੀ ਪ੍ਰਵਾਹ ਅਤੇ ਵਿਦੇਸ਼ੀ ਬਾਜ਼ਾਰਾਂ ਨਾਲ ਜੁੜਿਆ ਹੁੰਦਾ ਹੈ, ਤਾਂ ਵਿਦੇਸ਼ ਨੀਤੀ ਦੀ ਖੁਦਮੁਖਤਿਆਰੀ ਨਾਲ ਸਮਝੌਤਾ ਕੀਤਾ ਜਾਂਦਾ ਹੈ। ਜ਼ਬਰਦਸਤੀ ਦੇ ਸਾਹਮਣੇ ਚੁੱਪੀ ਇੱਕ ਬਚਾਅ ਰਣਨੀਤੀ ਬਣ ਜਾਂਦੀ ਹੈ।

ਇਹ ਨਿਰਭਰਤਾ ਵੈਨੇਜ਼ੁਏਲਾ ਵਿੱਚ ਸੰਯੁਕਤ ਰਾਜ ਅਮਰੀਕਾ ਦੀਆਂ ਕਾਰਵਾਈਆਂ ਪ੍ਰਤੀ ਕਈ ਦੇਸ਼ਾਂ ਦੇ ਚੁੱਪ ਰਹਿਣ ਦੇ ਪ੍ਰਤੀਕਰਮ ਨੂੰ ਸਮਝਾਉਣ ਵਿੱਚ ਮਦਦ ਕਰਦੀ ਹੈ। ਇੱਕ ਰਾਜ ਦੇ ਮੁਖੀ ਦੇ ਗੈਰ-ਕਾਨੂੰਨੀ ਕਬਜ਼ੇ ਅਤੇ ਸਿਧਾਂਤਾਂ ਦੀ ਪੁਨਰ-ਸੁਰਜੀਤੀ, ਜੋ ਪੂਰੇ ਖੇਤਰਾਂ ਨੂੰ ਪ੍ਰਭਾਵ ਦੇ ਵਿਸ਼ੇਸ਼ ਖੇਤਰਾਂ ਵਜੋਂ ਮੰਨਦੇ ਹਨ, ਦੀ ਵਿਆਪਕ ਨਿੰਦਾ ਕੀਤੀ ਹੋਣੀ ਚਾਹੀਦੀ ਸੀ। ਇਸ ਦੀ ਬਜਾਏ, ਜੋ ਉਭਰਿਆ ਉਹ ਸੰਕੋਚ ਸੀ। ਇਹ ਸਿਰਫ਼ ਇੱਕ ਨੈਤਿਕ ਹੀ ਨਹੀਂ, ਸਗੋਂ ਅਸਫਲਤਾ ਦਾ ਢਾਂਚਾਗਤ ਨਮੂਨਾ ਹੈ। ਨਵਉਦਾਰਵਾਦੀ ਅਰਥ ਸ਼ਾਸਤਰ ਦੁਆਰਾ ਪ੍ਰਭਾਵਤ ਇੱਕ ਵਿਸ਼ਵਵਿਆਪੀ ਵਿਵਸਥਾ ਅਸੁਰੱਖਿਆ ਅਤੇ ਡਰ ਪੈਦਾ ਕਰਦੀ ਹੈ, ਨਿਰਪੱਖ ਮੁਲਾਂਕਣ ਨੂੰ ਪ੍ਰਭਾਵਤ ਕਰਦੀ ਹੈ, ਭਾਵੇਂ ਕਿ ਬੁਨਿਆਦੀ ਸਿਧਾਂਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੋਵੇ।

ਪਿਛਲੇ ਦਹਾਕਿਆਂ ਦੌਰਾਨ ਸੰਯੁਕਤ ਰਾਜ ਅਮਰੀਕਾ ਦੀ ਦਖਲਅੰਦਾਜ਼ੀ ਦਾ ਰਿਕਾਰਡ ਲੋਕਤੰਤਰ ਜਾਂ ਵਿਸ਼ਵ ਸਥਿਰਤਾ ਦੀ ਰੱਖਿਆ ਦੇ ਦਾਅਵਿਆਂ ਦੇ ਖੋਖਲੇਪਣ ਨੂੰ ਹੋਰ ਵੀ ਉਜਾਗਰ ਕਰਦਾ ਹੈ। ਇਰਾਕ ਨੂੰ ਮਨਘੜਤ ਬਹਾਨਿਆਂ 'ਤੇ ਤਬਾਹ ਕਰ ਦਿੱਤਾ ਗਿਆ ਸੀ। ਅਫਗਾਨਿਸਤਾਨ ਤੇ ਦੋ ਦਹਾਕਿਆਂ ਲਈ ਕਬਜ਼ਾ ਕੀਤਾ ਗਿਆ ਸੀ, ਪਰ ਫਿਰ ਵੀ ਇਸ ਨੂੰ ਹਫੜਾ-ਦਫੜੀ ਵਿੱਚ ਛੱਡਣਾ ਪਿਆ। ਸੀਰੀਆ ਨੂੰ ਅਸਿੱਧੇ ਯੁੱਧਾਂ ਅਤੇ ਪਾਬੰਦੀਆਂ ਦੁਆਰਾ ਤੋੜ ਦਿੱਤਾ ਗਿਆ, ਜਿਨ੍ਹਾਂ ਨੇ ਉਥੋਂ ਦੇ ਨਾਗਰਿਕ ਜੀਵਨ ਨੂੰ ਤਬਾਹ ਕਰ ਦਿੱਤਾ ਸੀ। ਇਹ ਦਖਲ ਅੰਦਾਜ਼ੀ ਗੈਰ-ਕਾਨੂੰਨੀ, ਵਿਨਾਸ਼ਕਾਰੀ ਅਤੇ ਵਿਅਰਥ ਸੀ, ਜਿਸ ਨੇ ਨਾ ਤਾਂ ਸ਼ਾਂਤੀ ਲਿਆਂਦੀ ਅਤੇ ਨਾ ਹੀ ਲੋਕਤੰਤਰ। ਹਾਲਾਂਕਿ, ਉਨ੍ਹਾਂ ਇੱਕ ਅਜਿਹੀ ਮਿਸਾਲ ਕਾਇਮ ਕੀਤੀ, ਜਿੱਥੇ ਤਾਕਤ ਕਾਨੂੰਨ ਨੂੰ ਪਛਾੜ ਦਿੰਦੀ ਹੈ।

ਵੈਨੇਜ਼ੁਏਲਾ ਵਿੱਚ ਵਾਪਰਿਆ ਘਟਨਾਕ੍ਰਮ ਇੱਕ ਖ਼ਤਰਨਾਕ ਰੁਝਾਨ ਨੂੰ ਦਰਸਾਉਂਦਾ ਹੈ। ਇਹ ਸੰਕੇਤ ਦਿੰਦਾ ਹੈ ਕਿ ਜਦੋਂ ਇੱਕ ਰਾਜ ਦੇ ਮੁਖੀ ਨੂੰ ਮਿਲੀ ਰਸਮੀ ਛੋਟ ਕਿਸੇ ਮਹਾਂ-ਸ਼ਕਤੀ ਦੇ ਹਿੱਤਾਂ ਦੇ ਅਨੁਕੂਲ ਨਹੀਂ ਹੁੰਦੀ ਹੈ ਤਾਂ ਧੱਕੇਸ਼ਾਹੀ ਨਾਲ ਉਸ ਨੂੰ ਵੀ ਰੱਦ ਕੀਤਾ ਜਾ ਸਕਦਾ ਹੈ। ਟੈਰਿਫਾਂ ਅਤੇ ਪਾਬੰਦੀਆਂ ਰਾਹੀਂ ਆਰਥਿਕ ਧੱਕੇਸ਼ਾਹੀ ਦੇ ਨਾਲ ਇਹ ਪ੍ਰਭੂਸੱਤਾ ਦੀ ਸਮਾਨਤਾ ਦੇ ਸਿਧਾਂਤ 'ਤੇ ਇੱਕ ਸਿੱਧਾ ਹਮਲਾ ਹੈ। ਜੇਕਰ ਇਸ ਨੂੰ ਅਣਗੌਲਿਆ ਛੱਡ ਦਿੱਤਾ ਗਿਆ ਤਾਂ ਇਹ ਇੱਕ ਮਿਸਾਲ ਕਾਇਮ ਹੋਵੇਗੀ ਕਿ ਕੋਈ ਵੀ ਦੇਸ਼ ਆਪਣੇ ਆਕਾਰ ਜਾਂ ਸਥਿਤੀ ਦੇ ਬਾਵਜੂਦ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਸਕਦਾ।

ਇਸ ਦਾ ਜਵਾਬ ਸਿਰਫ਼ ਦਿਖਾਵਟੀ ਜਾਂ ਓਪਰਾ ਪ੍ਰਤੀਕਰਮ ਨਹੀਂ ਹੋ ਸਕਦਾ। ਲੋੜ ਇਹ ਹੈ ਕਿ ਦੇਸ਼ਾਂ ਦੇ ਅੰਦਰੂਨੀ ਅਤੇ ਅੰਤਰਰਾਸ਼ਟਰੀ—ਦੋਹਾਂ ਢਾਂਚਿਆਂ ਦੀ ਬੁਨਿਆਦੀ ਤੌਰ 'ਤੇ ਮੁੜ ਉਸਾਰੀ ਕੀਤੀ ਜਾਵੇ। ਵਿਸ਼ਵ ਪੱਧਰ ਦੀਆਂ ਸੰਸਥਾਵਾਂ ਦਾ ਸਮਕਾਲੀ ਹਕੀਕਤਾਂ ਦੇ ਮੱਦੇਨਜ਼ਰ ਪੁਨਰਗਠਨ ਕੀਤਾ ਜਾਣਾ ਚਾਹੀਦਾ ਹੈ। 1945 ਦੀ ਭੂ-ਰਾਜਨੀਤੀ ਵਿੱਚ ਜਨਮੀ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ, ਹੁਣ ਮੌਜੂਦਾ ਬਣਤਰ ਨਾਲ ਦੁਨੀਆ ਦੀ ਪ੍ਰਤੀਨਿਧਤਾ ਨਹੀਂ ਕਰਦੀ। ਉੱਭਰ ਰਹੇ ਦੇਸ਼ਾਂ, ਜਿਵੇਂ ਕਿ ਭਾਰਤ, ਅਫਰੀਕਾ ਅਤੇ ਲਾਤੀਨੀ ਅਮਰੀਕਾ ਸਮੂਹ ਦੀ ਅਰਥ ਭਰਪੂਰ ਪ੍ਰਤੀਨਿਧਤਾ ਨੂੰ ਸ਼ਾਮਲ ਕਰਨ ਲਈ ਸਥਾਈ ਮੈਂਬਰਸ਼ਿਪ ਦਾ ਵਿਸਤਾਰ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਸੁਧਾਰਾਂ ਤੋਂ ਬਿਨਾਂ ਸੁਰੱਖਿਆ ਪ੍ਰੀਸ਼ਦ, ਇੱਕਪਾਸੜ ਹਮਲਿਆਂ ਦੇ ਸਾਹਮਣੇ ਬਹੁਤ ਮਜਬੂਰ ਜਾਂ ਸਹਿਭਾਗੀ ਬਣੇਗੀ।

ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚਕਾਰ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨਾ ਵੀ ਉਨਾਂ ਹੀ ਮਹੱਤਵਪੂਰਨ ਹੈ। ਵਿਕਾਸਸ਼ੀਲ ਅਰਥਚਾਰਿਆਂ ਨੂੰ ਅਜਿਹੀ ਇਕਜੁੱਟਤਾ ਬਣਾਉਣੀ ਚਾਹੀਦੀ ਹੈ, ਜੋ ਪ੍ਰਮੁੱਖ ਸ਼ਕਤੀਆਂ 'ਤੇ ਨਿਰਭਰਤਾ ਨੂੰ ਘਟਾਉਂਦੀ ਹੈ। ਵਪਾਰ, ਤਕਨਾਲੋਜੀ, ਊਰਜਾ ਅਤੇ ਵਿੱਤ ਵਿੱਚ ਸਹਿਯੋਗ ਧੱਕੇਸ਼ਾਹੀ ਵਾਲੇ ਪ੍ਰਬੰਧਾਂ ਦੇ ਖਿਲਾਫ ਵਿਕਲਪ ਪ੍ਰਦਾਨ ਕਰ ਸਕਦਾ ਹੈ। ਨਿਯਮਾਂ 'ਤੇ ਅਧਾਰਤ ਵਿਸ਼ਵ ਵਿਵਸਥਾ ਪ੍ਰਤੀ ਸੱਚੀ ਵਚਨਬੱਧਤਾ ਲਈ ਬਿਆਨਬਾਜ਼ੀ ਹੀ ਨਹੀਂ,ਸਗੋਂ ਅੰਤਰਰਾਸ਼ਟਰੀ ਕਾਨੂੰਨ ਦੀ ਰੱਖਿਆ ਲਈ ਸਮੂਹਿਕ ਕਾਰਵਾਈ ਦੀ ਲੋੜ ਹੁੰਦੀ ਹੈ।

ਰਾਸ਼ਟਰੀ ਪੱਧਰ 'ਤੇ ਭਾਰਤ ਵਰਗੇ ਦੇਸ਼ਾਂ ਨੂੰ ਆਰਥਿਕ ਅਤੇ ਵਿਦੇਸ਼ ਨੀਤੀ ਦੇ ਵਿਕਲਪਾਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਰਣਨੀਤਕ ਖ਼ੁਦਮੁਖ਼ਤਿਆਰੀ ਆਰਥਿਕ ਅਧੀਨਗੀ ਦੇ ਨਾਲ ਨਹੀਂ ਰਹਿ ਸਕਦੀ। ਰੋਜ਼ੀ-ਰੋਟੀ ਦੀ ਰੱਖਿਆ ਕਰਨਾ, ਜਨਤਕ ਖੇਤਰਾਂ ਨੂੰ ਮਜ਼ਬੂਤ ਕਰਨਾ ਅਤੇ ਸਭ ਦੇ ਸਾਂਝੇ ਵਿਕਾਸ ਨੂੰ ਅੱਗੇ ਵਧਾਉਣਾ, ਸਿਰਫ ਅੰਦਰੂਨੀ ਨੀਤੀਆਂ ਨਹੀਂ ਹਨ, ਸਗੋਂ ਇਹ ਸੁਤੰਤਰ ਕੂਟਨੀਤੀ ਲਈ ਜ਼ਰੂਰੀ ਲੋੜਾਂ ਹਨ।

ਅਸੀਂ ਜਿਸ ਸੰਕਟ ਦਾ ਸਾਹਮਣਾ ਕਰ ਰਹੇ ਹਾਂ, ਉਹ ਅਟੱਲ ਨਹੀਂ ਹੈ। ਇਹ ਦਹਾਕਿਆਂ ਤੋਂ ਕੀਤੇ ਗਏ ਪ੍ਰਬੰਧਾਂ ਦਾ ਨਤੀਜਾ ਹੈ। ਇਸ ਨੂੰ ਰਾਜਨੀਤਕ ਇੱਛਾ ਸ਼ਕਤੀ, ਅੰਤਰਰਾਸ਼ਟਰੀ ਏਕਤਾ ਅਤੇ ਨਿਆਂ ਤੇ ਸਮਾਨਤਾ ਪ੍ਰਤੀ ਇੱਕ ਨਵੀਂ ਵਚਨਬੱਧਤਾ ਦੁਆਰਾ ਉਲਟਾਇਆ ਜਾ ਸਕਦਾ ਹੈ। ਮੌਜੂਦਾ ਵਿਕਲਪ ਜੋ ਇਸ ਵੇਲੇ ਪੇਸ਼ ਕੀਤਾ ਜਾ ਰਿਹਾ ਹੈ, ਉਹ ਭਿਆਨਕ ਹੈ। ਜ਼ਬਰਦਸਤੀ, ਅਗਵਾ ਅਤੇ ਟੈਰਿਫ ਧਮਕੀਆਂ ਦੁਆਰਾ ਸ਼ਾਸਿਤ ਸੰਸਾਰ ਅਰਾਜਕਤਾ ਵੱਲ ਵਧ ਰਿਹਾ ਹੈ। ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਅਜਿਹੇ ਆਦੇਸ਼ ਸਹਿਣ ਨਹੀਂ ਕੀਤੇ ਜਾਂਦੇ। ਉਹ ਆਪਣੇ ਵਿਰੋਧਾਭਾਸਾਂ ਦੇ ਭਾਰ ਹੇਠ ਢਹਿ-ਢੇਰੀ ਹੋ ਜਾਂਦੇ ਹਨ ਅਤੇ ਅਕਸਰ ਆਪਣੇ ਪਿੱਛੇ ਬਹੁਤ ਜ਼ਿਆਦਾ ਮਨੁੱਖੀ ਦੁੱਖ-ਤਕਲੀਫਾਂ ਛੱਡ ਜਾਂਦੇ ਹਨ।

ਮਨੁੱਖਤਾ ਦੇ ਸਾਹਮਣੇ ਚੋਣ ਸਖ਼ਤ ਹੈ ਜਾਂ ਤਾਂ ਦੁਨੀਆ ਪ੍ਰਭੂਸੱਤਾ, ਸਵੈ-ਨਿਰਣੇ ਅਤੇ ਸਮੂਹਿਕ ਸੁਰੱਖਿਆ ਦੇ ਸਿਧਾਂਤਾਂ ਨੂੰ ਮੁੜ ਪ੍ਰਾਪਤ ਕਰਦੀ ਹੈ ਜਾਂ ਇਹ ਇੱਕ ਕਾਨੂੰਨਹੀਣ ਵਿਵਸਥਾ ਦੇ ਅਧੀਨ ਹੋ ਜਾਂਦੀ ਹੈ, ਜਿੱਥੇ ਸ਼ਕਤੀ ਹੀ ਸਹੀ ਅਤੇ ਗਲਤ ਦਾ ਫੈਸਲਾ ਕਰਦੀ ਹੈ। ਬੇਇਨਸਾਫ਼ੀ ਦੇ ਸਾਹਮਣੇ ਚੁੱਪ ਰਹਿਣਾ ਨਿਰਪੱਖਤਾ ਨਹੀਂ, ਸਗੋਂ ਇਹ ਮਿਲੀਭੁਗਤ ਹੈ। ਉਨ੍ਹਾਂ ਕੌਮਾਂ ਲਈ ਜਿਨ੍ਹਾਂ ਕਦੇ ਸਾਮਰਾਜੀ ਬਸਤੀਵਾਦ ਅਤੇ ਗਲਬੇ ਵਿਰੁੱਧ ਸੰਘਰਸ਼ ਦੀ ਅਗਵਾਈ ਕੀਤੀ ਸੀ, ਉਨ੍ਹਾਂ ਲਈ ਸਿਰਫ਼ ਚੁੱਪ ਨੂੰ ਤੋੜਨਾ ਹੀ ਵਿਕਲਪਿਕ ਨਹੀਂ , ਸਗੋਂ ਇਹ ਇੱਕ ਇਤਿਹਾਸਕ ਜ਼ਿੰਮੇਵਾਰੀ ਹੈ।

**# ਸੰਪਰਕ: 99884-91002**

# ਅਮਰੀਕੀ ਦਖ਼ਲ-ਅੰਦਾਜ਼ੀ ਵਿਸ਼ਵ ਸ਼ਾਂਤੀ ਲਈ ਖ਼ਤਰਾ



ਡਾ. ਅਰੁਣ ਮਿੱਤਰਾ

ਈਰਾਨ ਵਿੱਚ ਲਗਾਤਾਰ ਕਈ ਦਿਨਾਂ ਤੋਂ ਚੱਲ ਰਹੇ ਲੋਕਾਂ ਦੇ ਪ੍ਰਦਰਸ਼ਨਾਂ ਸਦਕਾ ਹਾਲਾਤ ਲਗਾਤਾਰ ਵਿਗੜ ਰਹੇ ਹਨ। ਲੰਮੇ ਸਮੇਂ ਤੋਂ ਅਮਰੀਕਾ ਵੱਲੋਂ ਈਰਾਨ 'ਤੇ ਲਗਾਈਆਂ ਗਈਆਂ ਪਾਬੰਦੀਆਂ ਕਰਕੇ ਇਰਾਨ ਦੀ ਆਰਥਿਕਤਾ ਕਮਜ਼ੋਰ ਹੋ ਰਹੀ ਹੈ। ਈਰਾਨ ਨੂੰ ਹਥਿਆਰਾਂ 'ਤੇ ਵੀ ਅਥਾਹ ਖਰਚਾ ਕਰਨਾ ਪਿਆ ਤੇ ਪਰਮਾਣੂ ਪ੍ਰੋਗਰਾਮ 'ਤੇ ਵੀ ਬਹੁਤ ਖਰਚਾ ਹੋਇਆ। ਹੁਣ ਕੀਮਤਾਂ ਵਿੱਚ ਅਥਾਹ ਵਾਧਾ ਹੋਣ ਕਰਕੇ ਤੇ ਈਰਾਨ ਦੀ ਕਰੰਸੀ ਰਿਆਲ ਦੀ ਕੀਮਤ ਬਹੁਤ ਡਿੱਗਣ ਕਰਕੇ ਲੋਕਾਂ ਦਾ ਜੀਵਨ ਨਿਰਵਾਹ ਔਖਾ ਹੋ ਗਿਆ ਹੈ। ਇਸ ਲਈ ਲੱਖਾਂ ਦੀ ਗਿਣਤੀ ਵਿੱਚ ਲੋਕ ਸੜਕਾਂ 'ਤੇ ਉਤਰ ਆਏ ਹਨ ਤੇ ਵਧ ਰਹੀ ਮਹਿੰਗਾਈ 'ਤੇ ਠੱਲ੍ਹ ਪੌਣ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਚੁੱਕ ਰਹੇ ਹਨ। ਸਰਕਾਰ ਵੱਲੋਂ ਲੋਕਾਂ ਨਾਲ ਗੱਲਬਾਤ ਕਰਨ ਦੀ ਬਜਾਏ ਲੋਕਾਂ 'ਤੇ ਦਮਨ ਕੀਤਾ ਜਾ ਰਿਹਾ ਹੈ। ਇਹ ਵੀ ਖਬਰ ਆਈ ਹੈ ਕਿ ਈਰਾਨ ਦੇ ਰਾਸ਼ਟਰਪਤੀ ਡਾਕਟਰ ਮਸੂਦ ਪੇਜੇਸਕੀਆਨ ਨੇ ਇਹ ਗੱਲ ਕਹੀ ਸੀ ਕਿ ਲੋਕਾਂ ਨਾਲ ਗੱਲ ਕੀਤੀ ਜਾਏ, ਪਰ ਈਰਾਨ ਦੇ ਸਰਵਉੱਚ ਨੇਤਾ ਅਲੀ ਖਾਮਨੇਈ ਨੇ ਇਸ ਗੱਲ ਨੂੰ ਸਵੀਕਾਰ ਨਹੀਂ ਕੀਤਾ ਤੇ ਲੋਕਾਂ 'ਤੇ ਦਮਨ ਕਰਨ ਦੀ ਨੀਤੀ ਨੂੰ ਅਪਣਾਇਆ। ਆਈਆਂ ਰਿਪੋਰਟਾਂ ਦੇ ਮੁਤਾਬਕ 3 ਹਜਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 100 ਤੋਂ ਵੱਧ ਸੁਰੱਖਿਆ ਕਰਮੀ ਵੀ ਹਨ। ਹੁਣ ਸਰਕਾਰ ਕਾਨੂੰਨੀ ਤੌਰ 'ਤੇ ਵੀ ਫਾਂਸੀਆਂ ਦੇਣ ਵੱਲ ਚੱਲ ਪਈ ਹੈ।

ਈਰਾਨ ਬਹੁਤ ਲੰਮਾ ਸਮਾਂ ਇੱਕ ਉਦਾਰਵਾਦੀ ਮੁਲਕ ਰਿਹਾ ਹੈ। ਤੇ ਇੱਥੇ ਵਿਸ਼ਵ ਪ੍ਰਸਿੱਧ ਕਵੀ ਤੇ ਲੇਖਕ ਪੈਦਾ ਹੋਏ ਹਨ, ਜਿਨ੍ਹਾਂ ਨੇ ਕਿ ਦੁਨੀਆ ਨੂੰ ਪਿਆਰ-ਮੁਹੱਬਤ ਦਾ ਸੁਨੇਹਾ ਦਿੱਤਾ ਹੈ। ਇਨ੍ਹਾਂ 'ਚ ਹਾਫਿਜ, ਸਾਦੀ, ਰੂਮੀ ਤੇ ਫਿਰਦੌਸੀ ਆਦਿ ਦੇ ਨਾਂਅ ਪ੍ਰਮੁੱਖ ਤੌਰ 'ਤੇ ਲਏ ਜਾ ਸਕਦੇ ਹਨ।

ਮੌਜੂਦਾ ਸਰਕਾਰ ਦੇ ਆਉਣ ਤੋਂ ਪਹਿਲਾਂ ਈਰਾਨ ਵਿੱਚ ਰਜ਼ਾ ਸ਼ਾਹ ਪਹਿਲਵੀ ਦਾ ਰਾਜ ਸੀ। ਉਸ ਨੇ ਲੋਕਤੰਤਰਿਕ ਢੰਗ ਦੇ ਨਾਲ ਚੁਣੀ ਹੋਈ ਸਰਕਾਰ ਦੇ ਮੁਖੀ ਡਾਕਟਰ ਮੁਸੱਦਗ ਨੂੰ ਅਮਰੀਕਾ ਦੀ ਸਹਾਇਤਾ ਦੇ ਨਾਲ ਗੱਦੀਓਂ ਲਾਹ ਕੇ ਆਪਣੀ ਸੱਤਾ ਨੂੰ ਮਜ਼ਬੂਤ ਕਰ ਲਿਆ। ਇਸ ਲਈ ਉਹ ਕੁਦਰਤੀ ਤੌਰ 'ਤੇ ਅਮਰੀਕਾ ਪੱਖੀ ਸੀ ਤੇ ਈਰਾਨ ਦੇ ਤੇਲ ਦੇ ਸੋਮਿਆਂ 'ਤੇ ਅਮਰੀਕਨ ਕੰਪਨੀਆਂ ਦਾ ਕਬਜ਼ਾ ਸੀ। ਇਸ ਕਰਕੇ ਸ਼ਾਹ ਈਰਾਨ ਦੇ ਖਿਲਾਫ ਲੋਕਾਂ ਵਿੱਚ ਰੋਸ ਸੀ। ਸ਼ਾਹ ਦੇ ਖਿਲਾਫ ਅਨੇਕਾਂ ਕਿਸਮ ਦੀਆਂ ਸ਼ਕਤੀਆਂ ਸੰਘਰਸ਼ ਕਰ ਰਹੀਆਂ ਸਨ। ਇਹਨਾਂ ਵਿੱਚ ਕਮਿਊਨਿਸਟ ਪਾਰਟੀਆਂ, ਪ੍ਰਗਤੀਸ਼ੀਲ ਉਦਾਰਵਾਦੀ ਲੋਕ ਅਤੇ ਇਸਲਾਮਿਕ ਕੱਟੜਪੰਥੀ ਤਿੰਨੋਂ ਸ਼ਾਮਲ ਸਨ। ਜਦੋਂ ਮੈਂ ਐੱਮ ਬੀ ਬੀ ਐੱਸ ਦੀ ਪੜ੍ਹਾਈ ਕਰ ਰਿਹਾ ਸੀ ਤਾਂ ਮੇਰੇ ਨਾਲ ਪੜ੍ਹਦੇ ਈਰਾਨੀ ਵਿਦਿਆਰਥੀ ਇਹ ਗੱਲਾਂ ਸਾਡੇ ਨਾਲ ਸਾਂਝੀਆਂ ਕਰਦੇ ਸਨ।

1979 ਵਿੱਚ ਆਇਆਤੁੱਲਾ ਖੁਮੈਨੀ ਦੀ ਅਗਵਾਈ ਹੇਠ ਇਸਲਾਮਿਕ ਕੱਟੜਪੰਥੀਆਂ ਨੇ ਸੱਤਾ ਸੰਭਾਲੀ ਤੇ ਈਰਾਨ ਨੂੰ ਇਸਲਾਮਿਕ ਰਾਜ ਦਾ ਦਰਜਾ ਦਿੱਤਾ। ਇਸਲਾਮੀ ਕਾਨੂੰਨ ਲਾਗੂ ਕੀਤੇ ਗਏ। ਵਿਰੋਧੀਆਂ 'ਤੇ ਅੱਤ ਦਾ ਦਮਨ ਕੀਤਾ ਗਿਆ, ਹਤਿਆਵਾਂ ਵੀ ਕੀਤੀਆਂ ਗਈਆਂ ਤੇ ਫਾਂਸੀਆਂ ਵੀ ਦਿੱਤੀਆਂ ਗਈਆਂ। ਇਹਨਾਂ ਵਿੱਚ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਗਿਆ। ਇਸਤਰੀਆਂ ਨੂੰ ਹਿਜਾਬ ਪਾਣਾ ਲਾਜ਼ਮੀ ਕੀਤਾ ਗਿਆ ਅਤੇ ਪੂਰੀ ਬਾਂਹ ਨੂੰ ਢੱਕ ਕੇ ਲੰਮੇ ਕੋਟ ਪਾਣੇ ਲਾਜ਼ਮੀ ਕੀਤੇ ਗਏ। ਜਿਹੜੀਆਂ ਇਸਤਰੀਆਂ ਹਿਜਾਬ ਨਹੀਂ ਸਨ ਪਾਉਂਦੀਆਂ ਸਨ, ਉਹਨਾਂ ਨੂੰ ਰੋਕ ਕੇ ਸਰੇ ਬਾਜ਼ਾਰ ਉਹਨਾਂ ਦੇ ਵਾਲ ਕੱਟ ਦਿੱਤੇ ਜਾਂਦੇ ਸਨ। ਬੁਰਕਾ, ਜਿਸ ਨੂੰ ਕੀ ਉੱਥੇ ਚਾਦਰ ਆਖਦੇ ਹਨ, ਵੀ ਕਾਫੀ ਇਸਤਰੀਆਂ ਆਪਣੇ ਤੌਰ 'ਤੇ ਹੀ ਪਾਂਦੀਆਂ ਸਨ, ਪਰ ਇਸਲਾਮਿਕ ਸੱਤਾ ਆਉਣ ਤੋਂ ਬਾਅਦ ਇਹਨਾਂ ਦੀ ਗਿਣਤੀ ਬਹੁਤ ਵਧ ਗਈ।ਪਰ ਇਹ ਸਭ ਦੇ ਬਾਵਜੂਦ ਈਰਾਨ ਦੇ ਵਿੱਚ ਆਧੁਨਿਕ ਸਿੱਖਿਆ ਦਾ ਪਸਾਰ ਬਹੁਤ ਹੋਇਆ ਤੇ ਇਸਤਰੀਆਂ ਨੂੰ ਵੀ ਉੱਚ ਪੱਧਰ ਤੱਕ ਆਧੁਨਿਕ ਸਿੱਖਿਆ ਲੈਣ ਦੀ ਖੁੱਲ੍ਹ ਰਹੀ।

ਈਰਾਨ ਵਿੱਚ ਦੋ ਵਾਰ, 2016 ਤੇ ਫਿਰ 2018 ਵਿੱਚ ਜਾਣ 'ਤੇ ਮੈਂ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਈਰਾਨ ਦੇ ਲੋਕ ਮੁਢਲੇ ਤੌਰ 'ਤੇ ਉਦਾਰਵਾਦੀ ਤਬੀਅਤ ਦੇ ਲੋਕ ਹਨ। ਅੱਜ ਭਾਵੇਂ ਈਰਾਨ ਵਿੱਚ 99 ਪ੍ਰਤੀਸ਼ਤ ਮੁਸਲਮਾਨ ਹਨ ਤੇ ਬਾਕੀ ਇੱਕ ਪ੍ਰਤੀਸ਼ਤ ਵਿੱਚ ਬਹਾਈ, ਯਹੂਦੀ, ਈਸਾਈ ਤੇ ਨਾਸਤਿਕ ਵੀ ਹਨ। ਮੌਜੂਦਾ ਰਾਜ ਦੇ ਪ੍ਰਬੰਧ ਵਿੱਚ ਇਹਨਾਂ ਘੱਟ ਗਿਣਤੀਆਂ ਲਈ ਸੀਟਾਂ ਵੀ ਸੰਸਦ ਵਿੱਚ ਰਾਖਵੀਆਂ ਕੀਤੀਆਂ ਗਈਆਂ, ਪਰ ਜਿਵੇਂ ਕਿ ਕੱਟੜਪੰਥੀ ਸਰਕਾਰਾਂ ਹੁੰਦੀਆਂ ਹਨ, ਉਸ ਹਿਸਾਬ ਨਾਲ ਦਮਨ ਚੱਕਰ ਬੜੀ ਮਜ਼ਬੂਤੀ ਨਾਲ ਉੱਥੇ ਚੱਲਦਾ ਰਿਹਾ। ਇਸ ਦੇ ਵਿਰੋਧ ਵਿੱਚ 2022 ਵਿੱਚ ਇਸਤਰੀਆਂ ਨੇ ਪ੍ਰਦਰਸ਼ਨ ਕੀਤੇ ਤੇ ਹੁਣ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋ ਰਹੇ ਹਨ।

ਦੂਜੀ ਵਾਰੀ ਜਦੋਂ ਮੈਂ ਈਰਾਨ ਦੇ ਨਗਰ ਸ਼ਿਰਾਜ ਵਿੱਚ ਗਿਆ ਤਾਂ ਈਰਾਨ ਦੇ ਪੁਰਾਣੇ ਅਜਾਇਬ ਘਰ ਦੇਖਣ 'ਤੇ ਪਤਾ ਲੱਗਿਆ ਕਿ ਈਰਾਨ ਵਿੱਚ ਕੋਈ ਪਰਦਾ ਨਹੀਂ ਸੀ।

ਇਸ ਵੇਲੇ ਈਰਾਨ ਵਿੱਚ ਅਸਥਿਰਤਾ ਦਾ ਮਾਹੌਲ ਹੈ। ਇਸ ਸਥਿਤੀ ਦਾ ਲਾਭ ਉਠਾ ਕੇ ਟਰੰਪ ਸਰਕਾਰ ਉਥੇ ਸਿੱਧੀ ਜਾਂ ਅਸਿੱਧੀ ਦਖਲ-ਅੰਦਾਜ਼ੀ ਕਰਨ ਲਈ ਤਰਲੋਮੱਛੀ ਹੋਈ ਪਈ ਹੈ। ਜਦੋਂ ਗਾਜ਼ਾ ਉੱਪਰ ਇਜਰਾਈਲ ਨੇ ਹਮਲਾ ਕਰਕੇ 60 ਹਜ਼ਾਰ ਤੋਂ ਉੱਪਰ ਲੋਕਾਂ ਦਾ ਕਤਲੇਆਮ ਕੀਤਾ, ਉਦੋਂ ਤਾਂ ਟਰੰਪ ਦੇ ਸਿਰ 'ਤੇ ਕੋਈ ਬੋਝ ਨਹੀਂ ਪਿਆ, ਪਰ ਹੁਣ ਈਰਾਨ ਵਿੱਚ ਸਰਕਾਰੀ ਦਮਨ ਨੂੰ ਲੈ ਕੇ ਟਰੰਪ ਸਰਕਾਰ ਈਰਾਨ ਦੀ ਸਰਕਾਰ ਨੂੰ ਬਦਲ ਕੇ ਆਪਣੇ ਹੱਕ ਦੀ ਸਰਕਾਰ ਲਿਆਉਣਾ ਚਾਹੁੰਦੀ ਹੈ।ਇਸ ਸਥਿਤੀ ਵਿੱਚ ਟਰੰਪ ਦੇ ਇਹ ਕਦਮ ਦੁਨੀਆ ਵਿੱਚ ਬਹੁਤ ਭਾਰੀ ਤਣਾਅ ਪੈਦਾ ਕਰ ਸਕਦੇ ਹਨ। ਇਜ਼ਰਾਇਲ ਦੇ ਹਮਲੇ ਦੇ ਦੌਰਾਨ ਵਾਪਰੀਆਂ ਘਟਨਾਵਾਂ ਵਿੱਚ ਟਰੰਪ ਨੇ ਈਰਾਨ ਦੇ ਪਰਮਾਣੂ ਟਿਕਾਣਿਆਂ 'ਤੇ ਹਮਲੇ ਕਰਕੇ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਸਫਲ ਨਹੀਂ ਹੋਇਆ। ਹੁਣ ਟਰੰਪ ਪ੍ਰਦਰਸ਼ਨਕਾਰੀਆਂ ਨੂੰ ਕਹਿ ਰਿਹਾ ਹੈ ਕਿ ਪ੍ਰਦਰਸ਼ਨ ਜਾਰੀ ਰੱਖੋ, ਅਸੀਂ ਮਦਦ ਲੈ ਕੇ ਆ ਰਹੇ ਹਾਂ। ਸ਼ਾਹ ਈਰਾਨ ਦੇ ਮੁੰਡੇ ਨੂੰ ਅੱਗੇ ਲਾ ਰੱਖਿਆ ਹੈ।


ਹਾਲਾਤ ਬਹੁਤ ਗੰਭੀਰ ਰੁਖ ਅਖਤਿਆਰ ਕਰ ਰਹੇ ਹਨ। ਇੱਕ ਪਾਸੇ ਈਰਾਨ ਦੀ ਕੱਟੜਪੰਥੀ ਸਰਕਾਰ ਹੈ, ਦੂਜੇ ਪਾਸੇ ਟਰੰਪ ਜੋ ਕਿ ਦੁਨੀਆਂ ਨੂੰ ਲੁੱਟ ਕੇ ਸਾਰਾ ਧਨ ਆਪ ਲਿਜਾਣਾ ਚਾਹੁੰਦਾ ਹੈ, ਉਸ ਦੀਆਂ ਕੰਪਨੀਆਂ ਨੂੰ ਕਮਾਈ ਦੇਣਾ ਚਾਹੁੰਦਾ ਹੈ।

ਯੂ ਐਨ ਓ ਤਾਂ ਪੂਰੀ ਤਰ੍ਹਾਂ ਨਿੱਸਲ ਹੋ ਚੁੱਕੀ ਹੈ। ਗੁਟ ਨਿਰਲੇਪ ਲਹਿਰ ਭਾਰਤ ਸਰਕਾਰ ਨੇ ਲੰਮਾ ਸਮਾਂ ਪਹਿਲਾਂ ਖਤਮ ਕਰ ਦਿੱਤੀ ਸੀ। 'ਬਰਿਕਸ' ਵਰਗੀ ਸੰਸਥਾ ਹਾਲੇ ਪਹਿਲੇ ਕਦਮ ਪੁੱਟ ਰਹੀ ਹੈ। ਇਹਨਾਂ ਹਾਲਾਤ ਵਿੱਚ ਦੁਨੀਆਂ ਨੂੰ ਸਾਂਭਣ ਵਾਲਿਆਂ ਤੇ ਟਰੰਪ ਦੀ ਗੁੰਡਾਗਰਦੀ ਦੇ ਖਿਲਾਫ ਖੜੇ ਹੋਣ ਵਾਲਿਆਂ ਦੀ ਬਹੁਤ ਕਮੀ ਹੈ।

ਈਰਾਨ ਦੇ ਅੰਦਰਲੇ ਹਾਲਾਤ ਚਿੰਤਾ ਵਾਲੇ ਹਨ, ਪਰ ਇਹ ਉਹਨਾਂ ਦਾ ਅੰਦਰੂਨੀ ਮਾਮਲਾ ਹੈ, ਜਿਸ ਨੂੰ ਕਿ ਈਰਾਨ ਦੇ ਲੋਕ ਖੁਦ ਹੀ ਨਜਿੱਠ ਲੈਣਗੇ। ਸਾਮਰਾਜੀਆਂ ਦੀ ਦਖਲ-ਅੰਦਾਜ਼ੀ ਹਾਲਾਤ ਨੂੰ ਹੋਰ ਖਰਾਬ ਕਰੇਗੀ।

**# ਸੰਪਰਕ : 94170-00360**

# ਤੇਲ, ਤਕਨਾਲੋਜੀ ਅਤੇ ਤਾਕਤ



ਜਗਤਾਰ ਲਾਡੀ

ਇਤਿਹਾਸ ਕਦੇ ਵੀ ਇੱਕ ਝਟਕੇ ਨਾਲ ਦਿਸ਼ਾ ਨਹੀਂ ਬਦਲਦਾ। ਉਹ ਪਹਿਲਾਂ ਸਮਾਜਾਂ ਨੂੰ ਚੁੱਪ ਰਹਿਣ ਦਾ ਆਦੀ ਬਣਾਉਂਦਾ ਹੈ, ਅਨਿਆਏ ਨੂੰ ਵਿਹਾਰਕ ਹਕੀਕਤ ਕਹਿ ਕੇ ਸਵੀਕਾਰ ਕਰਵਾਉਂਦਾ ਹੈ ਅਤੇ ਫਿਰ ਹੌਲੀ-ਹੌਲੀ ਕਾਨੂੰਨ ਦੀ ਥਾਂ ਤਾਕਤ ਨੂੰ ਬੈਠਾ ਦਿੰਦਾ ਹੈ। ਜਦੋਂ ਇਹ ਪ੍ਰਕਿਰਿਆ ਪੂਰੀ ਹੋ ਜਾਂਦੀ ਹੈ, ਤਦ ਇਤਿਹਾਸ ਅਚਾਨਕ ਐਲਾਨ ਕਰਦਾ ਹੈ ਕਿ ਹੁਣ ਨਿਯਮਾਂ ਦਾ ਦੌਰ ਮੁੱਕ ਗਿਆ ਹੈ, ਹੁਣ ਸਿਰਫ਼ ਤਾਕਤ ਹੀ ਨਿਆਂ ਹੈ। ਵੀਹਵੀਂ ਸਦੀ ਦੇ ਤੀਹਵੇਂ ਦਹਾਕੇ ਦਾ ਯੂਰਪ ਇਸ ਹਕੀਕਤ ਦੀ ਸਭ ਤੋਂ ਦਰਦਨਾਕ ਉਦਾਹਰਨ ਹੈ।

ਜਰਮਨੀ ਵਿੱਚ ਹਿਟਲਰ ਦੀ ਚੜ੍ਹਤ ਨੂੰ ਰੋਕਣ ਦੀ ਥਾਂ ਬ੍ਰਿਟੇਨ ਅਤੇ ਫ਼ਰਾਂਸ ਵਰਗੀਆਂ ਲੋਕਤੰਤਰਕ ਤਾਕਤਾਂ ਨੇ ਸੰਤੁਲਨ , ਸਮਝੌਤਾ ਅਤੇ ਅਮਨ ਦੀ ਆਸ ਦੇ ਨਾਂਅ 'ਤੇ ਚੁੱਪੀ ਸਾਧ ਲਈ। ਮਿਊਨਿਖ ਸਮਝੌਤੇ ਰਾਹੀਂ ਚੈਕੋਸਲੋਵਾਕੀਆ ਦੀ ਬਲੀ ਦੇਣ ਨੂੰ ਉਸ ਸਮੇਂ ਅਮਨ ਦੀ ਜਿੱਤ ਵਜੋਂ ਪੇਸ਼ ਕੀਤਾ ਗਿਆ, ਪਰ ਅਸਲ ਵਿੱਚ ਇਹ ਵਿਸ਼ਵ ਯੁੱਧ ਦੀ ਭੂਮਿਕਾ ਸੀ। ਨਤੀਜਾ ਦੂਜਾ ਵਿਸ਼ਵ ਯੁੱਧ ਬਣਿਆ—ਲਗਭਗ ਛੇ ਕਰੋੜ ਮਨੁੱਖੀ ਜਾਨਾਂ ਚਲੀਆਂ ਗਈਆਂ, ਸ਼ਹਿਰ ਤਬਾਹ ਹੋ ਗਏ, ਸੱਭਿਆਚਾਰ ਉਜੜ ਗਏ ਅਤੇ ਮਨੁੱਖਤਾ ਦੇ ਇਤਿਹਾਸ 'ਤੇ ਇੱਕ ਨਾ ਮਿਟਣ ਵਾਲਾ ਦਾਗ ਰਹਿ ਗਿਆ। ਅੱਜ ਲਗਭਗ ਇੱਕ ਸਦੀ ਬਾਅਦ ਸੰਸਾਰ ਫਿਰ ਉਸੇ ਖਤਰਨਾਕ ਮੋੜ 'ਤੇ ਖੜ੍ਹਾ ਦਿਸਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੁਣ ਹਮਲੇ ਪਹਿਲਾਂ ਟੈਂਕਾਂ ਨਾਲ ਨਹੀਂ, ਸਗੋਂ ਬਿਆਨਾਂ, ਆਰਥਿਕ ਪਾਬੰਦੀਆਂ, ਰਾਜ-ਪਲਟ ਦੇ ਨੈਰੇਟਿਵਾਂ, ਸਾਇਬਰ ਜੰਗ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਚੋਣਵੀਂ ਵਿਆਖਿਆ ਨਾਲ ਹੁੰਦੇ ਹਨ। ਜਿੱਥੇ ਕਦੇ ਜੰਗ ਦਾ ਖੁੱਲ੍ਹਾ ਐਲਾਨ ਹੁੰਦਾ ਸੀ, ਅੱਜ ਉਸ ਨੂੰ ਅੰਦਰੂਨੀ ਮਾਮਲਾ, ਰਾਸ਼ਟਰੀ ਸੁਰੱਖਿਆ ਦੀ ਲੋੜ ਜਾਂ ਲੋਕਤੰਤਰ ਦੀ ਬਹਾਲੀ ਕਹਿ ਕੇ ਜਾਇਜ਼ ਠਹਿਰਾਇਆ ਜਾਂਦਾ ਹੈ।

ਵੈਨੇਜ਼ੁਏਲਾ ਵਿੱਚ ਹੋ ਰਹੀ ਦਖ਼ਲ-ਅੰਦਾਜ਼ੀ ਨੂੰ ਸਿਰਫ਼ ਲਾਤੀਨੀ ਅਮਰੀਕਾ ਦਾ ਇੱਕ ਹੋਰ ਰਾਜਨੀਤਿਕ ਸੰਕਟ ਸਮਝਣਾ ਗੰਭੀਰ ਭੁੱਲ ਹੋਵੇਗੀ। ਅਸਲ ਵਿੱਚ ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਬਣੀ ਅੰਤਰ-ਰਾਸ਼ਟਰੀ ਕਾਨੂੰਨੀ ਵਿਵਸਥਾ ਦੀ ਕਬਰ 'ਤੇ ਲਾਇਆ ਗਿਆ ਇੱਕ ਹੋਰ ਪੱਥਰ ਹੈ। ਕਿਸੇ ਖੁਦਮੁਖ਼ਤਿਆਰ ਦੇਸ਼ ਦੇ ਚੁਣੇ ਹੋਏ ਰਾਸ਼ਟਰਪਤੀ ਨੂੰ ਹਟਾ ਕੇ ਜਾਂ ਗ੍ਰਿਫ਼ਤਾਰ ਕਰਕੇ ਬਾਹਰੀ ਤਾਕਤ ਵੱਲੋਂ ਇਹ ਐਲਾਨ ਕਰਨਾ ਕਿ ਹੁਣ ਦੇਸ਼ ਦਾ ਪ੍ਰਬੰਧ ਅਸਥਾਈ ਤੌਰ 'ਤੇ ਸੰਭਾਲਿਆ ਜਾਵੇਗਾ, ਸੰਯੁਕਤ ਰਾਸ਼ਟਰ ਚਾਰਟਰ ਦੀ ਆਤਮਾ ਦਾ ਸਿੱਧਾ ਇਨਕਾਰ ਹੈ। ਸੰਪ੍ਰਭੂਤਾ, ਭੂਮੀ ਦੀ ਅਖੰਡਤਾ ਅਤੇ ਬਲ ਦੇ ਗੈਰ-ਉਪਯੋਗ ਦੇ ਸਿਧਾਂਤ ਸਿਰਫ਼ ਕਾਨੂੰਨੀ ਸ਼ਬਦਾਵਲੀ ਨਹੀਂ ਸਨ, ਇਹ ਇਸ ਲਈ ਬਣਾਏ ਗਏ ਸਨ ਤਾਂ ਜੋ ਵੱਡੀਆਂ ਤਾਕਤਾਂ ਛੋਟੇ ਅਤੇ ਕਮਜ਼ੋਰ ਦੇਸ਼ਾਂ ਨੂੰ ਆਪਣੀ ਮਰਜ਼ੀ ਅਨੁਸਾਰ ਨਿਗਲ ਨਾ ਸਕਣ। ਜਦੋਂ ਇਹ ਸਿਧਾਂਤ ਖੁੱਲ੍ਹੇਆਮ ਤੋੜੇ ਜਾਂਦੇ ਹਨ ਅਤੇ ਸੰਸਾਰ ਦੀ ਪ੍ਰਤੀਕਿਰਿਆ ਸਿਰਫ਼ ਚੁੱਪ ਰਹਿ ਜਾਂਦੀ ਹੈ, ਤਾਂ ਇਹ ਚੁੱਪ ਭਵਿੱਖ ਦੇ ਹੋਰ ਹਮਲਿਆਂ ਲਈ ਮਨਜ਼ੂਰੀ ਬਣ ਜਾਂਦੀ ਹੈ। ਵੈਨੇਜ਼ੁਏਲਾ ਦੇ ਮਾਮਲੇ ਵਿੱਚ ਤੇਲ ਦੀ ਰਾਜਨੀਤੀ ਨੂੰ ਅਣਡਿੱਠਾ ਨਹੀਂ ਕੀਤਾ ਜਾ ਸਕਦਾ। ਦੁਨੀਆ ਦੇ ਸਭ ਤੋਂ ਵੱਡੇ ਪ੍ਰਮਾਣਿਤ ਤੇਲ ਭੰਡਾਰ ਕਰੀਬ ਤਿੰਨ ਸੌ ਅਰਬ ਬੈਰਲ—ਇਸ ਦੇਸ਼ ਨੂੰ ਸਿਰਫ਼ ਆਰਥਿਕ ਹੀ ਨਹੀਂ, ਭੂ-ਰਾਜਨੀਤਕ ਖ਼ਜ਼ਾਨਾ ਵੀ ਬਣਾਉਂਦੇ ਹਨ। ਇਤਿਹਾਸ ਗਵਾਹ ਹੈ ਕਿ ਜਿੱਥੇ ਕੁਦਰਤੀ ਸਰੋਤ ਹਨ, ਉੱਥੇ ਨੈਤਿਕ ਦਖ਼ਲ ਦੇ ਨਾਅਰੇ ਸਭ ਤੋਂ ਪਹਿਲਾਂ ਲੱਗਦੇ ਹਨ। ਸੰਯੁਕਤ ਰਾਸ਼ਟਰ ਵੀ ਆਦਰਸ਼ਾਂ ਦੀ ਸੰਸਥਾ ਨਾ ਹੋ ਕੇ ਜਾਂ ਤਾਕਤਾਂ ਦੀ ਕੈਦ ਵਿੱਚ ਕੈਦ ਹੋ ਗਈ ਹੈ। ਸੰਯੁਕਤ ਰਾਸ਼ਟਰ ਦਾ ਜਨਮ ਇਸ ਵਾਅਦੇ ਨਾਲ ਹੋਇਆ ਸੀ ਕਿ ਮਨੁੱਖਤਾ ਨੂੰ ਮੁੜ ਵਿਸ਼ਵ ਯੁੱਧ ਦੀ ਅੱਗ 'ਚ ਨਹੀਂ ਝੋਕਿਆ ਜਾਵੇਗਾ, ਪਰ ਅੱਜ ਇਹ ਸੰਸਥਾ ਅਪੰਗ ਹੋਣ ਦੀ ਪ੍ਰਤੀਕ ਬਣ ਚੁੱਕੀ ਹੈ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੁਨੀਆ ਭਰ 'ਚ ਸੈਂਕੜਿਆਂ ਫੌਜੀ ਟਕਰਾਅ ਹੋ ਚੁੱਕੇ ਹਨ, ਪਰ ਸੰਯੁਕਤ ਰਾਸ਼ਟਰ ਅਕਸਰ ਨਿੰਦਾ ਪ੍ਰਸਤਾਵਾਂ, ਬਿਆਨਾਂ ਅਤੇ ਅਪੀਲਾਂ ਤੱਕ ਹੀ ਸੀਮਤ ਰਿਹਾ ਹੈ। ਸੁਰੱਖਿਆ ਕੌਂਸਲ ਦੀ ਵੀਟੋ ਪ੍ਰਣਾਲੀ ਨੇ ਇਸ ਸੰਸਥਾ ਨੂੰ ਅਸਮਾਨਤਾ ਦਾ ਪ੍ਰਤੀਕ ਬਣਾ ਦਿੱਤਾ ਹੈ। ਪੰਜ ਸਥਾਈ ਮੈਂਬਰ ਕਾਨੂੰਨ ਤੋਂ ਉੱਪਰ ਹਨ, ਜਦਕਿ ਬਾਕੀ ਸੰਸਾਰ ਦਰਸ਼ਕ ਬਣ ਕੇ ਰਹਿ ਜਾਂਦਾ ਹੈ। ਜਦੋਂ ਅਪਰਾਧੀ ਹੀ ਜੱਜ ਬਣੇ ਹੋਣ, ਤਦ ਇਨਸਾਫ਼ ਸਿਰਫ਼ ਕਾਗਜ਼ਾਂ 'ਚ ਬਚਦਾ ਹੈ। ਯੂਰਪ ਅਸੂਲਾਂ ਅਤੇ ਸਵਾਰਥਾਂ ਦੀ ਦੋਹਰੀ ਨੀਤੀ 'ਤੇ ਚੱਲਦਾ ਹੈ। ਯੂਰਪ ਦੀ ਪ੍ਰਤੀਕਿਰਿਆ ਇਸ ਦੌਰ ਵਿੱਚ ਉਸ ਦੀ ਦੋਹਰੀ ਸੋਚ ਨੂੰ ਉਜਾਗਰ ਕਰਦੀ ਹੈ। ਇੱਕ ਪਾਸੇ ਮਨੁੱਖੀ ਅਧਿਕਾਰਾਂ ਅਤੇ ਕਾਨੂੰਨ ਦੀਆਂ ਵੱਡੀਆਂ ਗੱਲਾਂ, ਦੂਜੇ ਪਾਸੇ ਮਹਾਂ ਸ਼ਕਤੀਆਂ ਨਾਲ ਟਕਰਾਅ ਤੋਂ ਡਰ ਵੀ ਦਿਖਾਉਂਦਾ ਹੈ। ਕੁਝ ਦੇਸ਼ ਅਸੂਲੀ ਸਵਾਲ ਚੁੱਕਦੇ ਹਨ, ਪਰ ਬਹੁਤ ਸਾਰੇ ਦੇਸ਼ ਆਪਣੀ ਖਾਮੋਸ਼ੀ ਨਾਲ ਇਹ ਸਾਬਤ ਕਰ ਦਿੰਦੇ ਹਨ ਕਿ ਅਸੂਲ ਅਕਸਰ ਸਹੂਲਤ ਦੇ ਅਧੀਨ ਹੁੰਦੇ ਹਨ। ਇਹੀ ਚੁੱਪ 1930 ਦੇ ਦਹਾਕੇ 'ਚ ਵੀ ਸੀ, ਜਿਸ ਦੀ ਕੀਮਤ ਸੰਸਾਰ ਨੇ ਵਿਸ਼ਵ ਯੁੱਧ ਰਾਹੀਂ ਚੁਕਾਈ। ਚੀਨ-ਤਾਈਵਾਨ ਵੀ ਤਾਕਤ ਦੀ ਖਾਮੋਸ਼ ਚਾਲ ਚੱਲ ਰਹੇ ਹਨ। ਚੀਨ ਦੀ ਤਾਈਵਾਨ ਸੰਬੰਧੀ ਨੀਤੀ ਸਿਰਫ਼ ਇੱਕ ਖੇਤਰੀ ਵਿਵਾਦ ਨਹੀਂ। ਤਾਈਵਾਨ ਅਧੁਨਿਕ ਸੈਮੀਕੰਡਕਟਰ ਉਦਯੋਗ ਦਾ ਕੇਂਦਰ ਹੈ, ਜੋ ਗਲੋਬਲ ਡਿਜੀਟਲ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ। ਤਾਈਵਾਨ 'ਤੇ ਬਲਪੂਰਵਕ ਕੰਟਰੋਲ ਸਿਰਫ਼ ਨਕਸ਼ੇ ਦੀ ਤਬਦੀਲੀ ਨਹੀਂ, ਸਗੋਂ ਤਕਨਾਲੋਜੀਕਲ ਤਾਕਤ ਦੀ ਵੰਡ ਹੋਵੇਗੀ। ਨਵੀਂ ਨੀਤੀ ਵਿਚਾਰਧਾਰਾ ਨਹੀਂ, ਸਵਾਰਥ ਨੂੰ ਦਰਸਾ ਰਹੀ ਹੈ। ਅਮਰੀਕਾ, ਰੂਸ ਅਤੇ ਚੀਨ ਇਹ ਤਿੰਨੇ ਮਿਲ ਕੇ ਦੁਨੀਆ ਦੀ ਵੱਡੀ ਫੌਜੀ, ਆਰਥਿਕ ਅਤੇ ਰਾਜਨੀਤਕ ਤਾਕਤ 'ਤੇ ਕਾਬਜ਼ ਹਨ। ਇਨ੍ਹਾਂ ਵਿਚਕਾਰ ਕੋਈ ਲਿਖਤੀ ਗਠਜੋੜ ਨਹੀਂ, ਪਰ ਇੱਕ ਗੈਰ-ਲਿਖਤੀ ਸਮਝ ਸਾਫ਼ ਨਜ਼ਰ ਆਉਂਦੀ ਹੈ—ਹਰ ਇੱਕ ਆਪਣੇ ਖੇਤਰ ਵਿੱਚ ਖੁੱਲ੍ਹੀ ਛੋਟ, ਬਾਕੀਆਂ ਦੀ ਚੁੱਪ ਦੇ ਬਦਲੇ। ਇਹੀ ਨਵੀਂ ਨੀਤੀ ਹੈ—ਨਾ ਕਿ ਸਿਧਾਂਤਾਂ ਦੀ, ਸਗੋਂ ਇਸ ਨੂੰ ਸਵਾਰਥਾਂ ਦੀ ਨੀਤੀ ਕਿਹਾ ਜਾ ਸਕਦਾ ਹੈ। ਭਾਰਤ ਆਪਣੀ ਦਿਸ਼ਾ ਲੱਭ ਰਿਹਾ ਹੈ। ਭਾਰਤ ਲਈ ਇਹ ਸਾਰਾ ਦ੍ਰਿਸ਼ ਸਿਰਫ਼ ਵਿਦੇਸ਼ੀ ਮਸਲਾ ਨਹੀਂ। ਚੀਨ ਨਾਲ ਲੰਮੀ ਸਰਹੱਦ, ਅਮਰੀਕਾ ਦੀ ਅਣਭਰੋਸੇਯੋਗਤਾ ਅਤੇ ਰੂਸ ਨਾਲ ਪੁਰਾਣੇ ਪਰ ਜਟਿਲ ਰਿਸ਼ਤੇ, ਇਹ ਸਭ ਭਾਰਤੀ ਵਿਦੇਸ਼ ਨੀਤੀ ਲਈ ਵੱਡੀ ਚੁਣੌਤੀ ਹਨ। ਜੇ ਅੰਤਰਰਾਸ਼ਟਰੀ ਕਾਨੂੰਨ ਕਮਜ਼ੋਰ ਹੋਇਆ, ਤਾਂ ਕੱਲ੍ਹ ਨੂੰ ਭਾਰਤ ਦੀ ਸੰਪ੍ਰਭੂਤਾ ਵੀ ਤਾਕਤ ਦੇ ਤਰਾਜੂ 'ਚ ਤੋਲੀ ਜਾ ਸਕਦੀ ਹੈ। ਮਤਲਬ ਅਸੀਂ ਵੀ ਨਿਸ਼ਾਨਾ ਬਣ ਸਕਦੇ ਹਾਂ।

ਨਤੀਜੇ ਦੀ ਗੱਲ ਕਰੀਏ ਤਾਂ ਚੁੱਪ ਵੀ ਇੱਕ ਅਪਰਾਧ ਹੀ ਹੁੰਦਾ ਹੈ। ਇਤਿਹਾਸ ਸਾਨੂੰ ਵਾਰ-ਵਾਰ ਇੱਕੋ ਸਬਕ ਦਿੰਦਾ ਹੈ। ਧੱਕੇਸ਼ਾਹੀ 'ਤੇ ਚੁੱਪ ਰਹਿਣਾ ਧੱਕੇਸ਼ਾਹੀ ਦਾ ਸਾਥ ਹੁੰਦਾ ਹੈ। ਅੱਜ ਸਵਾਲ ਇਹ ਨਹੀਂ ਕਿ ਕੌਣ ਸਹੀ ਹੈ ਜਾਂ ਕੌਣ ਗਲਤ; ਅਸਲ ਸਵਾਲ ਇਹ ਹੈ ਕਿ ਕੀ ਸੰਸਾਰ ਅੰਤਰਰਾਸ਼ਟਰੀ ਕਾਨੂੰਨ ਅਤੇ ਨਿਆਂ ਨੂੰ ਬਚਾਉਣਾ ਚਾਹੁੰਦਾ ਹੈ ਜਾਂ ਤਾਕਤ ਦੇ ਕਾਨੂੰਨ ਨੂੰ ਸਵੀਕਾਰ ਕਰ ਲਿਆ ਹੈ। ਜੇ ਅੱਜ ਚੁੱਪੀ ਹਾਰ ਗਈ, ਤਾਂ ਕੱਲ੍ਹ ਨੂੰ ਇਤਿਹਾਸ ਪੁੱਛੇਗਾ, ਤੁਸੀਂ ਜਾਣਦੇ ਸੀ, ਫਿਰ ਵੀ ਤੁਸੀਂ ਚੁੱਪ ਕਿਉਂ ਰਹੇ? ਜਿਥੇ ਕਿਤੇ ਵੀ ਤਾਕਤਾਂ ਧੱਕਾ ਕਰਦੀਆਂ ਹਨ, ਉਸ ਖਿਲਾਫ ਸਾਰੇ ਦੇਸ਼ਾਂ ਨੂੰ ਬੋਲਣਾ ਚਾਹੀਦਾ ਹੈ।

**# ਸੰਪਰਕ : 94636-03091**

21-JAN-PAGE-5.qxd 1/20/2026 10:45 PM Page 1



# ਪੰਜਾਬ ਭਰ 'ਚ ਸਰਕਾਰ ਤੇ ਕੈਬਨਿਟ ਸਬ-ਕਮੇਟੀ ਵਿਰੁੱਧ ਰੋਸ ਰੈਲੀਆਂ ਤੇ ਅਰਥੀ ਫੂਕ ਪ੍ਰਦਰਸ਼ਨ

## 24 ਨੂੰ ਦਿੜ੍ਹਬਾ ਰੈਲੀ 'ਚ ਪਰਵਾਰਾਂ ਸਮੇਤ ਕਾਫਲੇ ਬੰਨ੍ਹ ਕੇ ਪੁੱਜਣ ਦਾ ਐਲਾਨ





**ਜਲਾਲਾਬਾਦ (ਜੀਤ ਕੁਮਾਰ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੱਦੇ 'ਤੇ ਪੂਰੇ ਪੰਜਾਬ ਵਿੱਚ ਸਬ ਡਵੀਜ਼ਨ ਪੱਧਰੀ ਤੇ ਇਸ ਤੋਂ ਇਲਾਵਾ ਵੱਖ-ਵੱਖ ਹਾਈਡਲ ਪ੍ਰੋਜੈਕਟਾਂ ਰਣਜੀਤ ਸਾਗਰ ਡੈਮ, ਮੁਕੇਰੀਆਂ ਹਾਈਡਲ ਪ੍ਰੋਜੈਕਟ, ਜੁਗਿੰਦਰ ਨਗਰ ਹਾਈਡਲ ਪ੍ਰੋਜੈਕਟ, ਯੂ.ਬੀ.ਡੀ.ਸੀ ਪਠਾਨਕੋਟ, ਲਹਿਰਾ ਮੁਹੱਬਤ ਥਰਮਲ ਪਲਾਂਟ, ਗੋਇੰਦਵਾਲ ਸਾਹਿਬ ਤੇ ਰੋਪੜ ਥਰਮਲ ਪਲਾਂਟਾਂ ਦੇ ਗੇਟਾਂ ਅੱਗੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪੰਜਾਬ ਸਰਕਾਰ ਵਿਰੁੱਧ ਰੈਲੀਆਂ ਕਰਨ ਉਪਰੰਤ ਸਬ ਕਮੇਟੀ ਪੰਜਾਬ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤੇ ਗਏ ਤੇ ਇਸ ਦੌਰਾਨ 24 ਜਨਵਰੀ 2026 ਵਾਲੇ ਦਿਨ ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ ਦੀ ਦਾਣਾ ਮੰਡੀ ਵਿੱਚ ਰੱਖੀ ਰੈਲੀ ਵਿੱਚ ਪਰਵਾਰਾਂ ਸਮੇਤ ਕਾਫਲੇ ਬੰਨ ਕੇ ਪੁੱਜਣ ਦਾ ਐਲਾਨ ਕੀਤਾ ਗਿਆ। ਇਹ ਰੈਲੀਆਂ ਪੰਜਾਬ ਦੇ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਸਾਲਾਂ ਵੱਧੀ ਅਰਸੇ ਤੋਂ ਕੰਮ ਕਰਦੇ ਜਲ ਸਪਲਾਈ ਤੇ ਸੈਨੀਟੇਸ਼ਨ, ਪਾਵਰਕੌਮ, ਵੇਰਕਾ ਮਿਲਕ ਪਲਾਂਟ, ਸੀਵਰੇਜ ਬੋਰਡ, ਪੀ ਡਬਲਿਊ ਡੀ ਇਲੈਕਟਰੀਕਲ, ਫਰਦ ਕੇਂਦਰ, ਵੇਅਰ ਹਾਊਸ, ਇਤਿਆਦਿ ਵਿਭਾਗਾਂ ਵਿੱਚ ਕੰਮ ਕਰਦੇ ਆਊਟਸੋਰਸ/ਇਨਲਿਸਟਮੈਂਟ, ਦਿਹਾੜੀਦਾਰ ਹੋਰ ਕੈਟਾਗਿਰੀਆਂ ਅਧੀਨ ਸੇਵਾਵਾਂ ਦੇ ਰਹੇ ਠੇਕਾ ਮੁਲਾਜ਼ਮਾਂ ਵੱਲੋਂ ਕੀਤੀਆਂ ਗਈਆਂ।

ਰੈਲੀਆਂ ਤੇ ਅਰਥੀ ਫੂਕ ਮੁਜ਼ਾਹਰੇ ਕਰਨ ਦੇ ਕਾਰਣਾਂ ਦਾ ਜ਼ਿਕਰ ਕਰਦੇ ਹੋਏ ਮੋਰਚੇ ਦੇ ਸੂਬਾ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਜਗਰੂਪ ਸਿੰਘ, ਪਵਨਦੀਪ ਸਿੰਘ, ਗੁਰਵਿੰਦਰ ਸਿੰਘ ਪਨੂੰ, ਸਿਮਰਨਜੀਤ ਸਿੰਘ ਨੀਲੋਂ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ ਗਗਨ, ਗੁਰਪ੍ਰੀਤ ਸਿੰਘ ਢਿੱਲੋਂ, ਰਮਨਦੀਪ ਸਿੰਘ, ਹਰਜਿੰਦਰਪਾਲ ਸਿੰਘ, ਲਛਮਣ ਸਿੰਘ, ਜਗਦੀਪ ਸਿੰਘ ਤੇ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਦੱਸਿਆ ਕਿ ਅਸੀਂ ਪੰਜਾਬ ਸਰਕਾਰ ਅਧੀਨ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਬਤੌਰ ਆਊਟਸੋਰਸ, ਇਨਲਿਸਟਮੈਂਟ, ਦਿਹਾੜੀਦਾਰ ਤੇ ਠੇਕਾ ਮੁਲਾਜ਼ਮਾਂ ਦੇ ਰੂਪ ਵਿੱਚ ਵੱਖ ਵੱਖ ਕੰਪਨੀਆਂ ਤੇ ਸੁਸਾਇਟੀਆਂ ਵੱਲੋਂ ਤੈਨਾਤ ਮੁਲਾਜ਼ਮ ਹਾਂ। ਇਸ ਲੰਬੇ ਅਰਸੇ ਤੋਂ ਹੀ ਸਾਡੀ ਪੰਜਾਬ ਸਰਕਾਰ ਵੱਲੋਂ ਮੰਗ ਰਹੀ ਹੈ ਕਿ ਭਾਰਤੀ ਸੰਵਿਧਾਨ ਮੁਤਾਬਕ ਸਥਾਈ ਸੇਵਾ ਦੀ ਲੋੜ ਦੇ ਖੇਤਰਾਂ ਵਿੱਚ ਸਾਨੂੰ ਪੱਕਾ ਰੁਜ਼ਗਾਰ ਦਿੱਤਾ ਜਾਵੇ। ਘੱਟੋ ਘੱਟ ਉਜਰਤ ਦੇ ਕਾਨੂੰਨ 1948 ਤੇ ਪੰਦਰਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਸਾਡੀ ਤਨਖਾਹ ਨਿਸ਼ਚਿਤ ਕੀਤੀ ਜਾਵੇ, ਕੰਮ ਭਾਰ ਦੀ ਪਹਿਲਾਂ ਤਹਿ ਨੀਤੀ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕਰਕੇ ਬੇਰੁਜ਼ਗਾਰਾਂ ਨੂੰ ਪੱਕਾ ਰੁਜ਼ਗਾਰ ਦਿੱਤਾ ਜਾਵੇ, ਪਰ ਸਰਕਾਰ ਇਕਜੁੱਟ ਮੁਲਾਜ਼ਮਾਂ ਨੂੰ ਵੱਖ ਵੱਖ ਵਿਭਾਗਾਂ ਵਿੱਚ ਵੰਡ ਕੇ ਇਸ ਤਾਕਤ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੀ ਹੈ। ਜਿਸ ਨੂੰ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਰੱਦ ਕਰਕੇ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸੰਘਰਸ਼ ਪ੍ਰੋਗਰਾਮ ਮੁਤਾਬਕ ਅੱਜ ਸਾਰੇ ਪੰਜਾਬ ਵਿੱਚ ਰੋਹ ਭਰਪੂਰ ਰੈਲੀਆਂ ਤੇ ਅਰਥੀ ਫੂਕ ਮੁਜ਼ਾਹਰੇ ਕੀਤੇ ਗਏ। ਅੱਜ ਤੋਂ ਹੀ ਮੁਲਾਜ਼ਮ ਜਥੇਬੰਦੀਆਂ ਕਾਫਲੇ ਬੰਨ ਕੇ ਵੱਖ ਵੱਖ ਵਿਭਾਗਾਂ ਦੇ ਠੇਕਾ ਮੁਲਾਜ਼ਮ ਪਰਿਵਾਰਾਂ ਤੱਕ ਜਾਣਗੇ। ਉਨ੍ਹਾਂ ਨੂੰ ਸੰਘਰਸ਼ ਦੀ ਲੋੜ ਤੋਂ ਜਾਣੂ ਕਰਵਾਕੇ 24 ਜਨਵਰੀ ਦੀ ਦਿੜ੍ਹਬਾ ਰੈਲੀ ਵਿੱਚ ਵਿੱਚ ਸ਼ਮੂਲੀਅਤ ਲਈ ਤਿਆਰ ਕੀਤਾ ਜਾਵੇਗਾ। ਇਸ ਤਰ੍ਹਾਂ ਠੇਕਾ ਮੁਲਾਜ਼ਮਾਂ ਦੇ ਬਜ਼ੁਰਗਾਂ ਦੇ ਨਾਲ ਉਨ੍ਹਾਂ ਦੀਆਂ ਜੀਵਨ ਸਾਥਣਾਂ ਸਮੇਤ ਬੱਚਾ ਬੱਚਾ ਜੋਸ਼ ਖਰੋਸ਼ ਨਾਲ ਪੁਜਕੇ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਕਰੇਗਾ।

**ਸਮਾਣਾ (ਇਕਬਾਲ ਸਿੰਘ ਬੱਲ)** : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੱਦੇ 'ਤੇ ਪੂਰੇ ਪੰਜਾਬ ਵਿਚ ਸਬ ਡਵੀਜ਼ਨ ਪੱਧਰ ਤੇ ਸਮਾਣਾ ਤਹਿਸੀਲ ਦੇ ਗੇਟ ਅੱਗੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪੰਜਾਬ ਸਰਕਾਰ ਵਿਰੁੱਧ ਰੈਲੀ ਕਰਨ ਉਪਰੰਤ ਸਬ ਕਮੇਟੀ ਪੰਜਾਬ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਅਰਥੀ ਸਾੜੀ ਗਈ।ਇਸ ਮੌਕੇ ਮੋਰਚੇ ਦੇ ਆਗੂ ਹਾਕਮ ਸਿੰਘ ਧਨੇਠਾ ਤੋਂ ਇਲਾਵਾ ਬ੍ਰਾਂਚ ਪ੍ਰਧਾਨ ਬਲਕਾਰ ਸਿੰਘ ਕਕਰਾਲਾ, ਲਖਵਿੰਦਰ ਸਿੰਘ, ਸਰਬਜੀਤ ਕੌਰ ਨੇ ਸੰਬੋਧਨ ਕੀਤਾ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਆਰ ਐੱਸ ਐੱਸ-ਭਾਜਪਾ 'ਚ ਵੱਡੀ ਸੰਨ੍ਹ

## ਆਰ ਐੱਸ ਐੱਸ ਮੈਂਬਰ ਤੇ ਭਾਜਪਾ ਆਗੂ ਸਾਬਕਾ ਕੌਂਸਲਰ ਲਕਸ਼ਮਣ ਰੈਗਰ ਸਾਥੀਆਂ ਸਮੇਤ 'ਆਪ' 'ਚ ਸ਼ਾਮਲ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਆਰ.ਐੱਸ.ਐੱਸ. ਤੇ ਭਾਜਪਾ ਵਿੱਚ ਵੱਡੀ ਸੰਨ੍ਹ ਮਾਰਦੇ ਹੋਏ 46 ਸਾਲਾਂ ਤੋਂ ਆਰ.ਐੱਸ.ਐੱਸ. ਨਾਲ ਜੁੜੇ ਰਹੇ ਭਾਜਪਾ ਆਗੂ ਤੇ ਸਾਬਕਾ ਕੌਂਸਲਰ ਸ੍ਰੀ ਲਕਸ਼ਮਣ ਰੈਗਰ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਪੁਰਾਣੀਆਂ ਪਾਰਟੀਆਂ ਦੀਆਂ ਲੋਕ-ਵਿਰੋਧੀ ਨੀਤੀਆਂ ਤੋਂ ਉਕਤਾ ਚੁੱਕੇ ਹਨ ਤੇ ਆਮ ਆਦਮੀ ਪਾਰਟੀ ਦੀ ਇਮਾਨਦਾਰ, ਪਾਰਦਰਸ਼ੀ ਤੇ ਲੋਕ-ਹਿੱਤਕਾਰੀ ਨੀਤੀਆਂ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਕਲਿਆਣਕ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਰਾਜਨੀਤਕ ਧਾਰਾਵਾਂ ਨਾਲ ਜੁੜੇ ਆਗੂ ਲਗਾਤਾਰ 'ਆਪ' ਵਿੱਚ ਸ਼ਾਮਲ ਹੋ ਰਹੇ ਹਨ।ਸ੍ਰੀ ਅਮਨ ਅਰੋੜਾ ਨੇ ਸ੍ਰੀ ਲਕਸ਼ਮਣ ਰੈਗਰ ਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਲੰਬਾ ਸਮਾਜਿਕ ਤੇ ਰਾਜਨੀਤਕ ਤਜਰਬਾ ਆਮ ਆਦਮੀ ਪਾਰਟੀ ਦੀ ਸੰਸਥਾ ਨੂੰ ਮਜ਼ਬੂਤੀ ਪ੍ਰਦਾਨ ਕਰੇਗਾ ਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।ਇਸ ਮੌਕੇ ਸ੍ਰੀ ਲਕਸ਼ਮਣ ਰੈਗਰ ਨੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ 'ਤੇ ਭਰੋਸਾ ਜ਼ਾਹਰ ਕਰਦਿਆਂ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਤੇ ਪੰਜਾਬ ਸਰਕਾਰ ਦੇ ਲੋਕ-ਪੱਖੀ ਫ਼ੈਸਲਿਆਂ ਤੋਂ ਪ੍ਰਭਾਵਿਤ ਹੋ ਕੇ ਉਹ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਤੇ ਪੰਜਾਬ ਦੀ ਤਰੱਕੀ ਲਈ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।ਇਸ ਮੌਕੇ ਪਾਰਟੀ ਦੇ ਹੋਰ ਆਗੂ ਤੇ ਵਰਕਰ ਮੌਜੂਦ ਰਹੇ।

# ਟਰੇਡ ਯੂਨੀਅਨਾਂ ਭਲਕੇ ਵੈਨੇਜ਼ੁਏਲਾ ਦੀ ਹਮਾਇਤ 'ਚ ਸਾੜਨਗੀਆਂ ਟਰੰਪ ਦਾ ਪੁਤਲਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਯੂਨਾਈਟਿਡ ਫਰੰਟ ਆਫ ਟ੍ਰੇਡ ਯੂਨੀਅਨਜ਼ ਲੁਧਿਆਣਾ ਨਾਲ ਸਬੰਧਤ ਯੂਨੀਅਨਾਂ, ਜਿਨ੍ਹਾਂ ਵਿੱਚ ਏਟਕ, ਇੰਟਕ, ਸੀਟੂ ਤੇ ਸੀਟੀਯੂ ਪੰਜਾਬ ਸ਼ਾਮਲ ਹਨ, ਦੇ ਆਗੂਆਂ ਦੀ ਇੱਕ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਕਾਮਰੇਡ ਵਿਨੋਦ ਤਿਵਾੜੀ ਨੇ ਕੀਤੀ।ਮੀਟਿੰਗ ਵਿੱਚ ਸਾਰੇ ਆਗੂਆਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਤੇ ਫੈਸਲਾ ਕੀਤਾ ਗਿਆ ਕਿ ਵਰਲਡ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਵਫਟੂ) ਦੇ ਸੱਦੇ 'ਤੇ ਵੈਨੇਜ਼ੁਏਲਾ ਦੇ ਹੱਕ ਵਿੱਚ ਦੇਸ਼ ਪੱਧਰ 'ਤੇ ਮਨਾਏ ਜਾ ਰਹੇ ਯਕਯਤੀ ਦਿਵਸ ਦੇ ਤੌਰ 'ਤੇ ਲੁਧਿਆਣੇ ਦੀਆਂ ਟ੍ਰੇਡ ਯੂਨੀਅਨਾਂ 22 ਜਨਵਰੀ ਨੂੰ ਰੋਸ ਮਾਰਚ ਕਰਕੇ ਬੱਸ ਸਟੈਂਡ ਦੇ ਸਾਹਮਣੇ ਟਰੰਪ ਦਾ ਪੁਤਲਾ ਫੂਕਣਗੀਆਂ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਟ੍ਰੇਡ ਯੂਨੀਅਨ ਹੱਕਾਂ 'ਤੇ ਕੀਤੇ ਜਾ ਰਹੇ ਹਮਲੇ ਦਾ ਸਖਤੀ ਨਾਲ ਵਿਰੋਧ ਕਰਨ ਦੀ ਲੋੜ ਹੈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 22 ਜਨਵਰੀ ਨੂੰ ਜ਼ਿਲ੍ਹਾ ਲੁਧਿਆਣਾ ਦੀ ਐੱਸਕੇਐੱਮ ਤੇ ਟਰੇਡ ਯੂਨੀਅਨ ਜਥੇਬੰਦੀਆਂ ਦੀ ਮੀਟਿੰਗ ਵਿੱਚ ਜੋ 26 ਜਨਵਰੀ ਦਾ ਪ੍ਰੋਗਰਾਮ ਤੈਅ ਕੀਤਾ ਜਾਵੇਗਾ, ਉਸ ਵਿੱਚ ਟਰੇਡ ਯੂਨੀਅਨਾਂ ਵੱਧ ਚੜ੍ਹ ਕੇ ਹਿੱਸਾ ਲੈਣਗੀਆਂ। ਲੁਧਿਆਣੇ ਦੀਆਂ ਸਾਰੀਆਂ ਯੂਨੀਅਨਾਂ ਆਪਣੇ ਆਪਣੇ ਅਦਾਰਿਆਂ ਵਿੱਚ 27 ਜਨਵਰੀ ਨੂੰ ਹੜਤਾਲ ਦਾ ਨੋਟਿਸ ਦੇਣਗੀਆਂ ਤੇ ਸਾਂਝੇ ਤੌਰ 'ਤੇ ਸਹਾਇਕ ਕਿਰਤ ਕਮਿਸ਼ਨਰ ਦੇ ਦਫਤਰ ਵਿਖੇ 28 ਜਨਵਰੀ ਦੁਪਹਿਰ 12 ਵਜੇ ਨੋਟਿਸ ਦਿੱਤਾ ਜਾਵੇਗਾ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਦੇ ਸੰਬੰਧ ਵਿੱਚ ਪਹਿਲੀ ਫਰਵਰੀ ਨੂੰ ਈਸੜੂ ਭਵਨ ਵਿਖੇ ਇੱਕ ਜ਼ਿਲ੍ਹਾ ਪੱਧਰੀ ਸਾਂਝੀ ਕਨਵੈਨਸ਼ਨ ਕੀਤੀ ਜਾਵੇਗੀ।ਮੀਟਿੰਗ ਵਿੱਚ ਜਿਨ੍ਹਾਂ ਟ੍ਰੇਡ ਯੂਨੀਅਨ ਆਗੂਆਂ ਨੇ ਹਿੱਸਾ ਲਿਆ ਉਨ੍ਹਾਂ ਵਿੱਚ ਐੱਮ ਐੱਸ ਭਾਟੀਆ, ਅਮਰ ਨਾਥ ਕੂਮ ਕਲਾਂ, ਗੁਰਜੀਤ ਸਿੰਘ ਜਗਪਾਲ, ਜਗਦੀਸ਼ ਚੰਦ, ਵਿਜੇ ਕੁਮਾਰ, ਹਨੂਮਾਨ ਪ੍ਰਸ਼ਾਦ, ਤਹਿਸੀਲਦਾਰ ਯਾਦਵ, ਕੇਵਲ ਸਿੰਘ ਬਨਵੈਤ, ਰਾਮ ਲਾਲ, ਵਿਨੋਦ ਤਿਵਾੜੀ, ਜੋਗਿੰਦਰ ਰਾਮ ਤੇ ਟਾਈਗਰ ਸਿੰਘ ਸ਼ਾਮਲ ਸਨ।



## ਕਾਤਰਾਂ

### ਡਾ. ਸਕਸੇਨਾ ਸਲਾਈਟ ਪ੍ਰਵੇਸ਼ ਪ੍ਰੀਖਿਆ ਦੇ ਚੇਅਰਮੈਨ ਨਿਯੁਕਤ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਲਾਈਟ ਲੌਂਗੋਵਾਲ ਵਿਖੇ ਡਾ. ਰਵਿੰਦਰ ਕੇ. ਸਕਸੇਨਾ ਪ੍ਰੋਫੈਸਰ (ਮਕੈਨੀਕਲ ਇੰਜੀਨੀਅਰਿੰਗ ਵਿਭਾਗ) ਨੂੰ ਐੱਸ.ਐੱਲ.ਆਈ.ਈ.ਟੀ. ਪ੍ਰਵੇਸ਼ ਪ੍ਰੀਖਿਆ (ਐਸ.ਈ.ਟੀ.-2026) ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਸੰਸਥਾਨ ਡਾ. ਰਾਜੇਸ਼ ਕੁਮਾਰ ਪ੍ਰੋਫੈਸਰ (ਮਕੈਨੀਕਲ ਇੰਜੀਨੀਅਰਿੰਗ ਵਿਭਾਗ) ਵੱਲੋਂ ਸੈੱਟ-2025 ਦੇ ਚੇਅਰਮੈਨ ਦੇ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ ਦਿੱਤੀਆਂ ਕੀਮਤੀ ਸੇਵਾਵਾਂ ਦੀ ਸਰਾਹਨਾ ਕਰਦਾ ਹੈ।ਡਾ. ਸਕਸੇਨਾ ਨੇ ਸੈੱਟ-2026 ਦੇ ਚੇਅਰਮੈਨ ਦਾ ਕਾਰਜਭਾਰ ਸੰਭਾਲ ਲਿਆ ਹੈ।

### ਬਰਕਤ ਕੁਟੀਆ ਕਾਲਾਬੂਲਾ ਵਿਖੇ ਭੰਡਾਰਾ 23 ਨੂੰ

**ਸ਼ੇਰਪੁਰ (ਰਵੀ ਟਿੱਬਾ)**-ਕਸਬਾ ਸ਼ੇਰਪੁਰ ਨੇੜਲੇ ਪਿੰਡ ਕਾਲਾਬੂਲਾ (ਸੰਗਰੂਰ) ਵਿਖੇ ਸ਼੍ਰੀ ਸੁਤੇ ਸਿੱਧ ਵਿਸ਼ਰਾਮ ਆਸ਼ਰਮ (ਬਰਕਤ ਕੁਟੀਆ) ਘਨੌਰੀ ਰੋਡ ਪਿੰਡ ਕਾਲਾਬੂਲਾ 'ਚ ਸਥਿੱਤ ਇਤਿਹਾਸਕ ਅਸਥਾਨ ਸ੍ਰੀ ਸ੍ਰੀ 1008 ਪੂਜਨੀਕ ਬ੍ਰਹਮਲੀਨ ਸੰਤ ਸ੍ਰੀ ਸੁਤੇ ਸਿੱਧ ਮਹਾਰਾਜ ਜੀ ਦੀ ਮੂਰਤੀ ਸਥਾਪਨਾ ਦਿਵਸ ਤੇ ਬਸੰਤ ਪੰਚਮੀ ਦੇ ਸ਼ੁੱਭ ਦਿਹਾੜੇ ਮੌਕੇ ਗੱਦੀ ਨਸ਼ੀਨ ਮਹੰਤ ਸੁਤੇ ਪ੍ਰਕਾਸ਼ ਜੀ ਅਤੇ ਇਲਾਕੇ ਦੀ ਸਾਧ ਸੰਗਤ ਵੱਲੋਂ ਹਰ ਸਾਲ ਦੀ ਤਰ੍ਹਾਂ 23 ਜਨਵਰੀ ਸ਼ੁਕਰਵਾਰ ਨੂੰ ਸਵੇਰੇ 10 ਵਜੇ ਵਿਸ਼ਾਲ ਭੰਡਾਰਾ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਗੱਲਬਾਤ ਕਰਦਿਆਂ ਮਹੰਤ ਸੁਤੇ ਪ੍ਰਕਾਸ਼ ਜੀ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਗਿਣਤੀ 'ਚ ਹਾਜ਼ਰੀ ਭਰਨ ਦੀ ਅਪੀਲ ਕੀਤੀ।

### ਚਾਈਨਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ : ਐਡਵੋਕੇਟ ਕੱਕੜ



**ਜਲਾਲਾਬਾਦ (ਬਲਵਿੰਦਰ ਸਿੰਘ, ਰਣਬੀਰ ਕੌਰ ਢਾਬਾਂ)**-ਐਡਵੋਕੇਟ ਅਮਿਤ ਕੱਕੜ ਨੇ ਕਿਹਾ ਕਿ ਪਤੰਗ ਉਡਾਉਣ ਸਮੇਂ ਚਾਈਨਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ ।ਉਹਨਾਂ ਕਿਹਾ ਕਿ ਪਾਬੰਦੀਸ਼ੁਦਾ ਚਾਈਨਾ ਡੋਰ ਸਾਰਿਆਂ ਲਈ ਨੁਕਸਾਨਦਾਇਕ ਹੈ ਅਤੇ ਪਿਛਲੇ ਸਮੇਂ ਵਿੱਚ ਅਨੇਕਾਂ ਹੀ ਲੋਕ ਚਾਈਨਾ ਡੋਰ ਦੀ ਲਪੇਟ ਵਿੱਚ ਆਉਣ ਕਰਕੇ ਜ਼ਖ਼ਮੀ ਹੋ ਚੁੱਕੇ ਹਨ। ਲੋਕਾਂ ਦੇ ਮਨਾਂ ਵਿੱਚ ਇਸ ਨੂੰ ਲੈ ਕੇ ਡਰ ਵੀ ਪਾਇਆ ਜਾਂਦਾ ਹੈ ਕਿ ਰਸਤੇ ਵਿੱਚ ਕਿਧਰੇ ਵਿਸ਼ੇਸ਼ ਤੌਰ 'ਤੇ ਦੋ ਪਹੀਆ ਵਾਹਨ ਚਾਲਕਾਂ ਨੂੰ ਚਾਈਨਾ ਡੋਰ ਕਾਰਨ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਜਿਵੇਂ ਕਿ ਪਿਛਲੇ ਦਿਨੀਂ ਗੁਰਦਾਸਪੁਰ ਵਿੱਚ ਇੱਕ ਨੌਜਵਾਨ ਚਾਈਨਾ ਡੋਰ ਦੀ ਲਪੇਟ ਆਉਣ ਨਾਲ਼ ਜ਼ਖ਼ਮੀ ਹੋ ਗਿਆ ਸੀ ਤੇ ਉਸ ਦੇ 35 ਟਾਂਕੇ ਲੱਗੇ ਸਨ ਤੇ ਅਜਿਹੇ ਕਈ ਮਾਮਲੇ ਹੋਰ ਵੀ ਕਈ ਥਾਵਾਂ ਤੇ ਦੇਖਣ ਨੂੰ ਮਿਲੇ ਹਨ।ਉਹਨਾਂ ਕਿਹਾ ਕਿ ਅਨੇਕਾਂ ਪੰਛੀ ਵੀ ਇੱਸ ਚਾਈਨਾ ਡੋਰ ਦੀ ਲਪੇਟ ਵਿੱਚ ਆ ਚੁੱਕੇ ਹਨ।ਐਡਵੋਕੇਟ ਕੱਕੜ ਨੇ ਲੋਕ ਚਾਈਨਾ ਡੋਰ ਦੀ ਵਰਤੋਂ ਨਾ ਕਰਕੇ ਬਲਕਿ ਆਮ ਪਰੰਪਰਾਗਤ ਡੋਰ ਦੀ ਵਰਤੋਂ ਕਰਨ ਤਾਂ ਜੋ ਇਸ ਚਾਈਨਾ ਡੋਰ ਨਾਲ਼ ਹੋਣ ਵਾਲੇ ਹਾਦਸਿਆਂ ਤੋਂ ਬਚਿਆ ਜਾ ਸਕੇ।

# ਮੁਖਤਿਆਰ ਸਿੰਘ ਨੂੰ ਅੰਤਮ ਅਰਦਾਸ ਮੌਕੇ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

## ਮੁਖਤਿਆਰ ਸਿੰਘ ਨੇ ਸਕੂਲੀ ਪੜ੍ਹਾਈ ਨਾ ਹੋਣ ਦੇ ਬਾਵਜੂਦ ਅੰਧਵਿਸ਼ਵਾਸਾਂ ਮੁਕਤ ਤੇ ਸਮਾਜਕ ਮਿਲਵਰਤਣ ਵਾਲੀ ਜ਼ਿੰਦਗੀ ਜੀਵੀ : ਜਗਰੂਪ

## ਮੁਖਤਿਆਰ ਸਿੰਘ ਨੇ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਲੋਕ ਸੇਵਾ ਨੂੰ ਸਮਰਪਤ ਕੀਤਾ : ਡਾ. ਅਮਨ ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਜਗਸੀਰ ਖੋਸਾ ਦੇ ਪਿਤਾ ਸ. ਮੁਖਤਿਆਰ ਸਿੰਘ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਸ੍ਰ. ਮੁਖਤਿਆਰ ਸਿੰਘ ਪਿਛਲੇ ਦਿਨੀਂ 72 ਸਾਲ ਦੀ ਉਮਰ ਵਿੱਚ ਸਦੀਵੀਂ ਵਿਛੋੜਾ ਦੇ ਗਏ ਸਨ।ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਜਗਰੂਪ, ਹਲਕਾ ਵਿਧਾਇਕਾ ਅਮਨਦੀਪ ਕੌਰ ਅਰੋੜਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਤੇ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਨੇ ਕਿਹਾ ਕਿ ਉਨ੍ਹਾਂ ਆਪਣੇ ਜੀਵਨ ਵਿੱਚ ਸੱਚੀ ਸੁੱਚੀ ਤੇ ਸਖ਼ਤ ਕਿਰਤ ਕੀਤੀ।ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾ ਲਿਖਾ ਕੇ, ਸਮਾਜਕ ਭਲਾਈ ਲਈ ਜੱਥੇਬੰਦੀਆਂ ਵਿੱਚ ਥਾਪੜਾ ਦੇ ਕੇ ਤੋਰਿਆ।ਸ੍ਰ. ਮੁਖਤਿਆਰ ਸਿੰਘ ਨੇ ਸਕੂਲੀ ਪੜ੍ਹਾਈ ਨਾ ਹੋਣ ਦੇ ਬਾਵਜੂਦ ਅੰਧਵਿਸ਼ਵਾਸਾਂ ਮੁਕਤ ਤੇ ਸਮਾਜਕ ਮਿਲਵਰਤਣ ਵਾਲੀ ਜ਼ਿੰਦਗੀ ਜੀਵੀ।ਬਿਮਾਰੀ ਦੀ ਹਾਲਤ ਵਿੱਚ ਉਹਨਾਂ ਦੇ ਸਮੁੱਚੇ ਪਰਵਾਰ ਨੇ ਉਨ੍ਹਾਂ ਦੀ ਸਾਂਭ ਸੰਭਾਲ ਪੂਰੀ ਸੇਵਾ ਕੀਤੀ।ਸ੍ਰ. ਮੁਖਤਿਆਰ ਸਿੰਘ ਦੇ ਵੱਡੇ ਪੁੱਤਰ ਜਗਸੀਰ ਖੋਸਾ ਤੋਂ ਇਲਾਵਾ ਛੋਟਾ ਪੁੱਤਰ ਹਰਦਮ ਖੋਸਾ ਤੇ ਉਸਦੀ ਪਤਨੀ ਸਿਮਰਜੀਤ ਕੌਰ ਵੀ ਸਮਾਜਕ ਕੰਮਾਂ ਵਿੱਚ ਸਹਿਯੋਗੀ ਹਨ। ਉਹਨਾਂ ਦੀ ਵੱਡੀ ਨੂੰਹ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ, ਉਨ੍ਹਾਂ ਦਾ ਵੱਡਾ ਪੋਤਾ ਸਵਰਾਜ ਖੋਸਾ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਜ਼ਿਲ੍ਹਾ ਪ੍ਰਧਾਨ ਹੈ।

ਅੱਜ ਸ. ਮੁਖਤਿਆਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿੱਚ ਸਾਬਕਾ ਐੱਸ ਐੱਮ ਓ ਡਾਕਟਰ ਇੰਦਰਵੀਰ ਗਿੱਲ, ਸਰਵ ਭਾਰਤ ਨੌਜਵਾਨ ਸਭਾ ਦੀ ਸੂਬਾਈ ਪ੍ਰਧਾਨ ਕਰਮਵੀਰ ਕੌਰ ਬੱਧਨੀ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾਈ ਪ੍ਰਧਾਨ ਰਮਨ ਧਰਮੂਵਾਲਾ, ਕਮਿਊਨਿਸਟ ਪਾਰਟੀ ਦੇ ਸ਼ੇਰ ਸਿੰਘ ਦੌਲਤਪੁਰਾ, ਪੱਤਰਕਾਰ ਭਾਈਚਾਰੇ ਵੱਲੋਂ ਇਕਬਾਲ ਸਿੰਘ ਖਹਿਰਾ ਤੇ ਹਰਜੀਤ ਸਿੰਘ, ਬਲਵਿੰਦਰ ਸਿੰਘ ਬਹੋਨਾ, ਨਰੇਗਾ ਯੂਨੀਅਨ ਦੇ ਗੋਰਾ ਸਿੰਘ ਪਿਪਲੀ, ਬਿੰਦਰ ਕੌਰ ਗਲੋਟੀ, ਕਮਲੇਸ਼ ਪਿਰੋਜਵਾਲ, ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ, ਸ਼ਿਵਨਾਥ ਦਰਦੀ ਪੱਤਰਕਾਰ, ਸਾਬਕਾ ਬਲਾਕ ਸੰਮਤੀ ਮੈਂਬਰ ਜਸਪਾਲ ਸਿੰਘ, ਸਾਬਕਾ ਸਰਪੰਚ ਤਰਸੇਮ ਸਿੰਘ ਖੋਸਾ ਪਾਂਡੋ, ਨੌਜਵਾਨ ਸਭਾ ਦੇ ਜਗਵਿੰਦਰ ਸਿੰਘ ਕਾਕਾ, ਬੋਹੜ ਸਿੰਘ ਬੁੱਟਰ, ਜਸਪ੍ਰੀਤ ਕੌਰ ਬੱਧਨੀ, ਸੁਰਿੰਦਰ ਸਿੰਘ ਦਾਤੇਵਾਲ, ਪੈਨਸ਼ਨਰ ਯੂਨੀਅਨ ਵੱਲੋਂ ਸਤਪਾਲ ਸਿੰਘ ਸਹਿਗਲ, ਜਸਵਿੰਦਰ ਸਿੰਘ ਡਾਲਾ, ਮਾਸਟਰ ਬੂਟਾ ਸਿੰਘ ਭੱਟੀ, ਆਪ ਆਗੂ ਵਿੱਕੀ ਤੂਰ, ਤਰਸੇਮ ਸਿੰਘ ਨੰਬਰਦਾਰ, ਨੈਬ ਸਿੰਘ ਨੰਬਰਦਾਰ, ਬਲਾਕ ਸੰਮਤੀ ਮੈਂਬਰ ਸੁਖਵਿੰਦਰ ਕੌਰ, ਵਿਦਿਆਰਥੀ ਆਗੂ ਹਰਪ੍ਰੀਤ ਨਿਹਾਲ ਸਿੰਘ ਵਾਲਾ, ਨਰੇਗਾ ਆਗੂ ਲਖਵੀਰ ਰਾਜੂ ਤੇ ਜਬਰਜੰਗ ਮਹੇਸਰੀ, ਸਾਬਕਾ ਵਿਧਾਇਕ ਹਰਜੋਤ ਕਮਲ ਵੱਲੋਂ ਸ਼ੋਕ ਮਤਾ ਲੈ ਕੇ ਆਏ ਸਤਨਾਮ ਸਿੰਘ ਮਹੇਸਰੀ ਤੇ ਸੂਰਜਭਾਨ ਧਾਲੀਵਾਲ ਆਦਿ ਹਾਜ਼ਰ ਸਨ।ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸੁਖਜਿੰਦਰ ਮਹੇਸਰੀ ਨੇ ਨਿਭਾਈ।

# ਥਰਮਲ ਦੇ ਠੇਕਾ ਮੁਲਾਜ਼ਮਾਂ ਸਬ-ਕਮੇਟੀ/ਪੰਜਾਬ ਸਰਕਾਰ ਦਾ ਪੁਤਲਾ ਫੂਕਿਆ

## ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ 'ਚ ਪੱਕਾ ਕਰਨ ਦੀ ਮੰਗ



ਥਰਮਲ ਲਹਿਰਾ ਦੇ ਮੁੱਖ ਗੇਟ 'ਤੇ ਰੈਲੀ ਕਰਨ ਉਪਰੰਤ ਸਬ-ਕਮੇਟੀ/ਪੰਜਾਬ ਸਰਕਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕਰਦੇ ਹੋਏ ਠੇਕਾ ਮੁਲਾਜ਼ਮ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਵਿਭਾਗ ਵਿੱਚ ਪੱਕਾ ਨਾ ਕਰਨ ਦੇ ਵਿਰੋਧ ਵਜੋਂ ਪਲਾਂਟ ਦੇ ਮੁੱਖ ਗੇਟ ਅੱਗੇ ਰੋਸ ਰੈਲੀ ਕਰਨ ਉਪਰੰਤ ਸਬ-ਕਮੇਟੀ/ਪੰਜਾਬ ਸਰਕਾਰ ਦਾ ਪੁਤਲਾ ਫੂਕਿਆ। ਮੋਰਚਾ ਆਗੂਆਂ ਜਗਰੂਪ ਸਿੰਘ, ਜਗਸੀਰ ਸਿੰਘ ਭੰਗੂ, ਹਰਦੀਪ ਸਿੰਘ ਤੱਗੜ ਤੇ ਅਵਤਾਰ ਸਿੰਘ ਬਠਿੰਡਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਮਰਜ਼ ਕਰਕੇ ਪੱਕਾ ਕਰਨ ਲਈ 'ਆਪ ਸਰਕਾਰ' ਵੱਲੋਂ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ, ਜਿਸ ਦੇ ਵਿਰੋਧ ਵਜੋਂ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਅੱਜ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਸਮੁੱਚੇ ਪੰਜਾਬ ਵਿੱਚ ਸਬ-ਕਮੇਟੀ/ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਆਗੂਆਂ ਨੇ ਕਿਹਾ ਕਿ ਠੇਕਾ ਮੁਲਾਜ਼ਮਾਂ ਵੱਲੋਂ 24 ਜਨਵਰੀ 2026 ਨੂੰ ਦਿੜ੍ਹਬਾ ਦੀ ਅਨਾਜ ਮੰਡੀ ਵਿੱਚ ਪਰਿਵਾਰਾਂ ਤੇ ਬੱਚਿਆਂ ਸਮੇਤ ਸੂਬਾ ਪੱਧਰੀ ਰੈਲੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ, ਸਮੂਹ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਪੱਕਾ ਕੀਤਾ ਜਾਵੇ, ਘੱਟੋ-ਘੱਟ ਉਜ਼ਰਤਾਂ ਦੇ ਕਾਨੂੰਨ 1948/15ਵੀਂ ਲੇਬਰ ਕਾਨਫ਼ਰੰਸ ਦੇ ਫਾਰਮੂਲੇ ਮੁਤਾਬਿਕ ਠੇਕਾ ਮੁਲਾਜ਼ਮਾਂ ਦੀ ਤਨਖ਼ਾਹ ਨਿਸ਼ਚਿਤ ਕੀਤੀ ਜਾਵੇ, ਸੇਵਾ ਕਾਲ ਦੌਰਾਨ ਮੌਤ/ਨਕਾਰਾ ਹੋਣ 'ਤੇ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ, ਪੈਨਸ਼ਨ ਤੇ ਯੋਗ ਮੁਆਵਜ਼ਾ ਦਿੱਤਾ ਜਾਵੇ, ਠੇਕਾ ਮੁਲਾਜ਼ਮਾਂ ਦੇ ਸੇਵਾ ਮੁਕਤ ਹੋਣ ਉਪਰੰਤ ਪੈਨਸ਼ਨ ਤੇ ਗੁਜ਼ਾਰਾ ਫ਼ੰਡ ਦਿੱਤਾ ਜਾਵੇ ਅਤੇ ਬਿਜਲੀ ਸੋਧ ਬਿੱਲ 2025, ਨਵੇਂ ਬੀਜ ਕਾਨੂੰਨ, ਨਵੇਂ ਕਿਰਤ ਕਾਨੂੰਨ ਤੇ ਨਵੇਂ ਜੀ ਰਾਮ ਜੀ ਆਦਿ ਕਾਨੂੰਨਾਂ ਨੂੰ ਤੁਰੰਤ ਰੱਦ ਕਰਕੇ ਪੁਰਾਣੇ ਕਾਨੂੰਨਾਂ ਨੂੰ ਬਹਾਲ ਕੀਤਾ ਜਾਵੇ।

# ਮੀਤ ਹੇਅਰ ਤੇ ਸੁਖਵੀਰ ਸਿੰਘ ਨੇ ਕਰਵਾਈ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ, ਰਣਜੀਤ ਪੇਧਨੀ)**-ਲੋਕ ਸਭਾ ਮੈਂਬਰ ਸੰਗਰੂਰ ਸ. ਗੁਰਮੀਤ ਸਿੰਘ ਮੀਤ ਹੇਅਰ ਤੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਸ. ਸੁਖਵੀਰ ਸਿੰਘ ਨੇ ਧੂਰੀ ਸ਼ਹਿਰ ਦੇ ਵਾਰਡ ਨੰਬਰ 21 ਵਿੱਚ ਲਗਭਗ 01.36 ਕਰੋੜ ਰੁਪਏ ਦੀ ਲਾਗਤ ਨਾਲ ਕਰੀਬ 03 ਕਿਲੋਮੀਟਰ ਬਣਨ ਵਾਲੀ ਸੜਕ ਤੇ ਸੜਕਾਂ 'ਤੇ ਲੱਗਣ ਵਾਲੀਆਂ ਐੱਲ.ਈ.ਡੀ. ਲਾਈਟਾਂ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਵਿਕਾਸ ਕਾਰਜਾਂ ਨੂੰ ਪਹਿਲ ਦਿੱਤੀ ਹੈ ਤੇ ਪਿਛਲੇ ਚਾਰ ਸਾਲਾਂ ਤੋਂ ਇਹ ਕੰਮ ਲਗਾਤਾਰ ਤੇਜ਼ੀ ਨਾਲ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ 61 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ, ਖੇਤਾਂ ਤੱਕ ਨਹਿਰੀ ਪਾਣੀ ਦੀ ਪਹੁੰਚ, 17 ਟੋਲ ਪਲਾਜ਼ੇ ਬੰਦ ਕਰ ਕੇ ਪੰਜਾਬੀਆਂ ਦੇ ਜੇਬ 'ਤੇ ਰੋਜ਼ ਵੱਜਦੇ ਡਾਕੇ ਨੂੰ ਰੋਕਿਆ ਹੈ।ਇਸ ਤੋਂ ਇਲਾਵਾ ਪਿੰਡਾਂ ਦੀਆਂ ਸੜਕਾਂ ਲਈ ਹਜ਼ਾਰ ਕਰੋੜ ਰੁਪਏ ਜਾਰੀ ਕਰਨ ਦੇ ਨਾਲ-ਨਾਲ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸੈਂਕੜੇ ਕਰੋੜ ਰੁਪਏ ਖ਼ਰਚ ਕੀਤੇ ਗਏ ਹਨ।ਉਨ੍ਹਾਂ ਹੋਰ ਸਿਆਸੀ ਪਾਰਟੀਆਂ 'ਤੇ ਤਨਜ਼ ਕਸਦਿਆਂ ਕਿਹਾ ਕਿ ਜਦੋਂ ਹੋਰ ਪਾਰਟੀਆਂ ਆਪਣੀ ਸਿਆਸਤ ਬਚਾਉਣ ਵਿੱਚ ਲੱਗੀਆਂ ਹੋਈਆਂ ਹਨ, ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਪੰਜਾਬ ਨੂੰ ਬਚਾਉਣ ਤੇ ਅੱਗੇ ਵਧਾਉਣ ਵਿੱਚ ਜੁਟੇ ਹੋਏ ਹਨ।ਉਨ੍ਹਾਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਜਿੰਨੇ ਵਿਕਾਸ ਕਾਰਜ ਕੀਤੇ ਹਨ, ਉਹ ਦੂਜੀਆਂ ਸਰਕਾਰਾਂ 75 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ। ਇਸ ਮੌਕੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਅੱਜ ਵਾਰਡ ਨੰਬਰ 21 ਵਿੱਚ ਲਗਭਗ 80 ਲੱਖ ਰੁਪਏ ਦੀ ਲਾਗਤ ਨਾਲ ਤਕਰੀਬਨ 3 ਕਿਲੋਮੀਟਰ ਸੜਕ 'ਤੇ ਬਲਾਕ ਟਾਈਲਾਂ ਲਗਾਈਆਂ ਜਾਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸੜਕਾਂ ਦੀ ਚੌੜਾਈ 25 ਫੁੱਟ ਹੋਵੇਗੀ, ਜਿਸ ਨਾਲ ਕਲੋਨੀ ਅੰਦਰ ਆਵਾਜਾਈ ਆਸਾਨ ਹੋਵੇਗੀ।ਇਸ ਦੇ ਨਾਲ ਹੀ 55 ਲੱਖ ਰੁਪਏ ਦੀ ਲਾਗਤ ਨਾਲ ਵਾਰਡ ਵਿੱਚ 125 ਆਧੁਨਿਕ ਐੱਲਈਡੀ ਸਟਰੀਟ ਲਾਈਟਾਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਰਾਤ ਸਮੇਂ ਰੌਸ਼ਨੀ ਦੀ ਸਮੱਸਿਆ ਦੂਰ ਹੋਵੇਗੀ ਤੇ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਹੋਣਗੇ।ਉਨ੍ਹਾਂ ਕਿਹਾ ਕਿ ਧੂਰੀ ਸ਼ਹਿਰ ਨੂੰ ਨਮੂਨੇ ਦਾ ਸ਼ਹਿਰ ਬਣਾਉਣ ਲਈ ਕੰਮ ਜੰਗੀ ਪੱਧਰ 'ਤੇ ਜਾਰੀ ਹੈ।ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਮੈਂਬਰ ਫੂਡ ਕਮਿਸ਼ਨ ਜਸਵੀਰ ਸਿੰਘ ਜੱਸੀ ਸੇਖੋਂ, ਮੈਂਬਰ ਪੰਜਾਬ ਵਕਫ਼ ਬੋਰਡ ਡਾ. ਅਨਵਰ ਖ਼ਾਨ, ਐਡਵੋਕੇਟ ਹੈਪੀ ਗਰਗ, ਡਾਇਰੈਕਟਰ ਅਨਿਲ ਮਿੱਤਲ, ਡਾਇਰੈਕਟਰ ਸ਼ੂਗਰ ਫੈੱਡ ਜਸਪਾਲ ਸਿੰਘ ਭੁੱਲਰ, ਭੁਪਿੰਦਰ ਸਿੰਘ, ਸੁਖਵੀਰ ਸਿੰਘ, ਕੁਲਵੰਤ ਸਿੰਘ, ਗੁਰਜੰਟ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਇਲਾਕਾ ਨਿਵਾਸੀ ਮੌਜੂਦ ਸਨ।

# ਮੁੱਖ ਮੰਤਰੀ ਦੇ ਓ ਐੱਸ ਡੀ ਸੁਖਵੀਰ ਸਿੰਘ ਨੇ ਸੰਭਾਲੀ ਧੂਰੀ ਹਲਕੇ ਦੀ ਵਾਗਡੋਰ

## ਲੋਕਾਂ ਦੀਆਂ ਦਹਿਲੀਜ਼ਾਂ 'ਤੇ ਹੋਣਗੇ ਕੰਮ : ਸੁਖਵੀਰ ਸਿੰਘ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬੇਹੱਦ ਕਰੀਬੀ ਤੇ ਭਰੋਸੇਮੰਦ ਸਾਥੀ ਓ.ਐੱਸ.ਡੀ. ਸੁਖਵੀਰ ਸਿੰਘ ਨੇ ਹਲਕਾ ਧੂਰੀ ਦੀ ਕਮਾਨ ਪੂਰੀ ਤਰ੍ਹਾਂ ਆਪਣੇ ਹੱਥਾਂ ਵਿੱਚ ਲੈ ਲਈ ਹੈ।ਬੀਤੇ ਦਿਨੀਂ ਇੱਕ ਨਿੱਜੀ ਹੋਟਲ ਵਿੱਚ ਪੱਤਰਕਾਰਾਂ ਨਾਲ ਰੂ-ਬ-ਰੂ ਹੁੰਦਿਆਂ ਉਨ੍ਹਾਂ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਸਾਹਿਬ ਵੱਲੋਂ ਹੁਣ ਉਨ੍ਹਾਂ ਦੀ ਪੱਕੀ ਡਿਊਟੀ ਧੂਰੀ ਹਲਕੇ ਵਿੱਚ ਲਗਾ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਹੁਣ ਉਹ ਸਥਾਨਕ ਪੱਧਰ 'ਤੇ ਮੌਜੂਦ ਰਹਿ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ ਤੇ ਹਲਕੇ ਦੇ ਅਧੂਰੇ ਪਏ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਨੇਪਰੇ ਚਾੜ੍ਹਿਆ ਜਾਵੇਗਾ।ਉਨ੍ਹਾਂ ਕਿਹਾ ਕਿ ਹੁਣ ਲੋਕਾਂ ਦੀਆਂ ਦਹਿਲੀਜ਼ਾਂ 'ਤੇ ਕੰਮ ਹੋਣਗੇ।ਸੁਖਵੀਰ ਸਿੰਘ ਦੀ ਇਸ ਨਵੀਂ ਜ਼ਿੰਮੇਵਾਰੀ ਨਾਲ ਧੂਰੀ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ, ਕਿਉਂਕਿ ਉਹ ਮੁੱਖ ਮੰਤਰੀ ਦੇ ਅਤਿ ਵਿਸ਼ਵਾਸਪਾਤਰਾਂ ਵਿੱਚ ਸ਼ੁਮਾਰ ਹਨ, ਇਸ ਲਈ ਇਹ ਮੰਨਿਆ ਜਾ ਰਿਹਾ ਹੈ ਕਿ ਹੁਣ ਪ੍ਰਸ਼ਾਸਨਕ ਕੰਮਾਂ ਵਿੱਚ ਤੇਜ਼ੀ ਆਵੇਗੀ ਤੇ ਲੋਕਾਂ ਨੂੰ ਆਪਣੇ ਨਿੱਕੇ-ਨਿੱਕੇ ਕੰਮਾਂ ਲਈ ਚੰਡੀਗੜ੍ਹ ਦੇ ਚੱਕਰ ਨਹੀਂ ਕੱਟਣੇ ਪੈਣਗੇ।ਸੁਖਵੀਰ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਹਲਕੇ ਦਾ ਸਰਬਪੱਖੀ ਵਿਕਾਸ ਉਨ੍ਹਾਂ ਦਾ ਮੁੱਖ ਏਜੰਡਾ ਹੈ ਤੇ ਭਵਿੱਖ ਵਿੱਚ ਧੂਰੀ ਨੂੰ ਇੱਕ ਮਾਡਲ ਹਲਕੇ ਵਜੋਂ ਵਿਕਸਤ ਕੀਤਾ ਜਾਵੇਗਾ।ਸਿਆਸੀ ਹਲਕਿਆਂ ਵਿੱਚ ਚਰਚਾ ਤੇ ਵਿਕਾਸ ਦੀ ਰਫ਼ਤਾਰ ਸਿਆਸੀ ਮਾਹਰਾਂ ਅਨੁਸਾਰ, ਮੁੱਖ ਮੰਤਰੀ ਭਗਵੰਤ ਮਾਨ ਦਾ ਆਉਂਦੀਆਂ ਚੋਣਾਂ ਵਿੱਚ ਮੁੜ ਧੂਰੀ ਤੋਂ ਮੈਦਾਨ ਵਿੱਚ ਉਤਰਨਾ ਲਗਭਗ ਤੈਅ ਹੈ। ਇਸੇ ਰਣਨੀਤੀ ਤਹਿਤ ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਝੜੀ ਲਗਾ ਦਿੱਤੀ ਗਈ ਹੈ।ਉਹ ਨਾ ਸਿਰਫ਼ ਸਰਕਾਰੀ ਪ੍ਰੋਜੈਕਟਾਂ ਦੀ ਨਿਗਰਾਨੀ ਕਰ ਰਹੇ ਹਨ, ਸਗੋਂ ਆਮ ਜਨਤਾ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਨਬਜ਼ਾਂ ਨੂੰ ਵੀ ਪਛਾਣ ਰਹੇ ਹਨ।


# ਬੀ ਕੇ ਯੂ ਏਕਤਾ ਸਿੱਧੂਪੁਰ ਵੱਲੋਂ ਜਲੂਰ ਇਕਾਈ ਦੇ ਅਹੁਦੇਦਾਰਾਂ ਦੀ ਚੋਣ



**ਲਹਿਰਾਗਾਗਾ (ਪਵਨ ਸ਼ਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਪਿੰਡ ਜਲੂਰ ਵਿਖੇ ਇਕਾਈ ਦੇ ਅਹੁਦੇਦਾਰਾਂ ਦੀ ਮੁੜ ਤੋਂ ਚੋਣ ਕਰਨ ਲਈ ਇਕੱਠ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਪਿੰਡ ਦੇ ਕਿਸਾਨਾਂ ਤੋਂ ਇਲਾਵਾ ਬਲਾਕ ਜਨਰਲ ਸਕੱਤਰ ਰਾਮਫਲ ਸਿੰਘ ਜਲੂਰ, ਖਜ਼ਾਨਚੀ ਲਖਵਿੰਦਰ ਸਿੰਘ ਡੂਡੀਆਂ ਤੇ ਪ੍ਰੈੱਸ ਸਕੱਤਰ ਜਤਿੰਦਰ ਸਿੰਘ ਜਲੂਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਸਰਬਸੰਮਤੀ ਨਾਲ ਗੁਰਦੀਪ ਸਿੰਘ ਨੰਬਰਦਾਰ ਪ੍ਰਧਾਨ, ਹਰਦੇਵ ਸਿੰਘ ਕਾਲਾ ਸੂਚ ਸੀਨੀਅਰ ਮੀਤ ਪ੍ਰਧਾਨ, ਜੀਤ ਸਿੰਘ ਸਾਬਕਾ ਪੰਚ ਤੇ ਜਗਤਾਰ ਸਿੰਘ ਪੋਪਾ ਮੀਤ ਪ੍ਰਧਾਨ, ਮੰਟੂ ਚਹਿਲ ਜਨਰਲ ਸਕੱਤਰ, ਮੋਹਨ ਸਿੰਘ ਖਜ਼ਾਨਚੀ, ਭੱਪਾ ਸਿੰਘ ਸਹਿ ਖਜ਼ਾਨਚੀ, ਗੁਰਦਾਸ ਸਿੰਘ ਖਾਲਸਾ ਮੁੱਖ ਸਲਾਹਕਾਰ, ਮੱਖਣ ਸਿੰਘ ਨੰਬਰਦਾਰ ਸਲਾਹਕਾਰ, ਸੀਵ ਸਿੰਘ, ਭੀਮ ਸਿੰਘ ਜਥੇਬੰਦਕ ਸਕੱਤਰ, ਲੀਲਾ ਸਿੰਘ ਪ੍ਰਚਾਰ ਸਕੱਤਰ, ਅੰਮ੍ਰਿਤਪਾਲ ਸਿੰਘ ਪ੍ਰੈੱਸ ਸਕੱਤਰ ਤੋਂ ਇਲਾਵਾ ਕਰਨੈਲ ਸਿੰਘ ਸੂਚ, ਭਗਵਾਨ ਸਿੰਘ ਨੰਬਰਦਾਰ, ਮੋਹਰ ਸਿੰਘ ਨੰਬਰਦਾਰ, ਰਾਜ ਸਿੰਘ, ਅਵਤਾਰ ਸਿੰਘ ਫੋਰਡ, ਮਨਦੀਪ ਸਿੰਘ, ਬਲਜਿੰਦਰ ਸਿੰਘ, ਫੈਟਾ ਸਿੰਘ, ਮੁਨਸ਼ੀ ਸਿੰਘ, ਮਨਿੰਦਰ ਸਿੰਘ, ਹਰਜਿੰਦਰ ਸਿੰਘ ਰੋਡੋ, ਗੱਗੀ ਰਾਏਪੁਰੀਆ, ਗੋਰਾ ਸਿੰਘ, ਪਰਮ ਸਿੰਘ, ਮਾਲਕ ਸਿੰਘ ਸਰਾਓ, ਪਾਲਾ ਨੰਬਰਦਾਰ, ਮਨਜੀਤ ਸਿੰਘ ਮਨੀ, ਕਾਕਾ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਆਗੂਆਂ ਨੇ ਦੱਸਿਆ ਕਿ ਬੀਕੇਯੂ ਏਕਤਾ ਸਿੱਧੂਪੁਰ ਦੇ ਪ੍ਰਧਾਨ ਤੇ ਐੱਸਕੇਐੱਮ ਗੈਰ-ਸਿਆਸੀ ਦੇ ਦੇਸ਼ ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ 'ਚ ਕਿਸਾਨੀ ਮੰਗਾਂ ਨੂੰ ਲੈ ਕੇ ਲੜੇ ਜਾ ਰਹੇ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਲਈ ਤੇ ਸ੍ਰ. ਡੱਲੇਵਾਲ ਦੀ ਵਧ ਰਹੀ ਲੋਕਪ੍ਰਿਅਤਾ ਤੋਂ ਬੁਖਲਾਈਆਂ ਸਰਕਾਰਾਂ ਤੇ ਏਜੰਸੀਆਂ ਵੱਲੋਂ ਜਥੇਬੰਦੀ ਵਿੱਚ ਫੁੱਟ ਪਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਲੋਕਾਂ ਨੇ ਮੂੰਹ ਤੋੜ ਜਵਾਬ ਦਿੱਤਾ ਹੈ ਤੇ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਕਿਸਾਨ ਸ੍ਰ. ਡੱਲੇਵਾਲ ਨਾਲ ਚਟਾਨ ਦੀ ਤਰ੍ਹਾਂ ਡੱਟ ਕੇ ਖੜੇ ਹਨ।ਉਨ੍ਹਾਂ ਦੱਸਿਆ ਕਿ ਕਿਸਾਨੀ ਮੰਗਾਂ, ਮਸਲਿਆਂ ਤੇ ਆਉਣ ਵਾਲੇ ਸੰਘਰਸ਼ਾਂ ਪ੍ਰਤੀ ਜਾਗਰੂਕ ਕਰਨ ਲਈ 25 ਜਨਵਰੀ ਨੂੰ ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਗੁਰਦੁਆਰਾ ਨਾਨਕੀਆਣਾ ਸਾਹਿਬ ਸੰਗਰੂਰ ਵਿਖੇ ਸੂਬਾ ਪੱਧਰੀ ਵਧਵੀਂ ਮੀਟਿੰਗ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਜ਼ਿਲ੍ਹਾ, ਬਲਾਕ ਤੇ ਪਿੰਡ ਇਕਾਈਆਂ ਦੇ ਅਹੁਦੇਦਾਰ ਤੇ ਸਰਗਰਮ ਵਰਕਰ ਸ਼ਮੂਲੀਅਤ ਕਰਨਗੇ।

# ਮਾਲਵਾ ਕਾਲਜ ਨੇ ਬੀ ਏ ਚੌਥਾ ਸਮੈਸਟਰ ਦੇ ਨਤੀਜਿਆਂ 'ਚ ਮਾਰੀ ਬਾਜ਼ੀ

## ਸਨੇਹਾ ਗਰਗ ਨੇ 90 ਫ਼ੀਸਦੀ ਅੰਕਾਂ ਨਾਲ ਜ਼ਿਲ੍ਹੇ 'ਚੋਂ ਕੀਤਾ ਟਾਪ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਸਰਦੂਲਗੜ੍ਹ ਇਲਾਕੇ ਦੀ ਉੱਚ ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੋਈ ਪ੍ਰਸਿੱਧ ਸੰਸਥਾ ਮਾਲਵਾ ਗਰੁੱਪ ਆਫ ਕਾਲਜਿਜ਼, ਸਰਦੂਲੇਵਾਲਾ ਦਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਈ 2025 ਦੇ ਬੀ. ਏ. ਚੌਥਾ ਸਮੈਸਟਰ ਦੀ ਪ੍ਰੀਖਿਆ ਦਾ ਨਤੀਜਾ ਹਾਲ ਹੀ ਵਿੱਚ ਐਲਾਨਿਆ ਗਿਆ ਹੈ । ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਨਾਲ ਕਾਲਜ ਪ੍ਰਬੰਧਨ, ਸਟਾਫ, ਵਿਦਿਆਰਥਣਾਂ ਤੇ ਮਾਪਿਆਂ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।ਬੀ.ਏ. ਚੌਥਾ ਸਮੈਸਟਰ ਦੀ ਪ੍ਰੀਖਿਆ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਉੱਚ ਅੰਕ ਹਾਸਲ ਕਰਕੇ ਨਾ ਕੇਵਲ ਸੰਸਥਾ ਦਾ ਮਾਣ ਵਧਾਇਆ, ਸਗੋਂ ਆਪਣੇ ਮਾਪਿਆਂ ਦਾ ਨਾਮ ਵੀ ਰੌਸ਼ਨ ਕੀਤਾ।ਨਤੀਜਿਆਂ ਅਨੁਸਾਰ ਸਨੇਹਾ ਗਰਗ ਪੁੱਤਰੀ ਸੁਭਾਸ਼ ਗਰਗ ਨੇ 90 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਦਿਆਂ ਜ਼ਿਲ੍ਹੇ ਵਿੱਚੋਂ ਵੀ ਅੱਵਲ ਪੁਜ਼ੀਸ਼ਨ ਹਾਸਿਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ।ਇਸੇ ਤਰ੍ਹਾਂ ਰਮਨਦੀਪ ਕੌਰ ਪੁੱਤਰੀ ਕੁਲਦੀਪ ਸਿੰਘ ਨੇ 80 ਪ੍ਰਤੀਸ਼ਤ ਅੰਕ ਲੈ ਕੇ ਦੂਜੀ ਪੁਜ਼ੀਸ਼ਨ ਹਾਸਲ ਕੀਤੀ, ਜਦਕਿ ਪ੍ਰਭਜੋਤ ਕੌਰ ਪੁੱਤਰੀ ਸੁਖਵਿੰਦਰ ਸਿੰਘ ਤੇ ਗਗਨਜੀਤ ਕੌਰ ਪੁੱਤਰੀ ਮੇਵਾ ਸਿੰਘ ਨੇ 79 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਾਂਝੀ ਤੌਰ 'ਤੇ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ।ਇਸ ਮੌਕੇ ਸੰਸਥਾ ਦੇ ਚੇਅਰਮੈਨ ਜਤਿੰਦਰ ਸਿੰਘ ਸੋਢੀ ਨੇ ਵਿਦਿਆਰਥਣਾਂ ਦੀ ਇਸ ਮਹੱਤਵਪੂਰਨ ਸਫਲਤਾ ਲਈ ਉਨ੍ਹਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਕੇਵਲ ਅਕਾਦਮਿਕ ਤੌਰ 'ਤੇ ਹੀ ਨਹੀਂ, ਸਗੋਂ ਜੀਵਨ ਦੇ ਹਰ ਖੇਤਰ ਵਿੱਚ ਅੱਗੇ ਵਧਣ ਯੋਗ ਬਣਾਉਣਾ ਹੈ।ਇਸੇ ਤਰ੍ਹਾਂ ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਨੇ ਵੀ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸੰਸਥਾ ਵਿਖੇ ਲੜਕੀਆਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਸਮਾਜਿਕ, ਨੈਤਿਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਵੀ ਜੋੜਿਆ ਜਾਂਦਾ ਹੈ, ਤਾਂ ਜੋ ਉਹ ਸਮਾਜ ਵਿੱਚ ਇੱਕ ਜ਼ਿੰਮੇਵਾਰ ਤੇ ਸਸ਼ਕਤ ਨਾਗਰਿਕ ਬਣ ਸਕਣ।

ਇਸ ਮੌਕੇ ਕਾਲਜ ਸਟਾਫ ਵੱਲੋਂ ਵਿਦਿਆਰਥਣਾਂ ਨੂੰ ਵਧਾਈ ਦੇਣ ਲਈ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਅਸਿਸਟੈਂਟ ਪ੍ਰੋਫੈਸਰ ਬਲਜੀਤ ਪਾਲ ਸਿੰਘ, ਅਰਵਿੰਦਰ ਸਿੰਗਲਾ, ਗੁਰਦੀਪ ਸਿੰਘ, ਜਸਪਾਲ ਕੌਰ, ਰਕਸ਼ਾ ਰਾਣੀ, ਹਰਪ੍ਰੀਤ ਕੌਰ, ਸਿੰਬਲਪਾਲ ਤੇ ਰੇਖਾ ਰਾਣੀ ਸਮੇਤ ਹੋਰ ਸਟਾਫ ਮੈਂਬਰ ਹਾਜ਼ਰ ਸਨ।ਸਾਰੇ ਸਟਾਫ ਮੈਂਬਰਾਂ ਨੇ ਵਿਦਿਆਰਥਣਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਦਿਓਲ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

## ਕਲੋਨੀ ਦੇ ਸਰਬਪੱਖੀ ਵਿਕਾਸ ਤੇ ਮੁੱਢਲੀਆਂ ਸਹੂਲਤਾਂ ਲਈ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਦਿਓਲ ਸਿਟੀ ਰੈਜੀਡੈਂਸ ਵੈਲਫੇਅਰ ਸੁਸਾਇਟੀ, ਧੂਰੀ ਰੋਡ, ਮਾਲੇਰਕੋਟਲਾ ਵੱਲੋਂ ਦਿਓਲ ਸਿਟੀ ਵਿਖੇ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਮੌਕੇ ਕਲੋਨੀ ਨਿਵਾਸੀਆਂ ਦੇ ਨਾਲ-ਨਾਲ ਸਥਾਨਕ ਵਿਧਾਇਕ ਡਾ. ਜਮੀਲ-ਉਰ-ਰਹਿਮਾਨ, ਜਸਵੀਰ ਸਿੰਘ ਦਿਓਲ ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਕੌਂਸਲਰ ਮਨੋਜ ਉੱਪਲ ਅਤੇ ਹੋਰ ਪਤਵੰਤੇ ਸੱਜਣਾਂ ਵੀ ਹਾਜ਼ਰੀ ਲਗਵਾਈ। ਕੀਰਤਨ ਗਿਆਨੀ ਗੁਰਜੰਟ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਕੇਸਰ ਸਿੰਘ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਵਿਧਾਇਕ ਡਾ. ਜਮੀਲ-ਉਰ-ਰਹਿਮਾਨ, ਜਸਵੀਰ ਸਿੰਘ ਦਿਓਲ, ਕੌਂਸਲਰ ਮਨੋਜ ਉੱਪਲ, ਗਿਆਨੀ ਗੁਰਜੰਟ ਸਿੰਘ, ਕੈਸ਼ੀਅਰ ਲਖਵਿੰਦਰ ਸਿੰਘ ਫੌਜੀ ਅਤੇ ਗੁਰਮੁਖ ਸਿੰਘ ਨੂੰ ਸਿਰੋਪਾਓ ਅਤੇ ਲੋਈ ਨਾਲ ਸਨਮਾਨਤ ਕੀਤਾ ਗਿਆ। ਪ੍ਰਧਾਨ ਕੇਸਰ ਸਿੰਘ ਨੇ ਦੱਸਿਆ ਕਿ ਇਸ ਧਾਰਮਿਕ ਸਮਾਗਮ ਲਈ ਉਪ-ਪ੍ਰਧਾਨ ਰਵਿੰਦਰ ਕੁਮਾਰ, ਸਕੱਤਰ ਪ੍ਰਦੀਪ ਸਿੰਗਲਾ, ਜਨਰਲ ਸਕੱਤਰ ਕੁਲਵਿੰਦਰ ਸਿੰਘ, ਪ੍ਰੈੱਸ ਸਕੱਤਰ ਕਰਨ ਤਾਇਲ ਅਤੇ ਹੋਰ ਕਲੋਨੀ ਨਿਵਾਸੀਆਂ ਨੇ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਲੰਗਰ ਅਤੁੱਟ ਵਰਤਾਇਆ ਗਿਆ। ਦਿਓਲ ਸਿਟੀ ਵਿਖੇ ਪਹੁੰਚੇ ਵਿਧਾਇਕ ਡਾ. ਜਮੀਲ-ਉਰ-ਰਹਿਮਾਨ ਨੂੰ ਕਲੋਨੀ ਦੇ ਸਰਵਪੱਖੀ ਵਿਕਾਸ ਅਤੇ ਮੁਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਦਿਓਲ ਸਿਟੀ ਰੈਜੀਡੈਂਸ ਵੈਲਫੇਅਰ ਸੁਸਾਇਟੀ ਧੂਰੀ ਰੋਡ, ਮਾਲੇਰਕੋਟਲਾ ਵੱਲੋਂ ਇੱਕ ਮੰਗ ਪੱਤਰ ਸੌਂਪਿਆ ਗਿਆ। ਪ੍ਰਧਾਨ ਕੇਸਰ ਸਿੰਘ ਨੇ ਕਿਹਾ ਕਿ ਕਰੀਬ 10 ਸਾਲ ਹੋ ਚੁੱਕੇ ਹਨ, ਪਰ ਹੁਣ ਤੱਕ ਦਿਓਲ ਸਿਟੀ ਨੂੰ ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਸੀਵਰੇਜ, ਪੀਣ ਵਾਲੇ ਪਾਣੀ ਦੀ ਸਹੂਲਤ ਅਤੇ ਸੜਕਾਂ ਆਦਿ ਵਰਗੀਆਂ ਮੁਢਲੀਆਂ ਸਹੂਲਤਾਂ ਪ੍ਰਦਾਨ ਨਹੀਂ ਕੀਤੀਆਂ ਗਈਆਂ। ਮੰਗ ਪੱਤਰ ਵਿੱਚ ਤੁਰੰਤ ਇਸ ਵੱਲ ਧਿਆਨ ਦੇ ਕੇ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਉਪ-ਪ੍ਰਧਾਨ ਰਵਿੰਦਰ ਕੁਮਾਰ, ਸਕੱਤਰ ਪ੍ਰਦੀਪ ਸਿੰਗਲਾ, ਜਨਰਲ ਸਕੱਤਰ ਕੁਲਵਿੰਦਰ ਸਿੰਘ, ਖਜਾਨਚੀ ਲਖਵਿੰਦਰ ਸਿੰਘ ਫੌਜੀ ਅਤੇ ਪ੍ਰੈੱਸ ਸਕੱਤਰ ਕਰਨ ਤਾਇਲ ਵੀ ਹਾਜ਼ਰ ਸਨ।

# ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦਾ ਸ਼ਹੀਦੀ ਬਰਸੀ ਸਮਾਗਮ

## ਸ਼ਹੀਦਾਂ ਦੀਆਂ ਨਿਸ਼ਾਨੀਆਂ ਨੂੰ ਸੰਭਾਲਣਾ ਤੇ ਯਾਦਗਾਰਾਂ ਬਣਾਉਣੀਆਂ ਸਾਡਾ ਮੁੱਢਲਾ ਫ਼ਰਜ਼ : ਵਿੱਤ ਮੰਤਰੀ ਚੀਮਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰ ਗਏ ਸ਼ਹੀਦਾਂ ਦੀਆਂ ਨਿਸ਼ਾਨੀਆਂ ਨੂੰ ਸੰਭਾਲਣਾ ਤੇ ਉਨ੍ਹਾਂ ਦੀਆਂ ਯਾਦਗਾਰਾਂ ਬਣਾਉਣੀਆਂ ਸਾਡਾ ਮੁੱਢਲਾ ਫ਼ਰਜ਼ ਹੈ, ਕਿਉਂਕਿ ਉਹ ਕੌਮਾਂ ਖ਼ਤਮ ਹੋ ਜਾਂਦੀਆਂ ਹਨ, ਜੋ ਆਪਣੀ ਵਿਰਾਸਤ ਨੂੰ ਵਿਸਾਰ ਦਿੰਦੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ 92ਵੀਂ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪਿੰਡ ਠੀਕਰੀਵਾਲਾ ਵਿੱਚ ਸੇਵਾ ਸਿੰਘ ਠੀਕਰੀਵਾਲਾ ਦੀ ਹਵੇਲੀ ਨਵਿਆਉਣ ਤੇ ਸਾਂਭ ਸੰਭਾਲ ਲਈ ਅਨੁਮਾਨਤ ਖਰਚੇ ਸਬੰਧੀ ਦਿਸ਼ਾ ਨਿਰਦੇਸ਼ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਰੀ ਕਰ ਦਿੱਤੇ ਗਏ ਹਨ, ਜਿਸ ਅਨੁਸਾਰ ਫੰਡਜ਼ ਪੰਜਾਬ ਸਰਕਾਰ ਵੱਲੋਂ ਜਾਰੀ ਕਰ ਦਿੱਤੇ ਜਾਣਗੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨੇ ਨਰਸਿੰਗ ਕਾਲਜ ਦਾ ਨਿਰਮਾਣ ਸ਼ੁਰੂ ਕਰਵਾਉਣ ਦੀ ਪ੍ਰਕਿਰਿਆ 90 ਫ਼ੀਸਦੀ ਮੁਕੰਮਲ ਲਈ ਗਈ ਹੈ, ਇਸ ਮਾਮਲੇ ਸਬੰਧੀ ਕੁਝ ਇਤਰਾਜ਼ ਅਧਿਕਾਰੀਆਂ ਵੱਲੋਂ ਲਗਾਏ ਗਏ ਸਨ, ਜਿਨ੍ਹਾਂ ਦਾ ਹੱਲ ਕਰਵਾ ਕੇ ਜਲਦ ਨਰਸਿੰਗ ਕਾਲਜ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ।ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸ੍ਰ. ਠੀਕਰੀਵਾਲਾ ਨੇ ਦੁਨਿਆਵੀ ਆਰਾਮ ਛੱਡ ਕੇ ਲੋਕਾਂ ਦੇ ਭਲੇ ਲਈ ਜੰਗ ਸ਼ੁਰੂ ਕੀਤੀ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪਿੰਡ ਠੀਕਰੀਵਾਲਾ ਨਾਲ ਸਬੰਧਤ ਸਾਰੇ ਵਿਕਾਸ ਕੰਮ ਜਲਦ ਹੀ ਨੇਪਰੇ ਚਾੜ੍ਹੇ ਜਾਣਗੇ।ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਠੀਕਰੀਵਾਲ ਦੇ ਲੋਕਾਂ ਦੀਆਂ ਪ੍ਰਮੁੱਖ ਮੰਗਾਂ ਵਿੱਤ ਮੰਤਰੀ ਚੀਮਾ ਤੇ ਕੈਬਨਿਟ ਮੰਤਰੀ ਅਰੋੜਾ ਸਾਹਮਣੇ ਰੱਖੀਆਂ।ਸ਼ਹੀਦ ਦੇ ਦੋਹਤੇ ਅਮਰਜੀਤ ਸਿੰਘ ਜੇਜੀ ਨੇ ਪੰਜਾਬ ਸਰਕਾਰ ਨਾਲ ਗਿਲਾ ਜ਼ਾਹਰ ਕਰਦਿਆਂ ਕਿਹਾ ਕਿ ਤਿੰਨ ਸਾਲ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨੇ ਨਰਸਿੰਗ ਕਾਲਜ ਲਈ ਲੋੜੀਂਦੀ ਜ਼ਮੀਨ ਪਿੰਡ ਵੱਲੋਂ ਦੇਣ ਦੇ ਬਾਵਜੂਦ ਅੱਜ ਤੱਕ ਕੰਮ ਸ਼ੁਰੂ ਨਹੀਂ ਹੋ ਸਕਿਆ।ਇਸ ਮੌਕੇ ਸੰਸਦ ਮੈਂਬਰ ਗਰਮੀਤ ਸਿੰਘ ਮੀਤ ਹੇਅਰ ਨੇ ਵੀ ਵਿਚਾਰ ਰੱਖੇ।

ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ, ਮੈਂਬਰ ਸੰਸਦ ਮੀਤ ਹੇਅਰ ਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਠੀਕਰੀਵਾਲ ਪਿੰਡ ਦੀਆਂ 12.99 ਕਿਲੋਮੀਟਰ ਸੜਕਾਂ ਨੂੰ 959.49 ਲੱਖ ਰੁਪਏ ਦੀ ਲਾਗਤ ਨਾਲ ਬਣਾਉਣ ਸਬੰਧੀ ਨੀਂਹ ਵੀ ਪੱਥਰ ਰੱਖਿਆ।ਇਸ ਮੌਕੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ, ਸੰਮਤੀ ਮੈਂਬਰ ਦਵਿੰਦਰ ਸਿੰਘ ਧਨੌਆ, ਸੰਦੀਪ ਸਿੰਘ ਭੁੱਲਰ, ਅਰੁਣ ਕੁਮਾਰ ਬਾਂਸਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਪੁਨੀਤ ਮਾਨ, ਸਰਪੰਚ ਕਿਰਨਜੀਤ ਸਿੰਘ, ਡਾ: ਦਰਸ਼ਨ ਸਿੰਘ ਠੀਕਰੀਵਾਲਾ, ਜਸਪ੍ਰੀਤ ਹੈਪੀ, ਪ੍ਰਧਾਨ ਜਗਸੀਰ ਸਿੰਘ ਔਲਖ ਆਦਿ ਹਾਜ਼ਰ ਸਨ।

# ਸਰਕਾਰ ਦੇ ਸਮਾਰਟ ਸਕੂਲ ਅਧਿਆਪਕਾਂ ਤੋਂ ਸੱਖਣੇ

## ਛੋਟੇ ਬੱਚਿਆਂ ਨੂੰ ਪੜ੍ਹਾ ਰਹੇ ਨੇ ਪੰਜਵੀਂ ਦੇ ਵਿਦਿਆਰਥੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਾਹਨੇਵਾਲ ਦੇ ਪਿੰਡ ਢੋਲਣਵਾਲ ਦਾ ਸਰਕਾਰੀ ਪ੍ਰਾਇਮਰੀ ਸਕੂਲ ਜਿੱਥੇ ਸਮਾਰਟ ਸਕੂਲਾਂ ਵਾਲੀਆਂ ਸਹੂਲਤਾਂ ਨਾਲ ਲੈੱਸ ਹੈ, ਉੱਥੇ ਅਧਿਆਪਕਾਂ ਤੋਂ ਸੱਖਣਾ ਹੋਣ ਕਾਰਨ ਇੱਥੇ ਪੜ੍ਹਦੇ ਗਰੀਬ ਪਰਿਵਾਰਾਂ ਦੇ ਬੱਚੇ ਸਿੱਖਿਆ ਤੋਂ ਪੱਛੜ ਰਹੇ ਹਨ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪੰਜਾਬ ਸਰਕਾਰ ਵੱਲੋਂ ਢੋਲਣਵਾਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਸਮਾਰਟ ਸਕੂਲ ਦਾ ਦਰਜਾ ਦੇ ਕੇ ਇੱਥੇ ਸਹੂਲਤਾਂ ਤਾਂ ਦੇ ਦਿੱਤੀਆਂ, ਪਰ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਅਧਿਆਪਕ ਮੁਹੱਈਆ ਕਰਵਾਉਣੇ ਭੁੱਲ ਗਏ। ਸਕੂਲ ਵਿੱਚ ਤਾਇਨਾਤ ਇੱਕੋ ਅਧਿਆਪਕਾ ਪੂਨਮ ਨੇ ਦੱਸਿਆ ਕਿ 214 ਬੱਚਿਆਂ ਨੂੰ ਇੱਕ ਅਧਿਆਪਕ ਵੱਲੋਂ ਕੰਟਰੋਲ ਕਰਨਾ ਤੇ 5 ਜਮਾਤਾਂ ਨੂੰ ਪੜ੍ਹਾਉਣਾ ਅਸੰਭਵ ਹੈ। ਹੋਰ ਤਾਂ ਹੋਰ ਸਕੂਲ ਵਿੱਚ ਕੰਪਿਊਟਰ ਲੈਬ, ਐੱਲ.ਈ.ਡੀ., ਲਾਇਬ੍ਰੇਰੀ, ਸਪੋਰਟਸ ਪਾਰਕ ਤੇ ਸਮਾਰਟ ਸਕੂਲ ਵਾਲੀਆਂ ਸੁਵਿਧਾਵਾਂ ਤਾਂ ਹਨ, ਪਰ ਇਨ੍ਹਾਂ ਨੂੰ ਚਲਾਉਣ ਤੇ ਸਿੱਖਿਆਵਾਂ ਦੇਣ ਵਾਲਾ ਕੋਈ ਵੀ ਅਧਿਆਪਕ ਨਹੀਂ ਹੈ। ਸਕੂਲੀ ਬੱਚਿਆਂ ਦੇ ਮਾਪਿਆਂ ਨੇ ਵੀ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਵੱਲੋਂ ਦਾਅਵੇ ਤਾਂ ਕੀਤੇ ਜਾਂਦੇ ਹਨ ਕਿ ਉਨ੍ਹਾਂ ਵੱਲੋਂ ਖੋਲ੍ਹੇ ਸਮਾਰਟ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਂਦੇ ਹਨ, ਪਰ ਹਕੀਕਤ ਇਹ ਹੈ ਕਿ ਜੇਕਰ ਅਧਿਆਪਕ ਹੀ ਨਹੀਂ ਹੋਣਗੇ ਤਾਂ ਇਹ ਸਮਾਰਟ ਸਕੂਲ ਕਿਸ ਕੰਮ ਦੇ। ਹੁਣ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੱਕ ਅਧਿਆਪਕ 5 ਜਮਾਤਾਂ ਨੂੰ ਇੱਕੋ ਸਮੇਂ ਕਿਵੇਂ ਪੜ੍ਹਾ ਸਕਦਾ ਹੈ। ਇਨ੍ਹਾਂ ਬੱਚਿਆਂ ਦੇ ਮਾਪਿਆਂ ਨੇ ਦੱਸਿਆ ਕਿ ਸਕੂਲ ਵਿੱਚ 4 ਮਹੀਨੇ ਪਹਿਲਾਂ 5 ਅਧਿਆਪਕ ਸਨ ਤੇ ਬੱਚਿਆਂ ਦੀ ਪੜ੍ਹਾਈ ਦਾ ਕੰਮ ਬੜੇ ਸੁਚੱਜੇ ਢੰਗ ਨਾਲ ਚੱਲ ਰਿਹਾ ਸੀ, ਪਰ ਹੌਲੀ-ਹੌਲੀ ਇੱਥੋਂ 4 ਅਧਿਆਪਕ ਆਪਣਾ ਤਬਾਦਲਾ ਕਰਵਾ ਗਏ ਤੇ ਇੱਥੇ ਹੁਣ ਕੇਵਲ 5 ਜਮਾਤਾਂ ਲਈ ਇੱਕ ਅਧਿਆਪਕ ਹੀ ਤਾਇਨਾਤ ਹੈ। ਮਾਪਿਆਂ ਨੇ ਦੱਸਿਆ ਕਿ ਕਈ ਵਾਰ ਤਾਂ ਹਾਲਾਤ ਇਹ ਹੋ ਜਾਂਦੇ ਹਨ ਕਿ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਛੋਟੇ-ਛੋਟੇ ਬੱਚਿਆਂ ਦੀਆਂ ਕਲਾਸਾਂ ਲਗਾਉਣ ਜਾਂ ਉਨ੍ਹਾਂ ਨੂੰ ਚੁੱਪ ਕਰਕੇ ਬਿਠਾਉਣ ਲਈ ਅਧਿਆਪਕ ਦੀ ਭੂਮਿਕਾ ਨਿਭਾਉਣੀ ਪੈ ਰਹੀ ਹੈ। ਸਰਕਾਰ ਦੇ ਹਾਲਾਤ ਇਹ ਹਨ ਕਿ ਜੋ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਜਿਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ ਹੈ, ਉੱਥੇ ਉਹ ਆਪਣੇ ਤੋਂ ਛੋਟੇ ਬੱਚਿਆਂ ਨੂੰ ਪੜ੍ਹਾ ਰਹੇ ਹਨ ਅਤੇ ਆਪਣੀ ਪੜ੍ਹਾਈ ਦਾ ਨੁਕਸਾਨ ਕਰਵਾ ਰਹੇ ਹਨ।

### ਮੈਨੂੰ ਜਾਣਕਾਰੀ ਨਹੀਂ : ਡਿਪਟੀ ਸਿੱਖਿਆ ਅਧਿਕਾਰੀ

ਜਦੋਂ ਇਸ ਸਬੰਧੀ ਜ਼ਿਲ੍ਹਾ ਦੇ ਡਿਪਟੀ ਸਿੱਖਿਆ ਅਧਿਕਾਰੀ ਮਨੋਜ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਢੋਲਣਵਾਲ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ ਕੇਵਲ ਇੱਕ ਅਧਿਆਪਕ ਹੈ, ਉਸ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਸਬੰਧੀ ਜਾਣਕਾਰੀ ਮੰਗਵਾ, ਉੱਥੇ ਹੋਰ ਅਧਿਆਪਕ ਨਿਯੁਕਤ ਕਰਵਾ ਦੇਣਗੇ।

## ਕ੍ਰਿਸਚੀਅਨ ਨੈਸ਼ਨਲ ਫਰੰਟ ਵੱਲੋਂ ਡੀ ਸੀ ਨੂੰ ਰਾਸ਼ਟਰਪਤੀ ਦੇ ਨਾਂਅ ਮੰਗ ਪੱਤਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕ੍ਰਿਸਚੀਅਨ ਨੈਸ਼ਨਲ ਫਰੰਟ ਤੇ ਪਾਸਟਰ ਸਾਹਿਬਾਨ ਦੇ ਵਫਦ ਵੱਲੋਂ ਸਾਂਝੇ ਤੌਰ 'ਤੇ ਪਾ. ਤਰਸੇਮ ਹੰਸ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਸਕੀਮ ਵਿਚ ਤਬਦੀਲੀ ਕਰਨ ਦੇ ਵਿਰੋਧ ਵਿੱਚ ਤੇ ਕ੍ਰਿਸਮਸ ਦੌਰਾਨ ਭਾਜਪਾ ਰਾਜਾਂ ਵਿੱਚ ਆਰ ਐੱਸ ਐੱਸ ਤੇ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਆਤੰਕ ਮਚਾਉਣ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਸਬੰਧ ਵਿੱਚ ਰਾਸ਼ਟਰਪਤੀ ਭਾਰਤ ਸਰਕਾਰ ਦੇ ਨਾਂਅ 'ਤੇ ਡੀ ਸੀ ਦੀਪਸ਼ਿਖਾ ਸ਼ਰਮਾ ਫਿਰੋਜ਼ਪੁਰ ਨੂੰ ਮੰਗ ਪੱਤਰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੂੰ ਮੰਗ ਪੱਤਰ ਦੇਣ ਉਪਰੰਤ ਆਗੂਆਂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕ੍ਰਿਸਚੀਅਨ ਨੈਸ਼ਨਲ ਫਰੰਟ ਦੇ ਕੌਮੀ ਪ੍ਰਧਾਨ ਲਾਰੈਂਸ ਚੌਧਰੀ ਦੀ ਅਗਵਾਈ ਹੇਠ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਮੰਗ ਪੱਤਰ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਨਰੇਗਾ ਸਕੀਮ ਵਿਚ ਬੇਲੋੜਾ ਬਦਲਾਓ ਦਾ ਕ੍ਰਿਸਚੀਅਨ ਨੈਸ਼ਨਲ ਫਰੰਟ ਸਖਤ ਖੰਡਨ ਕਰਦਾ ਹੈ, ਕਿਉਂ ਜੋ ਇਹ ਤਬਦੀਲੀ ਗਰੀਬ ਤੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਲਈ ਘਾਤਕ ਹੈ। ਇਸ ਲਈ ਨਵੇਂ ਕਾਨੂੰਨ ਵਿਕਸਤ ਭਾਰਤ ਜੀ ਰਾਮ ਜੀ ਨੂੰ ਮੰਗ ਪੱਤਰ ਰਾਹੀਂ ਰਾਸ਼ਟਰਪਤੀ ਜੀ ਤੋਂ ਤਰੁੰਤ ਵਾਪਸ ਲੈਣ ਤੇ ਪੁਰਾਣੇ ਕਾਨੂੰਨ ਮਨਰੇਗਾ ਨੂੰ ਬਹਾਲ ਕਰਨ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕ੍ਰਿਸਮਸ ਦੌਰਾਨ ਭਾਜਪਾ ਰਾਜਾਂ ਵਿੱਚ ਚਰਚਾ ਉੱਪਰ ਹੋਏ ਹਮਲਿਆਂ ਦੀ ਵੀ ਨਿਖੇਧੀ ਕਰਦਿਆਂ ਬਜਰੰਗ ਦਲ ਤੇ ਆਰ ਐੱਸ ਐੱਸ ਦੇ ਗੁੰਡਿਆਂ ਵਿਰੁੱਧ ਹਿੰਸਾ ਭੜਕਾਉਣ ਲਈ ਯੂਏਪੀਏ ਤੇ ਐੱਨਐੱਸਏ ਤਹਿਤ ਸਖ਼ਤ ਤੋਂ ਸਖਤ ਕਾਰਵਾਈ ਅਤੇ ਦੇਸ਼ ਦੀ ਏਕਤਾ ਅਖੰਡਤਾ ਤੇ ਧਰਮ-ਨਿਰਪੱਖਤਾ ਨੂੰ ਭੰਗ ਕਰਨ ਅਤੇ ਦੇਸ਼ ਦੀ ਸ਼ਾਂਤੀ ਭੰਗ ਨਾ ਹੋਵੇ ਉਕਤ ਸੰਗਠਨਾਂ 'ਤੇ ਪਾਬੰਦੀ ਦੀ ਮੰਗ ਕੀਤੀ ਹੈ। ਇਸ ਮੌਕੇ ਪਾ. ਤਰਸੇਮ ਹੰਸ ਜ਼ਿਲ੍ਹਾ ਪ੍ਰਧਾਨ, ਪਾ. ਪੂਰਨ ਮਸੀਹ, ਪਾ. ਭਗਤ ਮਸੀਹ, ਪਾ. ਦੀਨ ਦਿਆਲ, ਰਿੰਕੂ ਮਸੀਹ, ਪਾ. ਤਰਸੇਮ ਮਸੀਹ, ਪਾ. ਮਤੀ ਦਾਸ, ਪਾ. ਲਖਵੀਰ ਸੰਧੂ, ਪਾ. ਮਹਿੰਦਰ, ਪਾ. ਇਕਬਾਲ ਗੋਪੀ, ਪਾ. ਰਮੇਸ਼ ਭੱਟੀ, ਪਾ. ਮੁੱਖਾ ਭੱਟੀ, ਪਾ. ਕੁਲਦੀਪ ਹੰਸ, ਪਾ. ਗੁਲਜ਼ਾਰ ਮਸੀਹ, ਪਾ. ਗੁਰਾ ਮਸੀਹ, ਮੈਂਬਰ ਪੰਚਾਇਤ ਮੰਗਾ ਮਸੀਹ, ਮਨਦੀਪ ਹੰਸ, ਮਿਠਨ ਮਸੀਹ, ਪਾ. ਪੂਜਾ ਮਸੀਹ, ਪਾ. ਸਵੇਤਾ ਮਸੀਹ ਆਦਿ ਸ਼ਾਮਲ ਸਨ।

## ਪ ਸ ਸ ਫ (ਵਿਗਿਆਨਕ) ਵੱਲੋਂ 350ਵੇਂ ਸ਼ਹਾਦਤ ਵਰ੍ਹੇ ਨੂੰ ਸਮਰਪਤ ਕੈਲੰਡਰ ਰਿਲੀਜ਼



**ਸੰਗਰਾਲਾ (ਰਣਜੀਤ ਸਿੰਘ ਧੇਧਨੀ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਵਿਗਿਆਨਕ) ਦੀ ਬਲਾਕ ਪੱਧਰੀ ਸ਼ੇਰਪੁਰ ਵਿਖੇ ਮੀਟਿੰਗ ਦੌਰਾਨ ਰਾਜਵੀਰ ਸਿੰਘ, ਅਸ਼ੋਕ ਕੁਮਾਰ ਜ਼ਿਲ੍ਹਾ ਜਨਰਲ ਸਕੱਤਰ ਵੱਲੋਂ ਸਾਂਝੇ ਫਰੰਟ ਦੇ ਚਲਦੇ ਪ੍ਰੋਗਰਾਮਾਂ ਦੀ ਮੀਟਿੰਗ ਵਿੱਚ ਫੈਡਰੇਸ਼ਨ ਵੱਲੋਂ ਨਿਭਾਏ ਰੋਲ ਦੀ ਸਮੀਖਿਆ ਦੀ ਚਰਚਾ ਕੀਤੀ ਗਈ ਅਤੇ ਸਾਲ 2026 ਦਾ ਫੈਡਰੇਸ਼ਨ ਵਿਗਿਆਨਕ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹਾਦਤ ਵਰ੍ਹੇ ਨੂੰ ਸਮਰਪਤ ਕੈਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਐਸ ਐਮ ਓ ਡਾ. ਜਸਦੀਪ ਸਿੰਘ ਸ਼ੇਰਪੁਰ, ਮਾਲਵਿੰਦਰ ਸਿੰਘ ਸੀਨੀਅਰ ਸਹਾਇਕ, ਨਿਰਭੈ ਸਿੰਘ ਲੱਡਾ ਜ਼ਿਲ੍ਹਾ ਮੀਤ ਪ੍ਰਧਾਨ, ਕੇਵਲ ਸਿੰਘ ਭਸੌੜ, ਅਵਤਾਰ ਸਿੰਘ ਧੂਰੀ ਐਸ ਆਈ, ਮਹਿੰਦਰ ਸਿੰਘ ਧੂਰੀ ਐਸ ਆਈ, ਜਗਜੀਤ ਸਿੰਘ, ਬਲਜੀਤ ਸਿੰਘ, ਰੇਸ਼ਮ ਸਿੰਘ, ਜਗਸੀਰ ਸਿੰਘ, ਮ ਪ ਹ ਵ (ਵਿ), ਗੁਰਵਿੰਦਰ ਸਿੰਘ ਕੰਪਿਊਟਰ ਅਪਰੇਟਰ, ਹਰਜਿੰਦਰ ਸਿੰਘ ਬੀ ਐਸ ਏ, ਕੁਲਦੀਪ ਸਿੰਘ ਉਪਵੈਦ, ਬਲਵਿੰਦਰ ਸਿੰਘ ਫਾਰਮੇਸੀ ਅਫ਼ਸਰ, ਗੁਰਮੀਤ ਕੌਰ ਸਟਾਫ ਨਰਸ, ਜਸਪ੍ਰੀਤ ਕੌਰ ਸਟਾਫ ਨਰਸ, ਅਮਨਪ੍ਰੀਤ ਕੌਰ, ਸੁਖਪਾਲ ਸਿੰਘ ਹੈੱਡ ਕੌਂਸਲਰ, ਕੁਲਵਿੰਦਰ ਸਿੰਘ ਸਿੰਘ ਜਹਾਂਗੀਰ, ਹਰਵਿੰਦਰ ਸਿੰਘ ਵਾਰਡ ਅਟੈਂਡੈਂਟ ਸ਼ੇਰਪੁਰ ਆਦਿ ਸਮੂਹ ਸਟਾਫ ਸੀ ਐਚ ਸੀ ਸ਼ੇਰਪੁਰ ਹਾਜ਼ਰ ਸੀ।

## ਜਥੇਦਾਰ ਕੁਲਦੀਪ ਸਿੰਘ ਗੜਗੱਜ ਗੁਰਦੁਆਰਾ ਮੈਹਦੇਆਣਾ ਸਾਹਿਬ ਪੁੱਜੇ

**ਜਗਰਾਉਂ (ਸੰਜੀਵ ਅਰੋੜਾ)**-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਸਮੇਸ਼ ਪਿਤਾ ਜੀ ਦੀ ਚਰਨਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਮੈਹਦੇਆਣਾ ਸਾਹਿਬ ਵਿਖੇ ਪੁੱਜੇ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ ਨਾਲ ਧਾਰਮਿਕ ਮਾਮਲਿਆਂ 'ਤੇ ਵਿਚਾਰਾਂ ਕੀਤੀਆਂ। ਇਸ ਮੌਕੇ ਬਾਬਾ ਕੁਲਵੰਤ ਸਿੰਘ ਲੱਖਾ ਨੇ ਉਨ੍ਹਾਂ ਦਾ ਸਵਾਗਤ ਅਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਇਸ ਉਪਰੰਤ ਉਨ੍ਹਾਂ ਗੁਰਦੁਆਰਾ ਸਾਹਿਬ ਵਿਖੇ ਸਿੱਖ ਇਤਿਹਾਸ ਨਾਲ ਸੰਬੰਧਤ ਕਲਾਂਕ੍ਰਿਤਾਂ ਨੂੰ ਦੇਖਿਆ ਅਤੇ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰਦੁਆਰਾ ਸ੍ਰੀ ਮੈਹਦੇਆਣਾ ਸਾਹਿਬ ਦੇ ਪ੍ਰਬੰਧਕ ਸਿੱਖ ਵਿਰਸੇ ਨੂੰ ਸੰਭਾਲਣ ਲਈ ਅਹਿਮ ਯਤਨ ਕਰ ਰਹੇ ਹਨ, ਜਿਸ ਵਿਚ ਬਾਨੀ ਮੁੱਖ ਸੇਵਾਦਾਰ ਮਰਹੂਮ ਬਾਬਾ ਜੋਰਾ ਸਿੰਘ ਲੱਖਾ ਦੇ ਉਦਮ ਦੀ ਉਹ ਸ਼ਲਾਘਾ ਕਰਦੇ ਹਨ। ਉਨ੍ਹਾਂ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ ਨਾਲ ਸਿੱਖ ਮਸਲਿਆਂ ਸੰਬੰਧੀ ਅਹਿਮ ਵਿਚਾਰਾਂ ਵੀ ਕੀਤੀਆਂ।

## ਦਸਮੇਸ਼ ਸਕੂਲ ਦੇ ਵਿਦਿਆਰਥੀਆਂ ਅੰਗਰੇਜ਼ੀ ਵਿਸ਼ੇ ਦੀ ਪ੍ਰਤੀਯੋਗਤਾ 'ਚ ਮਾਰੀਆਂ ਮੱਲਾਂ



**ਕੋਟਕਪੂਰਾ (ਰਛਪਾਲ ਭੁੱਲਰ)**-ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਸਿਲਵਰ ਜ਼ੋਨ ਓਲੰਪੀਅਡ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਪ੍ਰੀਖਿਆਵਾਂ ਵਿੱਚੋਂ ਅੰਗਰੇਜ਼ੀ ਵਿਸ਼ੇ ਦਾ ਨਤੀਜਾ ਘੋਸ਼ਿਤ ਕੀਤਾ ਗਿਆ।ਇਸ ਨਤੀਜੇ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੇ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕੀਤੇ।ਇਸ ਪ੍ਰੀਖਿਆ ਵਿੱਚ ਕੁੱਲ 17 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 10 ਵਿਦਿਆਰਥੀਆਂ ਨੇ ਗੋਲਡ ਮੈਡਲ ਹਾਸਲ ਕੀਤੇ ਤੇ ਦੋ ਵਿਦਿਆਰਥੀਆਂ ਨੇ ਸਿਲਵਰ ਮੈਡਲ ਜਿੱਤੇ ਅਤੇ ਦੋ ਵਿਦਿਆਰਥੀਆਂ ਨੇ ਬਰੌਂਜ਼ ਮੈਡਲ ਹਾਸਲ ਕੀਤੇ।ਇਨ੍ਹਾਂ ਪ੍ਰੀਖਿਆਵਾਂ ਵਿੱਚ ਗੁਰਜ਼ਿੰਦਰ ਸਿੰਘ ਲੈਕਚਰਾਰ ਅੰਗਰੇਜ਼ੀ ਵੱਲੋਂ ਵਿਸ਼ੇਸ਼ ਯੋਗਦਾਨ ਰਿਹਾ।ਇਨ੍ਹਾਂ ਪ੍ਰਾਪਤੀਆਂ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਸ੍ਰੀਮਤੀ ਸੀਮਾ ਦੇਵੀ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੀਆਂ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀ ਭਵਿੱਖ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਸੰਪੂਰਨ ਤਿਆਰ ਹੁੰਦੇ ਹਨ।

## ਬਲਾਕ ਸੰਮਤੀ ਮੈਂਬਰ ਗੁਰਪ੍ਰੀਤ ਸਿੰਘ ਸਾਥੀਆਂ ਸਮੇਤ ਮੁੜ 'ਆਪ' 'ਚ ਸ਼ਾਮਲ

### 'ਆਪ' ਆਮ ਲੋਕਾਂ ਦੀ ਆਵਾਜ਼ : ਅਮਨ ਅਰੋੜਾ



**ਲੌਂਗੋਵਾਲ/ਸੁਨਾਮ (ਪ੍ਰਦੀਪ ਸੱਪਲ/ ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਦੀ ਰਾਜਨੀਤੀ ਵਿੱਚ ਅੱਜ ਇੱਕ ਮਹੱਤਵਪੂਰਨ ਮੋੜ ਉਸ ਵੇਲੇ ਆਇਆ, ਜਦੋਂ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਵਿੱਚ ਲੋਕ-ਹਿੱਤਾਂ ਨੂੰ ਸਮਰਪਤ, ਸਾਫ਼-ਸੁਥਰੀ ਤੇ ਇਮਾਨਦਾਰ ਰਾਜਨੀਤੀ ਦੀ ਪ੍ਰਤੀਕ ਆਮ ਆਦਮੀ ਪਾਰਟੀ ਵਿੱਚ (ਬਲਾਕ ਤੇ ਜ਼ੋਨ) ਢੱਡਰੀਆਂ ਤੋਂ ਬਲਾਕ ਸੰਮਤੀ ਮੈਂਬਰ ਗੁਰਪ੍ਰੀਤ ਸਿੰਘ ਨੇ ਆਪਣੇ ਵੱਡੀ ਗਿਣਤੀ ਸਾਥੀਆਂ ਸਮੇਤ ਮੁੜ ਸ਼ਾਮਲ ਹੋ ਕੇ ਪਾਰਟੀ ਦੀ ਤਾਕਤ ਨੂੰ ਹੋਰ ਮਜ਼ਬੂਤ ਕੀਤਾ।ਇਹ ਸ਼ਮੂਲੀਅਤ ਸਿਰਫ਼ ਇੱਕ ਰਾਜਨੀਤਕ ਘਟਨਾ ਨਹੀਂ, ਬਲਕਿ ਪੰਜਾਬ ਦੇ ਭਵਿੱਖ ਨੂੰ ਸੁਧਾਰਨ ਵੱਲ ਇੱਕ ਸਾਂਝਾ ਸੰਕਲਪ ਹੈ, ਜੋ ਲੋਕਾਂ ਦੀਆਂ ਉਮੀਦਾਂ ਤੇ ਇੱਛਾਵਾਂ ਨਾਲ ਜੁੜਿਆ ਹੋਇਆ ਹੈ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਵਰਕਰਾਂ ਨੇ ਕਿਹਾ ਕਿ ਉਹ ਕਈ ਸਾਲਾਂ ਤੋਂ ਪੰਜਾਬ ਦੀ ਰਾਜਨੀਤੀ ਨੂੰ ਗੌਰ ਨਾਲ ਦੇਖ ਰਹੇ ਸਨ ਤੇ ਇਹ ਨਤੀਜਾ ਕੱਢਿਆ ਕਿ ਆਮ ਆਦਮੀ ਪਾਰਟੀ ਹੀ ਉਹ ਇਕੱਲੀ ਪਾਰਟੀ ਹੈ, ਜੋ ਬਿਨਾਂ ਕਿਸੇ ਭੇਦਭਾਵ ਦੇ ਆਮ ਲੋਕਾਂ ਦੇ ਮੁੱਦਿਆਂ ਨੂੰ ਤਰਜੀਹ ਦਿੰਦੀ ਹੈ।ਪਾਰਟੀ ਦੀਆਂ ਨੀਤੀਆਂ, ਸਰਕਾਰ ਦੀ ਕਾਰਗੁਜ਼ਾਰੀ ਤੇ ਲੋਕ-ਹਿੱਤ ਲਈ ਕੀਤੇ ਗਏ ਫੈਸਲਿਆਂ ਨੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ, ਜਿਸ ਕਾਰਨ ਅੱਜ ਉਹ ਪਾਰਟੀ ਨਾਲ ਜੁੜ ਕੇ ਸੇਵਾ ਕਰਨ ਲਈ ਤਿਆਰ ਹੋਏ ਹਨ।ਇਸ ਮੌਕੇ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਨਵੇਂ ਸਾਥੀਆਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਦਿਆਂ ਕਿਹਾ ਕਿ ਇਹ ਸ਼ਮੂਲੀਅਤ ਪਾਰਟੀ ਲਈ ਮਾਣ ਦੀ ਗੱਲ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕਿਸੇ ਇੱਕ ਵਿਅਕਤੀ ਜਾਂ ਪਰਿਵਾਰ ਦੀ ਪਾਰਟੀ ਨਹੀਂ, ਬਲਕਿ ਇਹ ਆਮ ਲੋਕਾਂ ਦੀ ਆਵਾਜ਼ ਹੈ।ਪਾਰਟੀ ਹਰ ਉਸ ਵਿਅਕਤੀ ਨੂੰ ਮੌਕਾ ਦਿੰਦੀ ਹੈ, ਜੋ ਇਮਾਨਦਾਰੀ ਨਾਲ ਲੋਕ-ਸੇਵਾ ਕਰਨਾ ਚਾਹੁੰਦਾ ਹੈ।ਉਨ੍ਹਾ ਦੱਸਿਆ ਕਿ ਪਾਰਟੀ ਦੀ ਸਰਕਾਰ ਨੇ ਪਿਛਲੇ ਸਮੇਂ ਦੌਰਾਨ ਕਈ ਲੋਕ-ਹਿੱਤਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ।ਮੁਫ਼ਤ ਤੇ ਸੁਧਰੀ ਸਿੱਖਿਆ, ਬਿਹਤਰ ਸਿਹਤ ਸਹੂਲਤਾਂ, ਬਿਜਲੀ ਦੇ ਬਿਲਾਂ ਵਿੱਚ ਰਾਹਤ ਅਤੇ ਭ੍ਰਿਸ਼ਟਾਚਾਰ 'ਤੇ ਸਖ਼ਤ ਕਾਰਵਾਈ ਇਹ ਸਭ ਪਾਰਟੀ ਦੀ ਵਚਨਬੱਧਤਾ ਦਾ ਸਬੂਤ ਹਨ।

## ਮਹਿਲਾ ਖੱਤਰੀ ਸਭਾ ਵੱਲੋਂ ਗਊ ਸੇਵਾ ਆਰੰਭ ਕਰਨ ਦਾ ਫੈਸਲਾ

**ਮੋਗਾ (ਇਕਬਾਲ ਸਿੰਘ ਖਹਿਰਾ)**-ਖੱਤਰੀ ਸਭਾ ਮੋਗਾ ਦੀ ਵਿੰਗ ਮਹਿਲਾ ਖੱਤਰੀ ਸਭਾ ਮੋਗਾ ਨੇ ਇੱਕ ਮੀਟਿੰਗ ਮਹਿਲਾ ਖੱਤਰੀ ਦੀ ਵਰਕਿੰਗ ਪ੍ਰਧਾਨ ਸਾਬਕਾ ਪ੍ਰਿੰਸੀਪਲ ਸੁਮਨ ਮਲਹੋਤਰਾ ਦੀ ਅਗਵਾਈ ਵਿੱਚ ਹੋਈ।ਇਸ ਮੌਕੇ ਮਹਿਲਾ ਖੱਤਰੀ ਸਭਾ ਦੇ ਮੈਂਬਰਾਂ ਨੇ ਫੈਸਲਾ ਲਿਆ ਕਿ ਮਹਿਲਾ ਖੱਤਰੀ ਸਭਾ ਵੱਲੋਂ ਗਊ ਸੇਵਾ ਆਰੰਭ ਕੀਤੀ ਜਾਵੇਗੀ।ਇਸ ਮੌਕੇ ਪ੍ਰਿੰਸੀਪਲ ਸੁਮਨ ਮਲਹੋਤਰਾ ਨੇ ਕਿਹਾ ਕਿ ਗਊ ਮਾਤਾ ਵਿੱਚ 33 ਕਰੋੜ ਦੇਵਤਿਆਂ ਦਾ ਵਾਸ ਹੁੰਦਾ ਹੈ।ਉਨ੍ਹਾਂ ਕਿਹਾ ਕਿ ਗਊ ਦੇ ਗੋਬਰ ਤੇ ਮੂਤਰ ਦੀ ਵਰਤੋਂ ਸੈਂਕੜੇ ਦਵਾਈਆਂ ਬਣਾਉਣ ਵਿੱਚ ਕੀਤੀ ਜਾਂਦੀ ਹੈ ਅਤੇ ਗਊ ਦੇ ਮੂਤਰ ਤੇ ਗੋਬਰ ਨਾਲ ਹਰ ਤਰ੍ਹਾਂ ਦੀ ਬਿਮਾਰੀ ਦਾ ਇਲਾਜ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਗਊ ਦਾ ਦੁੱਧ ਬਾਕੀ ਜਾਨਵਰਾਂ ਦੇ ਦੁੱਧ ਨਾਲੋਂ ਕਿਤੇ ਵਧੀਆ ਹੁੰਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰੁਣ ਕੋਛੜ, ਸੁਮਨ ਵਿੱਜ, ਮੀਨਾਕਸ਼ੀ ਮਾਕਰ, ਸੁਨੀਤਾ ਚੋਪੜਾ, ਸੁਨੀਤਾ ਢੱਲ, ਨਿਧੀ ਪਲਤਾ, ਸੀਮਾ ਮਲਹੋਤਰਾ, ਸੋਨੀਆ ਢੰਡ, ਅੰਜੁਮ ਪੁਰੀ, ਸੋਨੀਆ ਬਜਾਜ, ਅਨੀਤਾ ਮਹਿਤਾ, ਪ੍ਰਵੀਨ ਕਪੂਰ, ਕੰਚਨ ਭੰਡਾਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

## ਹੈਰੋਇਨ ਸਣੇ ਇਕ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਇੱਕ ਵਿਅਕਤੀ ਨੂੰ 2 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਂਚ ਅਧਿਕਾਰੀ ਏ.ਐੱਸ.ਆਈ. ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਥਾਣਾ ਵੈਰੋਕੇ ਇਲਾਕੇ ਵਿੱਚ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਲਈ ਜਦੋਂ ਗੱਡੀ ਤਰੋਬੜੀ ਮਾਈਨਰ ਕਾਠਗੜ੍ਹ ਕੋਲ ਪੁੱਜੀ ਤਾਂ ਮੁਖਬਰ ਖਾਸ ਕੋਲੋਂ ਮਿਲੀ ਇਤਲਾਹ ਦੇ ਅਧਾਰ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਹਰਮੇਸ਼ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਬਾਹਮਣੀ ਵਾਲਾ ਨੂੰ 2 ਗ੍ਰਾਮ ਹੈਰੋਇਨ ਸਣੇ ਕਾਬੂ ਕੀਤਾ ਗਿਆ ਹੈ। ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।


## ਡੀ ਈ ਓ ਸੈਕੰਡਰੀ ਵੱਲੋਂ ਗਣਤੰਤਰ ਦਿਵਸ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਜਾਇਜ਼ਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 26 ਜਨਵਰੀ ਨੂੰ ਗਣਤੰਤਰ ਦਿਵਸ ਦਾ ਸਮਾਗਮ ਰਾਸ਼ਟਰੀ ਏਕਤਾ, ਅਖੰਡਤਾ ਤੇ ਦੇਸ਼ ਭਗਤੀ ਦੀ ਭਾਵਨਾ ਨਾਲ ਜ਼ਿਲ੍ਹਾ ਪ੍ਰਸ਼ਾਸਨ ਫ਼ਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਨਾਇਆ ਜਾ ਰਿਹਾ ਹੈ, ਜਿਸ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਗਤੀਵਿਧੀਆਂ ਦੀਆਂ ਤਿਆਰੀਆਂ ਪੂਰੇ ਉਤਸ਼ਾਹ ਤੇ ਜੋਸ਼ ਨਾਲ ਜਾਰੀ ਹਨ। ਇਨ੍ਹਾਂ ਤਿਆਰੀਆਂ ਦੀ ਅਗਵਾਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਮੁਨੀਲਾ ਅਰੋੜਾ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਸੁਨੀਤਾ ਰਾਣੀ ਵੱਲੋਂ ਕੀਤੀ ਜਾ ਰਹੀ ਹੈ, ਜਦਕਿ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ. ਸਤਿੰਦਰ ਸਿੰਘ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਕੋਮਲ ਅਰੋੜਾ ਵੱਲੋਂ ਵੀ ਤਿਆਰੀਆਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ। ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ, ਰਾਸ਼ਟਰੀ ਏਕਤਾ 'ਤੇ ਅਧਾਰਤ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ, ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ, ਜੋ ਨੌਜਵਾਨ ਪੀੜ੍ਹੀ ਵਿੱਚ ਦੇਸ਼ ਪ੍ਰਤੀ ਮਾਣ, ਗੌਰਵ ਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗਾ। ਸਮਾਗਮ ਲਈ ਕੀਤੀਆਂ ਜਾ ਰਹੀਆਂ ਸੱਭਿਆਚਾਰਕ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਡੀਈਓ ਸੈਕੰਡਰੀ ਮੁਨੀਲਾ ਅਰੋੜਾ, ਸੱਭਿਆਚਾਰਕ ਗਤੀਵਿਧੀਆਂ ਦੇ ਕੋਆਰਡੀਨੇਟਰ ਰਵੀ ਇੰਦਰ ਸਿੰਘ, ਈਸ਼ਵਰ ਸ਼ਰਮਾ ਤੇ ਸਰਬਜੀਤ ਸਿੰਘ ਭਾਵੜਾ ਵੱਲੋਂ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਨੂੰ ਪਰਖਿਆ ਗਿਆ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਹੋਰ ਵਧੀਆ ਤਿਆਰੀ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਡੀਈਓ ਮੁਨੀਲਾ ਅਰੋੜਾ ਨੇ ਦੱਸਿਆ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਐੱਨ.ਸੀ.ਸੀ. ਦੇ ਵਿਦਿਆਰਥੀਆਂ ਵੱਲੋਂ ਪੁਲਸ ਬੈਂਡ ਦੇ ਨਾਲ-ਨਾਲ ਸਕੂਲ ਬੈਂਡ ਦੀਆਂ ਟੀਮਾਂ, ਭਾਰਤ ਸਕਾਊਟਸ ਤੇ ਗਾਈਡਸ ਅਤੇ ਦੇਸ਼ ਭਗਤੀ ਤੇ ਸੱਭਿਆਚਾਰ ਨਾਲ ਸੰਬੰਧਤ ਵਿਸ਼ੇਸ਼ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ ਤੇ ਉਨ੍ਹਾਂ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਗਣਤੰਤਰ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਪੂਰੇ ਅਨੁਸ਼ਾਸਨ, ਉਤਸ਼ਾਹ ਤੇ ਜੋਸ਼ ਨਾਲ ਭਾਗ ਲੈ ਕੇ ਇਸ ਰਾਸ਼ਟਰੀ ਤਿਉਹਾਰ ਨੂੰ ਯਾਦਗਾਰ ਬਣਾਉਣ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਲਈ ਪਹਿਲੀ ਰਿਹਰਸਲ 21 ਜਨਵਰੀ ਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਕੈਂਟ ਬੋਰਡ ਗਰਾਊਂਡ ਫ਼ਿਰੋਜ਼ਪੁਰ ਵਿਖੇ ਕਰਵਾਈ ਜਾਵੇਗੀ।

## ਸਰਦੀਆਂ 'ਚ ਰੇਲ ਯਾਤਰਾ ਨੂੰ ਸੁਰੱਖਿਅਤ ਬਣਾਉਣ ਲਈ 'ਟਰੈਕ ਪੈਟਰੋਲਿੰਗ'



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ੀਤ ਰੁੱਤ, ਸੰਘਣੀ ਧੁੰਦ ਤੇ ਘੱਟਦੇ ਤਾਪਮਾਨ ਦੇ ਮੱਦੇਨਜ਼ਰ ਰੇਲ ਗੱਡੀਆਂ ਦੀ ਸੁਰੱਖਿਅਤ ਤੇ ਨਿਰਵਿਘਨ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਫ਼ਿਰੋਜ਼ਪੁਰ ਰੇਲਵੇ ਮੰਡਲ ਵੱਲੋਂ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਰੇਲਵੇ ਟਰੈਕ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਮੰਡਲ ਵੱਲੋਂ ਰਾਤਰੀ 'ਟਰੈਕ ਪੈਟਰੋਲਿੰਗ' (ਰਾਤ ਦੀ ਗਸ਼ਤ) ਕੀਤੀ ਜਾ ਰਹੀ ਹੈ। ਮੰਡਲ ਦੇ ਟਰੈਕਮੈਨ, ਪੈਟਰੋਲਮੈਨ ਤੇ ਕੀਮੈਨ ਹਰ ਰੋਜ਼ ਰਾਤ 11 ਵਜੇ ਤੋਂ ਸਵੇਰੇ 7 ਵਜੇ ਤੱਕ ਕੜਾਕੇ ਦੀ ਸਰਦੀ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਗਸ਼ਤ ਦੌਰਾਨ ਕਰਮਚਾਰੀਆਂ ਨੂੰ ਲੋੜੀਂਦੇ ਸੁਰੱਖਿਆ ਉਪਕਰਨ ਮੁਹੱਈਆ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਟਾਰਚ ਤੇ ਫੋਗ ਸਿਗਨਲ, ਦੋ ਤਿੰਨ-ਰੰਗੀ ਹੈਂਡ ਸਿਗਨਲ ਲੈਂਪ, ਦੋ ਲਾਲ ਝੰਡੀਆਂ ਤੇ ਇਕ ਹਰੀ ਝੰਡੀ, ਸੁਰੱਖਿਆ ਕੱਪੜੇ ਤੇ ਸੇਫਟੀ ਜੈਕਟਾਂ ਹਨ। ਟਰੈਕ ਦੀ ਪ੍ਰਭਾਵਸ਼ਾਲੀ ਨਿਗਰਾਨੀ ਲਈ ਸਾਰੇ ਟਰੈਕਮੈਨਾਂ ਨੂੰ ਗਲੋਬਲ ਪੋਜ਼ੀਸ਼ਨਿੰਗ ਸਿਸਟਮ ਟਰੈਕਰ ਦਿੱਤੇ ਗਏ ਹਨ। ਇਸ ਨਾਲ ਰੇਲਵੇ ਅਧਿਕਾਰੀ ਕਰਮਚਾਰੀਆਂ ਦੀ ਮੌਕੇ ਦੀ ਲੋਕੇਸ਼ਨ ਤੇ ਉਨ੍ਹਾਂ ਦੀ ਗਸ਼ਤ ਦੀ ਗਤੀ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹਿੰਦੇ ਹਨ। ਪੈਟਰੋਲਿੰਗ ਦੌਰਾਨ ਜੇਕਰ ਟਰੈਕ ਵਿੱਚ ਕੋਈ ਵੀ ਨੁਕਸ ਜਾਂ ਕਮੀ ਨਜ਼ਰ ਆਉਂਦੀ ਹੈ, ਤਾਂ ਕਰਮਚਾਰੀ ਤੁਰੰਤ ਆਪਣੇ ਸੁਪਰਵਾਈਜ਼ਰ ਨੂੰ ਸੂਚਿਤ ਕਰਦੇ ਹਨ। ਇਨ੍ਹਾਂ ਕਰਮਚਾਰੀਆਂ ਨੂੰ ਸੁਰੱਖਿਆ ਨਾਲ ਜੁੜੇ ਹਰ ਪਹਿਲੂ ਬਾਰੇ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ। ਇਸ ਤੋਂ ਇਲਾਵਾ ਗਸ਼ਤ ਕਰ ਰਹੇ ਕਰਮਚਾਰੀ ਲੈਵਲ ਕਰਾਸਿੰਗ ਗੇਟਾਂ ਦੇ ਗੇਟਮੈਨਾਂ ਤੇ ਟਰੇਨਾਂ ਦੇ ਲੋਕੋ ਪਾਇਲਟਾਂ ਨਾਲ 'ਆਲ ਰਾਈਟ' ਸਿਗਨਲ ਦਾ ਆਦਾਨ-ਪ੍ਰਦਾਨ ਕਰਕੇ ਚੌਕਸੀ ਬਣਾਈ ਰੱਖਦੇ ਹਨ। ਮੰਡਲ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਟਰੇਨਾਂ ਦੀ ਸੁਰੱਖਿਆ ਨੂੰ ਸਰਵਉੱਚ ਤਰਜੀਹ ਦਿੰਦਿਆਂ ਕਿਹਾ ਕਿ ਫ਼ਿਰੋਜ਼ਪੁਰ ਮੰਡਲ ਦੇ ਸਾਰੇ ਕਰਮਚਾਰੀ ਸੁਰੱਖਿਅਤ ਰੇਲ ਸੰਚਾਲਨ ਲਈ ਪੂਰੀ ਤਨਦੇਹੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੱਸਿਆ ਕਿ ਕਰਮਚਾਰੀਆਂ ਦੀ ਚੌਕਸੀ ਵਧਾਉਣ ਲਈ ਰੇਲਵੇ ਅਧਿਕਾਰੀਆਂ ਵੱਲੋਂ ਸਮੇਂ-ਸਮੇਂ 'ਤੇ ਰਾਤਰੀ ਨਰੀਖਣ ਵੀ ਕੀਤਾ ਜਾਂਦਾ ਹੈ।

## ਨਾਭਾ ਸੋਸ਼ਲ ਵੈੱਲਫੇਅਰ ਐਂਡ ਕਲਚਰਲ ਕਲੱਬ ਵੱਲੋਂ ਸੈਮੀਨਾਰ



**ਨਾਭਾ (ਵਰਿੰਦਰ ਵਰਮਾ)**-ਨਾਭਾ ਸੋਸ਼ਲ ਵੈੱਲਫੇਅਰ ਐਂਡ ਕਲਚਰਲ ਕਲੱਬ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਰਚਨਾਂ ਵਿਚਾਰ ਮੰਚ ਦੇ ਸਹਿਯੋਗ ਨਾਲ ਜ਼ਿਲ੍ਹਾ ਲਾਇਬ੍ਰੇਰੀ ਨਾਭਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰ ਕੀਤਾ ਗਿਆ। ਇਸ ਸਮਾਗਮ ਵਿੱਚ ਪ੍ਰਸਿੱਧ ਵਿਦਵਾਨ ਤੇ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ।ਸੈਮੀਨਾਰ ਦਾ ਵਿਸ਼ਾ ਸੀ-ਸ਼ਹਾਦਤ : ਪਰਿਭਾਸ਼ਾ ਤੇ ਸਰੂਪ (ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਸੰਗ ਵਿੱਚ)।ਇਸ ਮੌਕੇ ਸਮਾਗਮ ਵਿੱਚ ਸ. ਚਰਨ ਸਿੰਘ ਐੱਮ.ਡੀ. ਮਲਕੀਤ ਕੰਬਾਈਨ ਮੁੱਖ ਮਹਿਮਾਨ ਤੇ ਸ੍ਰ. ਮਨਪ੍ਰੀਤ ਸਿੰਘ ਐੱਮ. ਡੀ. ਕਰਤਾਰ ਕੰਬਾਈਨ ਭਾਦਸੋਂ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਇਨ੍ਹਾਂ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਮੇਜਰ ਆਦਰਸ਼ ਪਾਲ ਸਿੰਘ ਤੇ ਤੇਜਿੰਦਰ ਸਿੰਘ ਰੋਹਟਾ ਪ੍ਰਧਾਨ ਨਾਭਾ ਸੋਸ਼ਲ ਵੈੱਲਫੇਅਰ ਐਂਡ ਕਲਚਰਲ ਕਲੱਬ ਸ਼ਾਮਲ ਰਹੇ।ਸਭ ਤੋਂ ਪਹਿਲਾਂ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਪ੍ਰਧਾਨ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ ਵੱਲੋਂ ਸਵਾਗਤੀ ਸ਼ਬਦ ਤਹਿਤ ਆਏ ਮਹਿਮਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੁੱਖ ਬੁਲਾਰੇ ਦੇ ਜੀਵਨ ਤੇ ਰਚਨਾ ਸੰਸਾਰ ਬਾਰੇ ਜਾਣਕਾਰੀ ਦਿੱਤੀ। ਉਪਰੰਤ ਮੁੱਖ ਭਾਸ਼ਣ ਵਜੋਂ ਬੋਲਦਿਆਂ ਹਰਪਾਲ ਸਿੰਘ ਪੰਨੂ ਨੇ ਵੈਦਿਕ ਯੁੱਗ ਤੋਂ ਸ਼ੁਰੂਆਤ ਕਰਦਿਆਂ ਸਿੱਖ ਗੁਰੂ ਸਾਹਿਬਾਨ ਤੱਕ ਸ਼ਹਾਦਤ ਦੇ ਮਹੱਤਵਪੂਰਨ ਪਹਿਲੂਆਂ ਸੰਬੰਧੀ ਵੱਡਮੁੱਲੇ ਵਿਚਾਰ ਦਿੱਤੇ।ਸਮਾਜ ਸੇਵਕਾ ਤੇ ਵਾਤਾਵਰਨ ਪ੍ਰੇਮੀ ਡਾ. ਗੁਰਪ੍ਰੀਤ ਕੌਰ ਢੀਂਡਸਾ ਨੇ ਸਮਾਗਮ ਦੌਰਾਨ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਸੰਬੰਧੀ ਵਧੀਆ ਨੁਕਤੇ ਸਾਂਝੇ ਕੀਤੇ।ਮੰਚ ਸੰਚਾਲਨ ਦੀ ਭੂਮਿਕਾ ਸੁਖਦੇਵ ਸਿੰਘ ਢੀਂਡਸਾ ਵੱਲੋਂ ਬਾਖੂਬੀ ਨਿਭਾਈ ਗਈ।ਅੰਤ ਵਿੱਚ ਕਲੱਬ ਦੇ ਜਨਰਲ ਸਕੱਤਰ ਕਹਾਣੀਕਾਰ ਅਸ਼ਵਨੀ ਬਾਗੜੀਆਂ ਵੱਲੋਂ ਸਮੁੱਚੇ ਸਮਾਗਮ ਉੱਪਰ ਅੰਤਿਕਾ ਟਿੱਪਣੀ ਕਰਦਿਆਂ ਆਏ ਮਹਿਮਾਨਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਸਮਾਗਮ ਵਿੱਚ ਸਾਬਕਾ ਚੇਅਰਮੈਨ ਜਗਜੀਤ ਸਿੰਘ ਦੁਲੱਦੀ, ਸ਼ੇਰ ਸਿੰਘ ਸਹੌਲੀ, ਸਾਬਕਾ ਸਰਪੰਚ ਰਵਿੰਦਰ ਮੂੰਗੋ, ਸੁਬੇਗ ਸਿੰਘ ਜਾਤੀਵਾਲ, ਡਾ. ਜੈਨਿੰਦਰ ਚੌਹਾਨ, ਮਹਿੰਦਰ ਪਾਲ ਬੱਬੀ ਭਾਦਸੋਂ, ਗੁਰਿੰਦਰ ਸਿੰਘ ਭੰਗੂ, ਸੋਮਨਾਥ ਸਿੰਗਲਾ, ਭੁਪਿੰਦਰ ਸਿੰਘ ਧਾਰੋਂਕੀ, ਭੁਪਿੰਦਰ ਸਿੰਘ ਬਿਲਿੰਗ, ਅਬਜਿੰਦਰ ਸਿੰਘ ਜੋਗੀ ਨਾਨੋਕੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਪੰਜਾਬ ਪਬਲਿਕ ਸਕੂਲ ਦੇ ਰਾਈਡਰਜ਼ ਸ਼ੋ-ਜੰਪਿੰਗ 'ਚ ਬਣੇ ਓਵਰਆਲ ਚੈਂਪੀਅਨ

### ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਡ੍ਰੀਮ ਅਲਾਇੰਸ ਦੇ ਅਧਿਕਾਰੀਆਂ ਤੇ ਅਹੁਦੇਦਾਰਾਂ ਨੂੰ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**

ਪੰਜਾਬ ਪਬਲਿਕ ਸਕੂਲ ਨਾਭਾ ਦੇ ਰਾਈਡਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਡ੍ਰੀਮ ਅਲਾਇੰਸ ਸੀਜ਼ਨ-5 ਵਿੱਚ ਸ਼ੋ-ਜੰਪਿੰਗ ਵਿੱਚ ਓਵਰਆਲ ਪਹਿਲਾ ਸਥਾਨ ਹਾਸਲ ਕੀਤਾ।ਇਸ ਵੱਕਾਰੀ ਘੋੜਸਵਾਰੀ ਈਵੈਂਟ ਦਾ ਇਨਾਮ ਵੰਡ ਸਮਾਰੋਹ 19 ਜਨਵਰੀ 2026 ਨੂੰ ਪੰਜਾਬ ਪਬਲਿਕ ਸਕੂਲ ਨਾਭਾ ਕੈਂਪਸ ਵਿੱਚ ਆਯੋਜਿਤ ਕੀਤਾ ਗਿਆ।ਪ੍ਰਸਿੱਧ ਸਕੂਲਾਂ ਤੇ ਸੰਸਥਾਵਾਂ ਦੀਆਂ ਬਾਰਾਂ ਟੀਮਾਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ, ਜਿਸ ਨਾਲ ਇਹ ਈਵੈਂਟ ਬਹੁਤ ਮੁਕਾਬਲੇ ਵਾਲਾ ਬਣ ਗਿਆ।ਬੇਮਿਸਾਲ ਹੁਨਰ, ਅਨੁਸ਼ਾਸਨ ਤੇ ਟੀਮ ਵਰਕ ਦਾ ਪ੍ਰਦਰਸ਼ਨ ਕਰਦੇ ਹੋਏ ਪੀਪੀਐੱਸ ਰਾਈਡਰਜ਼ ਨੇ ਸ਼ੋ-ਜੰਪਿੰਗ ਈਵੈਂਟਸ ਵਿੱਚ ਦਬਦਬਾ ਬਣਾਇਆ ਤੇ ਕੁੱਲ ਮਿਲਾ ਕੇ ਸਿਖਰਲਾ ਸਥਾਨ ਹਾਸਲ ਕੀਤਾ।ਪੰਜਾਬ ਪਬਲਿਕ ਸਕੂਲ ਨਾਭਾ ਨੇ ਦੋ ਸੋਨ, ਤਿੰਨ ਚਾਂਦੀ ਤੇ ਚਾਰ ਕਾਂਸੀ ਦੇ ਤਮਗੇ ਸਮੇਤ ਪ੍ਰਭਾਵਸ਼ਾਲੀ ਕੁੱਲ ਨੌਂ ਤਮਗੇ ਜਿੱਤੇ।ਲਵਿੰਦਰ ਸਿੰਘ ਨੇ ਇੱਕ ਸੋਨ ਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ, ਜਦੋਂ ਕਿ ਕੰਵਰ ਜੈਦੀਪ ਸਿੰਘ ਨੇ ਵੀ ਇੱਕ ਸੋਨ ਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ।ਧਨਵੀਰ ਸਿੰਘ ਨੇ ਦੋ ਚਾਂਦੀ ਦੇ ਤਮਗੇ, ਜੁਝਾਰਵੀਰ ਸਿੰਘ ਨੇ ਇੱਕ ਚਾਂਦੀ ਦਾ ਤਮਗਾ ਅਤੇ ਬੀਰਕੁੰਵਰ ਸਿੰਘ ਨੇ ਦੋ ਕਾਂਸੀ ਦੇ ਤਮਗੇ ਜਿੱਤ ਕੇ ਸੂਚੀ ਵਿੱਚ ਵਾਧਾ ਕੀਤਾ।ਇਸ ਮੌਕੇ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਡ੍ਰੀਮ ਅਲਾਇੰਸ ਦੇ ਅਧਿਕਾਰੀਆਂ ਤੇ ਅਹੁਦੇਦਾਰਾਂ ਨੂੰ ਵੀ ਸਨਮਾਨਤ ਕੀਤਾ। ਘੋੜ ਸਵਾਰਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਸਮਰਪਣ ਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਟੀਮ ਦੀ ਸ਼ਲਾਘਾ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਤ ਕੀਤਾ।

## ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਮੀਟਿੰਗ 'ਚ ਸਮਾਗਮ ਦਾ ਰੀਵਿਊ

### ਪੈਨਸ਼ਨਰ ਮੰਗਾਂ ਪ੍ਰਤੀ ਸਰਕਾਰ ਦੀ ਖਾਮੋਸ਼ੀ ਦੀ ਨਿੰਦਾ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਾਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਜਥੇਬੰਦੀ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਇੱਕ ਵਿਸ਼ੇਸ਼ ਮੀਟਿੰਗ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਦੀ ਅਗਵਾਈ ਹੇਠ ਸਥਾਨਕ ਪੈਨਸ਼ਨਰ ਦਫ਼ਤਰ ਸੰਗਰੂਰ ਵਾਲੀ ਕੋਠੀ ਵਿਖੇ ਹੋਈ।ਮੀਟਿੰਗ ਦੌਰਾਨ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਡਾਕਟਰ ਅਮਰਜੀਤ ਸਿੰਘ ਸਕੱਤਰ, ਚਰਨਜੀਤ ਸਿੰਘ ਕੈਂਥ, ਰਤਨ ਭੰਡਾਰੀ, ਰਮੇਸ਼ ਸ਼ਰਮਾ, ਗੁਰਦਾਸ ਬਾਂਸਲ, ਡਾ. ਹਰਦਿਆਲ ਸਿੰਘ ਪ੍ਰਧਾਨਗੀ ਮੰਡਲ ਵਿੱਚ ਮੌਜੂਦ ਸਨ।ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰਾਂ ਤੇ ਉਨ੍ਹਾਂ ਦੇ ਨਜ਼ਦੀਕੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਪ੍ਰਸਿੱਧ ਸਾਹਿਤਕਾਰ ਮੂਲ ਚੰਦ ਸ਼ਰਮਾ ਨੇ ਅਪਣੀ ਬੁਲੰਦ ਆਵਾਜ਼ ਵਿੱਚ ਸੱਭਿਆਚਾਰਕ ਗੀਤ ਪੇਸ਼ ਕਰਕੇ ਵਾਹ ਵਾਹ ਖੱਟੀ।ਇਸ ਮੌਕੇ ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ, ਚਰਨਜੀਤ ਸਿੰਘ ਕੈਂਥ, ਰਮੇਸ਼ ਸ਼ਰਮਾ, ਸਤੀਸ਼ ਸ਼ਰਮਾ, ਜਸਵੰਤ ਰਾਏ ਗੁਪਤਾ, ਇੰਦਰਜੀਤ ਸ਼ਰਮਾ ਤੇ ਡਾ. ਅਮਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਵਿੱਚ ਅਸਫ਼ਲ ਰਹਿਣ ਕਰਕੇ ਸਖ਼ਤ ਆਲੋਚਨਾ ਕੀਤੀ ਗਈ।ਮੀਟਿੰਗ ਦੌਰਾਨ ਇਸ ਗੱਲ ਦਾ ਸਖ਼ਤ ਨੋਟਿਸ ਲਿਆ ਗਿਆ ਕਿ ਸਰਕਾਰ ਨੇ 16 ਮਹੀਨੇ ਬੀਤ ਜਾਣ ਦੇ ਬਾਵਜੂਦ ਮਹਿੰਗਾਈ ਭੱਤੇ ਦੀ ਕੋਈ ਕਿਸ਼ਤ ਜਾਰੀ ਨਹੀਂ ਕੀਤੀ।ਇਸ ਉਪਰੰਤ ਪਿਛਲੇ ਮਹੀਨੇ ਸਫ਼ਲਤਾ ਪੂਰਵਕ ਮਨਾਏ ਗਏ ਸਾਲਾਨਾ ਪੈਨਸ਼ਨਰ ਦਿਹਾੜੇ ਦਾ ਰੀਵਿਊ ਕੀਤਾ ਗਿਆ ਤੇ ਸਮਾਗਮ ਦੀ ਕਾਮਯਾਬੀ 'ਤੇ ਪੂਰਨ ਤੱਸਲੀ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਸਮਾਗਮ ਲਈ ਬਣਾਈਆਂ ਗਈਆਂ ਸਮੂਹ ਟੀਮਾਂ ਦਾ ਉਚੇਚਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਪੈਨਸ਼ਨਰ ਦਿਵਸ ਸਮਾਗਮ ਸਫਲਤਾ ਨਾਲ ਸੰਪੰਨ ਹੋਇਆ।ਮੀਟਿੰਗ ਦੌਰਾਨ ਵਿੱਤ ਸਕੱਤਰ ਰਤਨ ਸਿੰਘ ਭੰਡਾਰੀ ਨੇ ਸਮਾਗਮ ਲਈ ਇਕੱਠੀ ਹੋਈ ਆਮਦਨ ਤੇ ਖ਼ਰਚ ਦੇ ਵੇਰਵੇ ਪੇਸ਼ ਕੀਤੇ।ਇਸ ਰਿਪੋਰਟ ਨੂੰ ਕਾਰਜਕਾਰਨੀ ਨੇ ਸਰਬਸੰਮਤੀ ਨਾਲ ਪਾਸ ਕੀਤਾ।ਇਸ ਦੇ ਨਾਲ ਹੀ ਨਵੇਂ ਵਰ੍ਹੇ ਦਾ ਕੈਲੰਡਰ ਛਪਵਾਉਣ ਦਾ ਵੀ ਫੈਸਲਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੈ ਭਗਵਾਨ ਦਾਸ, ਭਜਨ ਸਿੰਘ ਰੰਗੀਆਂ, ਜਗਦੀਸ਼ ਸ਼ਰਮਾ, ਪ੍ਰਿੰਸੀਪਲ ਸੀਤਾ ਸਿੰਘ, ਓਂਕਾਰ ਸ਼ਾਸਤਰੀ, ਦਰਸ਼ਨ ਸਿੰਘ ਧਾਂਦਰਾ, ਮਨੋਹਰ ਲਾਲ ਬਰਡਵਾਲ, ਗੁਰਮੇਲ ਸਿੰਘ ਹਸਨਪੁਰ, ਆਤਮਾ ਸਿੰਘ ਘਨੌਰ, ਕਰਮਜੀਤ ਸਿੰਘ, ਸਰਬਜੀਤ ਸਿੰਘ ਮੀਮਸਾ, ਕਰਮਜੀਤ ਸਿੰਘ, ਫ਼ਕੀਰ ਸਿੰਘ ਲੈਕਚਰਾਰ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

## ਪਿਤਾ ਦੀ ਬਰਸੀ ਮੌਕੇ ਲੰਗਰ ਲਗਾਇਆ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਮਾਜ ਸੇਵਾ ਵਿੱਚ ਹਮੇਸ਼ਾ ਹੀ ਮੋਹਰੀ ਪਰਿਵਾਰਾਂ ਵਿੱਚੋਂ ਇੱਕ ਬਾਘਾ ਪੁਰਾਣਾ ਦੀ ਚੰਨੂ ਵਾਲਾ ਰੋਡ ਉੱਪਰ ਸਥਿਤ ਬਾਂਸਲ ਕਰਿਆਨਾ ਸਟੋਰ ਦੇ ਮਾਲਕ ਦਵਿੰਦਰ ਬਾਂਸਲ ਤੇ ਲਵਲੀ ਬਾਂਸਲ ਵੱਲੋਂ ਆਪਣੇ ਪਿਤਾ ਸੱਤਪਾਲ ਬਾਂਸਲ ਦੀ ਬਰਸੀ ਮੌਕੇ ਲੰਗਰ ਲਗਾਇਆ ਗਿਆ।ਇਸ ਮੌਕੇ ਉਨ੍ਹਾਂ ਦੇ ਪੋਤਰੇ ਵਨੀਤ ਬਾਂਸਲ ਤੇ ਹੋਰ ਹਾਜ਼ਰ ਸਨ।


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਨੰ. 433-ਸਿਗ- ਟੀ-72-25-26 ਮਿਤੀ: 19.01.2026**

**ਬੰਦ ਹੋਣ ਦੀ ਮਿਤੀ/ਸਮਾਂ: 10.02.2026 15:00 ਵਜੇ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ **ਟੈਂਡਰ ਨੰ. 433-ਸਿਗ/ਟੀ-72/25-26** ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 10.02.2026 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

**ਐਨ ਆਈ ਟੀ**

| | | | |
|---|---|---|---|
| ਕੰਮ ਦਾ ਨਾਮ | (i) ਏਡੀਈਐਨ-।।/ਏਐਸਆਰ ਦੇ ਅਧਿਕਾਰ ਖੇਤਰ ਵਿਚ ਐਮਸੀ ਅੰਮ੍ਰਿਤਸਰ ਦੁਆਰਾ ਜੇਯੂਸੀ -ਏਐਸਆਰ ਸੈਕਸ਼ਨ ਉਤੇ ਕਿਮੀ 505/4-6 ਤੇ ਅਤੇ ਏਐਸਆਰ-ਪੀਟੀਕੇ ਸੈਕਸ਼ਨ ਤੇ ਓਐਚਈ 6/9-11 ਤੇ ਹਰੇਕ 3.00 ਮੀਟਰ X 2.50 ਮੀਟਰ ਆਕਾਰ ਦੇ ਦੋ ਆਰਸੀਸੀ ਬਾਕਸ ਪੁਲਾਂ ਦੀ ਉਸਾਰੀ। (2) ਆਰਸੀਸੀ ਸੀਮਾ ਦੀਵਾਰ (ਐਨਆਰ ਪ੍ਰਕਾਰ ਐਫ-71 ਦੇ ਅਨੁਸਾਰ) ਅਤੇ ਹੋਰ ਵਖ-ਵਖ ਕੰਮ, ਜੇਯੂਸੀ-ਐਫਜੇਡਆਰ ਸੈਕਸ਼ਨ ਉਤੇ ਆਰਸੀਐਫ ਹਾਲਟ ਅਤੇ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ ਦੇ ਵਿਚ ਕਿਮੀ 43/8-9 ਤੇ ਆਰਓਬੀ ਦੀ ਉਸਾਰੀ ਦੇ ਸਬੰਧ ਵਿਚ ਐਸ ਐਂਡ ਟੀ ਕੰਮ। (ii) (1) ਜਲੰਧਰ ਸਿਟੀ - ਅੰਮ੍ਰਿਤਸਰ ਸੈਕਸ਼ਨ ਉਤੇ ਮਾਨਵਯੁਕਤ ਲਾਈਨ ਨੰਬਰ ਸੀ - 34 ਉਤੇ ਏਡੀਈਐਨ-।।/ਅੰਮ੍ਰਿਤਸਰ ਦੇ ਤਹਿਤ ਸੈਕਸ਼ਨ ਵਿਚ ਪੁਸ਼ਿੰਗ ਵਿਧੀ ਦੁਆਰਾ ਅੰਦਰੂਨੀ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (2) ਅੰਮ੍ਰਿਤਸਰ - ਖੇਮਕਰਨ ਸੈਕਸ਼ਨ ਉਤੇ ਏਡੀਈਐਨ-।।/ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਮਾਨਵਯੁਕਤ ਲਾਈਨ ਨੰਬਰ ਸੀ - 39 ਉਤੇ ਅੰਦਰੂਨੀ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (3) ਅੰਮ੍ਰਿਤਸਰ - ਖੇਮਕਰਨ ਸੈਕਸ਼ਨ ਉਤੇ ਏਡੀਈਐਨ - ।।/ ਅੰਮ੍ਰਿਤਸਰ ਦੇ ਤਹਿਤ ਸੈਕਸ਼ਨ ਵਿਚ ਪੁਸ਼ਿੰਗ ਵਿਧੀ ਦੁਆਰਾ ਮਾਨਵਯੁਕਤ ਲਾਈ ਨੰਬਰ ਸੀ - 64 ਤੇ ਅੰਦਰੂਨੀ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (4) ਅੰਮ੍ਰਿਤਸਰ - ਖੇਮਕਰਨ ਸੈਕਸ਼ਨ ਤੇ ਏਡੀਈਐਨ-।।/ ਅੰਮ੍ਰਿਤਸਰ ਦੇ ਤਹਿਤ ਸੈਕਸ਼ਨ ਵਿਚ ਪੁਸ਼ਿੰਗ ਵਿਧੀ ਦੁਆਰਾ ਮਾਨਵਯੁਕਤ ਲਾਈਨ ਨੰਬਰ ਸੀ - 18 ਤੇ ਅੰਦਰੂਨੀ ਆਕਾਰ 5.0 * 5.0 ਮੀਟਰ ਦੇ ਐਲਐਚਐਸ ਦਾ ਉਸਾਰੀ ਕੰਮ (6) ਜਲੰਧਰ - ਸਿਟੀ ਅੰਮ੍ਰਿਤਸਰ ਸੈਕਸ਼ਨ ਤੇ ਮਾਨਵਯੁਕਤ ਐਲ-ਕਰਸਿੰਗ ਨੰਬਰ ਸੀ-40 ਤੇ ਏਡੀਈਐਨ - ।। / ਅੰਮ੍ਰਿਤਸਰ ਵਿਚ ਪੁਸ਼ਿੰਗ ਵਿਧੀ ਦੁਆਰਾ ਐਲਐਚਐਸ 5.0 * 5.0 ਮੀਟਰ ਦੀ ਉਸਾਰੀ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 10.02.2026 15:00 ਵਜੇ | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 19.01.2026 12:49 ਵਜੇ |
| ਅੰਦਾਜਨ ਲਾਗਤ (ਰੁ.) | (i) 69,08,493.70 (ii) 50,89,538.23 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 27.01.2026 |
| ਬਿਆਨਾ ਰਾਸ਼ੀ (ਰੁ) | (i) 1,38,200.00 (ii) 1,01,800.00 | ਕੰਮ ਪੂਰਾ ਕਰਨ ਦਾ ਸਮਾਂ | (i) 6 ਮਹੀਨੇ (ii) 6 ਮਹੀਨੇ |

**ਨੋਟ:** ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖਣ।

202/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਸੰਖਿਆ:**-770-W/01/WA/JAT/82-2025-26-DRM-JAT, 83-2025-26-DRM-JAT, 84-2025-26-DRM-JAT & 85-2025-26-DRM-JAT (to be opened on 07.02.2026) ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਟਾਈਟਲ ਵਾਲੀਆਂ ਨਿਵਿਦਾਵਾਂ ਦੇ ਵਿਰੁਧ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਅਤੇ www.ireps.gov.in 'ਤੇ ਉਪਲਬਧ ਹਨ ਜਿਨ੍ਹਾਂ ਦੀ ਅੰਤਮ ਮਿਤੀ **07.02.2026** ਨੂੰ **15:00** ਵਜੇ ਤਕ ਹੈ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਜਮ੍ਹਾ ਕਰ ਸਕਦੇ ਹਨ। ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲ. ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 82-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਪਠਾਨਕੋਟ ਦੇ ਅਧਿਕਾਰ ਸੈਕਸ਼ਨ ਵਿਚ ਪਠਾਨਕੋਟ-ਜਲੰਧਰ ਸਿਟੀ ਵਿਚ ਸਥਿਤ **ਪੁਲ ਨੰਬਰ 232** (ਪੜਾਅ-।।) ਤੇ ਸੁਰੱਖਿਆ ਨੂੰ ਧਿਆਨ ਵਿਚ ਰਖਦੇ ਹੋਏ **ਸੁਰੱਖਿਆ ਕੰਮ (ਪ੍ਰੋਟੈਕਸ਼ਨ ਵਰਕ)।** | | |
| | | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | ₹27,41,64,335.97 | 90 ਦਿਨ | 06 ਮਹੀਨੇ |
| 2. | 83-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਜੰਮੂ ਦੇ ਅਧਿਕਾਰ ਖੇਤਰ ਵਿਚ ਸਥਿਤ (BBMN) **ਸਟੇਸ਼ਨ ਉਤੇ** ਬਾਰਸ਼ ਦਾ ਪਾਣੀ ਕੱਢਣ ਦੇ ਪ੍ਰਬੰਧ ਨੂੰ ਮਜਬੂਤ ਕਰਨ ਲਈ **ਡ੍ਰੇਨੇਜ ਸਿਸਟਮ ਦੇ ਸੁਧਾਰ ਦਾ ਕੰਮ।** | | |
| | | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | ₹1,54,91,994.27 | 60 ਦਿਨ | 06 ਮਹੀਨੇ |
| 3. | 84-2025-26-DRM-JAT | ਵਰਤਮਾਨ ਅਨੁਭਾਗ ਇੰਜੀਨੀਅਰ (ਕੰਮ)/ ਪਾਲਮਪੁਰ ਦੇ ਅਧਿਕਾਰ ਖੇਤਰ ਵਿਚ ਸਥਿਤ ਹੇਠਾਂ ਲਿਖਤ **ਪੁਲਾਂ ਨੰਬਰ** : 630, 643,646, 656, 667, 672, 732, 776, 802, 805, 806, 808, 852, 854, 857 ਅਤੇ 977 **ਉਤੇ ਮਜਬੂਤੀਕਰਨ ਅਤੇ ਸੁਰੱਖਿਆ ਕੰਮ।** | | |
| | | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | ₹3,34,68,026.80 | 60 ਦਿਨ | 06 ਮਹੀਨੇ |
| 4. | 85-2025-26-DRM-JAT | ਸਹਾਇਕ ਮੰਡਲ ਇੰਜੀਨੀਅਰ, ਜੰਮੂ ਦੇ ਤਹਿਤ ਖੇਤਰ ਵਿਚ ਵਖ-ਵਖ **ਟ੍ਰੈਕ ਅਨੁਰਖਸ਼ਣ (ਮਿਸਲੇਨਿਯਸ ਟ੍ਰੈਕ ਮੇਂਟਨੈਂਸ) ਕੰਮ।** | | |
| | | ਵਿਗਿਆਪਨ ਮੁੱਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | ₹69,99,806.50 | 60 ਦਿਨ | 08 ਮਹੀਨੇ |

ਨੋਟ : 1. ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀ ਪੱਤਰ ਦੇ ਲਈ ਆਈਆਰਈਪੀਐਸ ਵੈਬਸਾਈਟ ਵੇਖਣ।

2. ਜੇਕਰ ਹਿੰਦੀ ਇਸ਼ਤਿਹਾਰ ਵਿਚ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਅੰਗ੍ਰੇਜ਼ੀ ਇਸ਼ਤਿਹਾਰ ਮਾਨਯ ਹੋਵੇਗਾ।

191/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Punjab National Bank**
Branch Office:- Rahon Road,
DISTT. LUDHIANA

**ਵਿਕਰੀ ਦੀ ਜਾਣਕਾਰੀ ਹਿੱਤ ਕਰਜ਼ਦਾਰ ਨੂੰ ਨੋਟਿਸ (30 ਦਿਨਾ ਨੋਟਿਸ)**
**ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦਾ ਰੂਲ 8 (6)**

ਸੇਵਾ 'ਚ — 19.01.2026

| | |
|---|---|
| (ਕਰਜ਼ਦਾਰ) : ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸਵ. ਸ੍ਰੀ ਰਾਜ ਕੁਮਾਰ # ਮਕਾਨ ਨੰ. 258, ਮਾਡਲ ਕਲੋਨੀ, ਗਲੀ ਨੰ. 7, ਬਾਜੜਾ, ਜ਼ਿਲ੍ਹਾ ਲੁਧਿਆਣਾ | 2. ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸਵ. ਸ੍ਰੀ ਰਾਜ ਕੁਮਾਰ ਰਾਹੀਂ ਇਸ ਦੇ ਕਾਨੂੰਨੀ ਵਾਰਿਸਾਂ ਸਵ. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸ਼ਾਂਤੀ ਨਾਥ # ਮਕਾਨ ਨੰ. 258, ਮਾਡਲ ਕਲੋਨੀ, ਗਲੀ ਨੰ. 7, ਬਾਜੜਾ, ਜ਼ਿਲ੍ਹਾ ਲੁਧਿਆਣਾ |

ਸ੍ਰੀਮਾਨ/ਸ੍ਰੀਮਤੀ

**ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ, 2002 ਦੇ ਸੈਕਸ਼ਨ 13(8) ਅਧੀਨ ਰਜਿਸਟਰਡ ਨੋਟਿਸ**

ਤੁਹਾਨੂੰ ਪੱਤਰ ਹਾਸਲ ਕਰਨ ਵਾਲਿਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਚੱਲ/ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਪੀ ਐੱਨ ਬੀ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਨੇ ਸੰਕੇਤਕ/ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ, ਪੰਜਾਬ ਨੈਸ਼ਨਲ ਬੈਂਕ ਸਕਿਉਰਡ ਕ੍ਰੈਡਿਟਰ ਦੀ (ਕਰਜ਼ਦਾਰ) : ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸਵ. ਸ੍ਰੀ ਰਾਜ ਕੁਮਾਰ # ਮਕਾਨ ਨੰ. 258, ਮਾਡਲ ਕਲੋਨੀ, ਗਲੀ ਨੰ. 7, ਬਾਜੜਾ, ਜ਼ਿਲ੍ਹਾ ਲੁਧਿਆਣਾ 2. ਸ੍ਰੀ ਅਵਿਨਾਸ਼ ਕੁਮਾਰ ਪੁੱਤਰ ਸਵ. ਸ੍ਰੀ ਰਾਜ ਕੁਮਾਰ ਰਾਹੀਂ ਇਸ ਦੇ ਕਾਨੂੰਨੀ ਵਾਰਿਸਾਂ ਸਵ. ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਸ਼ਾਂਤੀ ਨਾਥ # ਮਕਾਨ ਨੰ. 258, ਮਾਡਲ ਕਲੋਨੀ, ਗਲੀ ਨੰ. 7, ਬਾਜੜਾ, ਜ਼ਿਲ੍ਹਾ ਲੁਧਿਆਣਾ ਵੱਲੋਂ 26.08.2025 ਨੂੰ ਬਕਾਇਆ ਰਕਮ ਰੁਪਏ 9,33,180.13/- (ਨੌਂ ਲੱਖ ਤੇਤੀ ਹਜ਼ਾਰ ਇੱਕ ਸੌ ਅੱਸੀ ਰੁਪਏ ਅਤੇ ਤੇਰਾਂ ਪੈਸੇ ਕੇਵਲ) ਜਮ੍ਹਾਂ 27.08.2025 ਤੋਂ (ਮੁਕੰਮਲ ਅਦਾਇਗੀ ਤੱਕ) ਹੋਰ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ ਵਸੂਲੀ ਘਟਾ ਕੇ (ਜੇਕਰ ਕੋਈ ਹੈ) ਸਰਫੇਸੀ ਐਕਟ ਦੇ ਸੈਕਸ਼ਨ 13 (2) ਤਹਿਤ 27.08.2025 ਨੂੰ ਜਾਰੀ ਡਿਮਾਂਡ ਨੋਟਿਸ ਅਨੁਸਾਰ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਆਧਾਰ 'ਤੇ ਵਿਕਰੀ ਕੀਤੀ ਜਾਵੇਗੀ। ਜਿਨ੍ਹਾਂ ਸਕਿਉਰਡ ਐੱਸਟਸ ਦੀ ਵਿਕਰੀ ਕੀਤੀ ਜਾਣੀ ਹੈ, ਦੇ ਵੇਰਵੇ ਹੇਠਾਂ ਦਰਸਾਏ ਗਏ ਹਨ :

ਕੁੱਲ ਰਿਹਾਇਸ਼ੀ ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 60 ਵਰਗ ਗਜ਼, ਪਲਾਟ/ਮਕਾਨ ਨੰ. 87-ਬੀ, ਖਸਰਾ ਨੰ. 26//10/2-11-12/1-13/1/2-20-21/1 ਖੱਤਾ ਨੰ. 29/51, ਜਮ੍ਹਾਂਬੰਦੀ ਸਾਲ 2012-13, ਪਿੰਡ ਕਾਕਾ ਕਲੋਨੀ ਵਿਖੇ ਸਥਿਤ, ਹੱਦਬਸਤ ਨੰ. 68, ਕਾਕਾ ਕਲੋਨੀ ਵਜੋਂ ਜਾਣੀ ਜਾਂਦੀ ਜਗ੍ਹਾ, ਨੇੜੇ ਸੱਚਖੰਡ ਗੁਰਦੁਆਰਾ ਰਾਹੋਂ ਰੋਡ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸ੍ਰੀ ਰਾਜ ਕੁਮਾਰ ਪੁੱਤਰ ਸ਼ਾਂਤੀ ਨਾਥ ਦੇ ਨਾਂਅ ਬੈਨਾਮਾ ਵਸੀਕਾ ਨੰ. 2019-20/106/1/16834 ਮਿਤੀ 23/10/2019 ਅਨੁਸਾਰ ਜਿਸ ਦੀਆਂ ਹੱਦਾਂ ਇਸ ਤਰ੍ਹਾਂ ਹਨ :- ਪੂਰਬ : ਗੁਆਂਢ 18'-0", ਪੱਛਮ : ਗਲੀ 20' ਚੌੜੀ 18'-00", ਉੱਤਰ : ਗੁਆਂਢ 30'-00", ਦੱਖਣ : ਰੀਟਾ ਪਾਠਕ 30-00"

ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸਰਫੇਸੀ ਐਕਟ ਦੇ ਸੈਕਸ਼ਨ 13(8) ਅਨੁਸਾਰ ਤੁਸੀਂ ਉਕਤ ਸਕਿਉਰਡ ਐੱਸਟ ਸਾਰੇ ਬਕਾਏ ਦੀ ਅਦਾਇਗੀ ਕਰਕੇ 30 ਦਿਨਾਂ ਦੇ ਅੰਦਰ ਪੁਨਰਗ੍ਰਹਿਣ ਕਰ ਸਕਦੇ ਹੋ। ਸੈਕਸ਼ਨ 13 ਦੇ ਸਬ-ਸੈਕਸ਼ਨ 8 ਹੇਠ ਅਨੁਸਾਰ ਹੈ :-

"ਜਿੱਥੇ ਸਕਿਉਰਡ ਕ੍ਰੈਡਿਟਰ ਦੀ ਬਕਾਇਆ ਸਾਰੀ ਰਕਮ ਸਮੇਤ ਉਸ ਦੀਆਂ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚਿਆਂ ਦੇ ਸਕਿਉਰਡ ਕ੍ਰੈਡਿਟਰ ਨੂੰ ਜਨਤਕ ਨਿਲਾਮੀ ਨੋਟਿਸ ਜਾਂ ਕੁਟੇਸ਼ਨਾਂ ਦਾ ਸੱਦਾ ਦੇਣ ਜਾਂ ਜਨਤਾ ਤੋਂ ਟੈਂਡਰ ਸੱਦਣ ਜਾਂ ਲੀਜ਼ ਰਾਹੀਂ ਤਬਾਦਲੇ ਸੰਬੰਧੀ ਨਿੱਜੀ ਸੰਧੀ, ਇਕਰਾਰਨਾਮਾ ਜਾਂ ਸਕਿਉਰਡ ਐੱਸਟਸ ਦੀ ਵਿਕਰੀ ਤੋਂ ਪਹਿਲਾਂ ਸਕਿਉਰਡ ਕ੍ਰੈਡਿਟਰ ਨੂੰ ਜਮ੍ਹਾਂ ਕਰਵਾ ਦਿੱਤੇ ਜਾਣ।

ਸਕਿਉਰਡ ਕ੍ਰੈਡਿਟਰ ਵੱਲੋਂ (i) ਸਕਿਉਰਡ ਐੱਸਟਸ ਲੀਜ਼, ਇਕਰਾਰਨਾਮੇ ਜਾਣਕਾਰੀ ਰਾਹੀਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ (ii) ਜੇਕਰ ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼ ਜਾਂ ਇਕਰਾਰਨਾਮੇ ਰਾਹੀਂ ਸਕਿਉਰਡ ਐੱਸਟਸ ਸੰਬੰਧੀ ਸਬ-ਸੈਕਸ਼ਨ ਹੇਠ ਰਕਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਕੋਈ ਕਦਮ ਉਠਾਇਆ ਜਾ ਚੁੱਕਿਆ ਹੋਵੇਗਾ, ਸਕਿਉਰਡ ਕ੍ਰੈਡਿਟਰ ਵੱਲੋਂ ਲੀਜ਼, ਇਕਰਾਰਨਾਮੇ ਜਾਂ ਵਿਕਰੀ ਰਾਹੀਂ ਅਗਲਾ ਕੋਈ ਕਦਮ ਨਹੀਂ ਚੁੱਕਿਆ ਜਾਵੇਗਾ।"

ਤੁਹਾਨੂੰ ਪੱਤਰ ਪ੍ਰਾਪਤ ਕਰਤਾ ਨੂੰ ਰੂਲਜ਼ 2002 ਦੇ ਰੂਲ 8(6) ਨਾਲ ਪੜ੍ਹੇ ਜਾਂਦੇ ਸਰਫੇਸੀ ਐਕਟ ਦੇ ਸੈਕਸ਼ਨ 13(8) ਦੀ ਪਾਲਣਾ 'ਚ 30 ਦਿਨਾਂ ਦੇ ਅੰਦਰ 26.08.2025 ਨੂੰ ਮੌਜੂਦਾ ਬਕਾਇਆ ਰਕਮ ਰੁ. 9,33,180.13/- (ਨੌਂ ਲੱਖ ਤੇਤੀ ਹਜ਼ਾਰ ਇੱਕ ਸੌ ਅੱਸੀ ਰੁਪਏ ਅਤੇ ਤੇਰਾਂ ਪੈਸੇ ਕੇਵਲ) ਜਮ੍ਹਾਂ 27.08.2025 ਤੋਂ ਮੁਕੰਮਲ ਅਦਾਇਗੀ ਤੱਕ, ਹੋਰ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ ਅਦਾ ਕਰਕੇ ਉਕਤ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ, ਅਸਫਲ ਰਹਿਣ 'ਤੇ ਸਕਿਉਰਡ ਐੱਸਟਸ ਦੀ ਵਿਕਰੀ ਵਾਸਤੇ ਸਕਿਉਰਡ ਐੱਸਟਸ ਦੀ ਨਿਲਾਮੀ ਰੱਖ ਦਿੱਤੀ ਜਾਵੇਗੀ ਅਤੇ ਵਿਕਰੀ ਨੋਟਿਸ ਦੀ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ ਦੇ ਰੂਲ 9 (1) ਦੀ ਪਾਲਣਾ 'ਚ ਵਿਕਰੀ ਨੋਟਿਸ ਦੀ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

ਮਿਤੀ : 19.01.2026 — ਅਧਿਕਾਰਤ ਅਫਸਰ
ਸਥਾਨ : ਲੁਧਿਆਣਾ — ਪੰਜਾਬ ਨੈਸ਼ਨਲ ਬੈਂਕ — ਸਕਿਉਰਡ ਕ੍ਰੈਡੀਟਰ

# ਧਾਰਮਿਕ ਕੱਟੜਵਾਦ/ਅੰਧਵਿਸ਼ਵਾਸ ਦੇਸ਼ ਤੇ ਸਮਾਜ ਲਈ ਖ਼ਤਰਨਾਕ : ਪ੍ਰੋ. ਜਗਮੋਹਨ ਸਿੰਘ

**ਲੁਧਿਆਣਾ (ਸਤੀਸ਼ ਸਚਦੇਵਾ)**-ਜਮਹੂਰੀ ਅਧਿਕਾਰ ਸਭਾ ਪੰਜਾਬ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਸਮੇਤ ਅਗਾਂਹ ਵਧੂ ਵਿਚਾਰਾਂ ਦੇ ਧਾਰਨੀ ਕਾਰਕੁੰਨਾਂ ਦੀ ਮੀਟਿੰਗ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਲੁਧਿਆਣਾ ਵਿਖੇ ਪ੍ਰੋ. ਜਗਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦਾ ਮੁੱਖ ਏਜੰਡਾ 'ਦੇਸ਼ ਵਿੱਚ ਵਧ ਰਿਹਾ ਧਾਰਮਿਕ ਕੱਟੜਵਾਦ ਤੇ ਹਕੂਮਤੀ ਸ਼ਹਿ ਹੇਠ ਪਨਪ ਰਿਹਾ ਭਗਵਾਂਕਰਨ' ਸੀ।ਇਸ ਮਸਲੇ ਦੇ ਸਬੰਧ ਵਿੱਚ ਚਰਚਾ ਕਰਦਿਆਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਮੌਜੂਦਾ ਹਾਲਤਾਂ ਦਾ ਜੇਕਰ ਆਜ਼ਾਦੀ ਦੀ ਲੜਾਈ ਦੇ ਸਮੇਂ ਨਾਲ ਮੁਲਾਂਕਣ ਕੀਤਾ ਜਾਵੇ ਤਾਂ ਅੰਗਰੇਜ਼ਾਂ ਨੇ ਵੀ ਲੋਕਾਂ ਦੀ ਧਾਰਮਿਕ ਕੱਟੜਤਾ ਨੂੰ ਨੀਤੀਗਤ ਨਿਰਣਿਆਂ ਰਾਹੀਂ ਅਪਣਾ ਰਾਜਭਾਗ ਹੋਰ ਲੰਮਾਂ ਕਰਨ ਹਿੱਤ ਵਰਤਿਆ।ਉਸ ਸਮੇਂ ਗਦਰ ਪਾਰਟੀ ਤੇ ਹੋਰ ਦੇਸ਼ ਭਗਤ ਚੇਤਨ ਲੋਕਾਂ ਨੇ ਸਮੂਹਕ ਤੌਰ 'ਤੇ ਲੋਕਾਂ ਨੂੰ ਚੇਤਨ ਕਰਨ ਲਈ ਧਰਮਾਂ ਦੇ ਵਖਰੇਵਿਆਂ ਨੂੰ ਰੱਦ ਕਰਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਇਕੱਠੇ ਹੋ ਕੇ ਲੜਾਈ ਲੜੀ।ਧਾਰਮਿਕ ਵਖਰੇਵਿਆਂ ਬਾਰੇ ਸਹਿਣਸ਼ੀਲਤਾ ਨੂੰ ਅਪਣਾਉਂਦੇ ਹੋਏ ਗਦਰ ਪਾਰਟੀ ਨੇ ਥੋੜ੍ਹੇ ਹੀ ਸਮੇਂ ਵਿੱਚ ਇੱਕ ਲਹਿਰ ਖੜ੍ਹੀ ਕੀਤੀ ਤੇ ਇਸ ਤੋਂ ਅੱਗੇ ਜਾ ਕੇ ਸਿੱਖਿਆ ਦੇ ਸਬੰਧ ਵਿੱਚ ਬਦਲਾਅ ਕਰਦੇ ਹੋਏ ਅਲੱਗ ਅਲੱਗ ਸਕੂਲ ਖੋਲ੍ਹੇ, ਤਾਂ ਕਿ ਲੋਕ ਅਜਿਹੀ ਸਿੱਖਿਆ ਪ੍ਰਾਪਤ ਕਰਨ, ਜੋ ਉਨ੍ਹਾਂ ਨੂੰ ਗਿਆਨ ਪੱਖੋਂ ਚੇਤਨ ਕਰੇ ਤੇ ਗੁਲਾਮੀ ਦਾ ਅਹਿਸਾਸ ਕਰਵਾ ਕੇ ਗੁਲਾਮੀ ਵਿਰੁੱਧ ਸੰਘਰਸ਼ ਕਰਨ ਤੇ ਸਾਂਝੀਵਾਲਤਾ ਵਾਲੇ ਰਾਜਪ੍ਰਬੰਧ ਦੀ ਸਥਾਪਤੀ ਲਈ ਤਿਆਰ ਕਰੇ।ਇਸ ਮੌਕੇ ਤਰਕਸ਼ੀਲ ਆਗੂ ਜਸਵੰਤ ਜੀਰਖ ਨੇ ਕਿਹਾ ਕਿ ਮੌਜੂਦਾ ਹਾਲਤਾਂ ਦੇਸ਼ ਤੇ ਸਮਾਜ ਲਈ ਬਹੁਤ ਖ਼ਤਰਨਾਕ ਹਾਲਤ ਵਿੱਚ ਪਹੁੰਚ



ਚੁੱਕੀਆਂ ਹਨ।ਸਰਕਾਰਾਂ ਵੀ ਧਰਮਾਂ ਦੀਆਂ ਵੰਡਾਂ ਨੂੰ ਇਨਸਾਨੀਅਤ ਵਿਰੁੱਧ ਵਰਤ ਕੇ ਫਿਰਕੂ ਨਫ਼ਰਤ ਫੈਲਾ ਰਹੀਆਂ ਹਨ, ਜਿਸ ਕਾਰਨ ਧਾਰਮਿਕ ਕੱਟੜਵਾਦ ਤਰ੍ਹਾਂ ਤਰ੍ਹਾਂ ਦੇ ਅੰਧਵਿਸ਼ਵਾਸ ਫੈਲਾਉਣ ਵੱਲ ਵਧ ਰਿਹਾ ਹੈ।ਇਸ ਕੱਟੜਵਾਦ ਦਾ ਹੀ ਇੱਕ ਰਸਤਾ ਫਾਸ਼ੀਵਾਦ ਵੱਲ ਵਧ ਰਿਹਾ ਹੈ, ਜੋ ਕਿ ਲੋਕ ਰਾਜ ਕਹੇ ਜਾਣ ਵਾਲੇ ਰਾਜ ਦਾ ਖ਼ਾਤਮਾ ਕਰਕੇ ਰਾਜਸ਼ਾਹੀ ਵੱਲ ਵਧ ਰਿਹਾ ਹੈ।ਦੂਜੇ ਪਾਸੇ ਸਰਕਾਰਾਂ ਵੱਲੋਂ ਲੋਕਾਂ ਦੀਆਂ ਮੁਢਲੀਆਂ ਜੀਵਨ ਲੋੜਾਂ ਤੇ ਸਮੱਸਿਆਵਾਂ ਵੱਲ ਧਿਆਨ ਦੇਣ ਦੀ ਥਾਂ ਹਰ ਸਮਾਂ ਧਾਰਮਿਕ ਰੰਗਤ ਦੇ ਕੇ ਉੱਪਰ ਵਾਲੇ ਦੇ ਭਰੋਸੇ ਛੱਡਣ ਨੂੰ ਮਹੱਤਤਾ ਦਿੱਤੀ ਜਾ ਰਹੀ ਹੈ।ਸਰਕਾਰੀ ਸਰਪ੍ਰਸਤੀ ਹੇਠ ਅਜਿਹੇ ਪ੍ਰਚਾਰਕ ਵਰਗ, ਸੁਆਮੀ, ਬਾਬਾ ਵਰਗ ਆਦਿ ਵੱਡੀ ਪੱਧਰ 'ਤੇ ਪੈਦਾ ਕੀਤੇ ਜਾ ਰਹੇ ਹਨ।ਹਰ ਸਰਕਾਰੀ ਮਹਿਕਮੇ ਦਾ ਨਿੱਜੀਕਰਨ ਕਰਕੇ ਆਪਣੇ ਮਿੱਤਰਾਂ ਅਤੇ ਕਾਰਪੋਰੇਟਾਂ ਦੀ ਝੋਲੀ ਪਾਇਆ ਜਾ ਰਿਹਾ ਹੈ, ਜਿਸ ਕਾਰਨ ਰੁਜ਼ਗਾਰ ਦੇ ਵਸੀਲੇ ਘਟਣ ਕਾਰਨ ਲੋਕਾਂ ਦੀ ਹਾਲਤ ਦਿਨੋ ਦਿਨ ਮਾੜੀ ਹੁੰਦੀ ਜਾ ਰਹੀ ਹੈ ਤੇ ਰੁਜ਼ਗਾਰ ਦੀ ਖਾਤਰ ਨੌਜਵਾਨ ਵਿਦੇਸ਼ਾਂ ਵੱਲ ਭੱਜ ਰਹੇ ਹਨ।ਇਸ ਸਮੇਂ ਇਹ ਵਿਚਾਰ ਉੱਭਰ ਕੇ ਆਇਆ ਕਿ ਸਮਾਜਿਕ ਸਹਿਣਸ਼ੀਲਤਾ ਅਤੇ ਵਿਗਿਆਨਕ ਚੇਤਨਾ ਫੈਲਾਉਣ ਬਹੁਤ ਜ਼ਰੂਰੀ ਹੈ ਤਾਂ ਕਿ ਭਾਈਚਾਰਕ ਸਾਂਝ ਬਣੀਆਂ ਰਹਿਣ ਦੇ ਨਾਲ ਨਾਲ ਲੋਕ ਵਿਸ਼ਵਾਸ ਤੇ ਅੰਧ ਵਿਸ਼ਵਾਸ ਵਿੱਚ ਫਰਕ ਸਮਝ ਸਕਣ।ਇਹ ਕੰਮ ਵਿਗਿਆਨਿਕ ਤੇ ਜਮਹੂਰੀ ਚੇਤਨਾ ਫੈਲਾਉਣ ਦੀ ਜ਼ਿੰਮੇਵਾਰੀ ਨਿਭਾਅ ਰਹੀਆਂ ਜਥੇਬੰਦੀਆਂ ਨੂੰ ਹੋਰ ਵੱਧ ਸ਼ਿੱਦਤ ਨਾਲ ਅੱਗੇ ਵਧਾਉਣ ਦੀ ਲੋੜ ਮਹਿਸੂਸ ਕਰਦਿਆਂ ਅਗਲਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੀਟਿੰਗ ਵਿੱਚ ਉਪਰੋਕਤ ਦੇ ਇਲਾਵਾ ਡਾ. ਹਰਬੰਸ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਹਰਚੰਦ ਭਿੰਡਰ, ਕਰਤਾਰ ਸਿੰਘ ਵੀਰਾਨ, ਅਜਮੇਰ ਦਾਖਾ ਕਸਤੂਰੀ ਲਾਲ, ਡਾ. ਸੋਹਨ ਸਿੰਘ, ਬਲਵਿੰਦਰ ਸਿੰਘ, ਰਾਕੇਸ਼ ਅਜ਼ਾਦ, ਪ੍ਰਤਾਪ ਕੁਮਾਰ, ਕਰਤਾਰ ਸਿੰਘ, ਡਾ. ਵਿਨੋਦ ਵਸ਼ਿਸ਼ਟ ਤੇ ਕਰਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

## ਕੌਂਸਲਰਾਂ ਦੇ ਦੂਸਰੇ ਧੜੇ ਨੇ ਚੋਣ ਦਾ ਕੀਤਾ ਬਾਈਕਾਟ, ਚਾਰ ਕੌਂਸਲਰਾਂ ਨੂੰ ਦਿਖਾਇਆ ਪਾਰਟੀ ਤੋਂ ਬਾਹਰ ਦਾ ਰਸਤਾ

**ਜਗਰਾਉਂ, (ਸੰਜੀਵ ਅਰੋੜਾ)**-ਕਾਂਗਰਸੀਆਂ (ਕੌਂਸਲਰਾਂ) ਦੇ ਦੂਸਰੇ ਧੜੇ ਨੇ ਚੋਣ ਦਾ ਬਾਈਕਾਟ ਕੀਤਾ। ਇਸ ਮੌਕੇ ਉਹਨਾਂ ਵੱਲੋਂ ਇੱਕ ਮੀਟਿੰਗ ਰੱਖੀ ਗਈ, ਜਿਸ ਵਿੱਚ ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ, ਸਾਬਕਾ ਪ੍ਰਧਾਨ ਸੋਨੀ ਗਾਲਿਬ, ਸੁਖਵਿੰਦਰ ਸਿੰਘ ਸਿੱਧੂ, ਬਲਾਕ ਸਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਨਗਰ ਕੌਂਸਲ ਸਾਬਕਾ ਪ੍ਰਧਾਨ ਜਤਿੰਦਰਪਾਲ ਸਿੰਘ ਰਾਣਾ, ਕੌਂਸਲਰ ਹਿਮਾਂਸ਼ੂ ਮਾਲਿਕ, ਕੌਂਸਲਰ ਅਮਨ ਕਪੂਰ ਬੌਬੀ, ਕੌਂਸਲਰ ਰਮੇਸ਼ ਸਿੰਘ ਮੇਸ਼ੀ ਸਹੋਤਾ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਜਰਨੈਲ ਸਿੰਘ ਲੋਹਟ, ਕੌਂਸਲਰ ਕਵਿਤਾ ਕੱਕੜ, ਕੌਂਸਲਰ ਗੁਰਪ੍ਰੀਤ ਕੌਰ ਤਤਲਾ, ਕੌਂਸਲਰ ਸੁਖਦੇਵ ਕੌਰ, ਕੌਂਸਲਰ ਡਿੰਪਲ ਗੋਇਲ, ਕੌਂਸਲਰ ਰਵਿੰਦਰ ਪਾਲ ਰਾਜੂ, ਅੰਕੁਸ਼ ਧੀਰ, ਰਣਜੀਤ ਕੌਰ ਕੁੱਲ 13 ਕੌਂਸਲਰ ਮੌਜੂਦ ਸਨ। ਸਾਬਕਾ ਵਿਧਾਇਕ ਜਗਤਾਰ ਸਿੰਘ ਜੱਗਾ ਹਿੱਸੋਵਾਲ ਤੇ ਸੋਨੀ ਗਾਲਿਬ ਨੇ ਕਿਹਾ ਕਿ ਇਹ ਚੋਣ ਲੋਕਤੰਤਰ ਦਾ ਘਾਣ ਹੈ।

ਉਹਨਾਂ ਕਿਹਾ ਕਿ ਸਾਡੇ ਕੋਲ 13 ਕੌਂਸਲਰ ਹਨ ਅਤੇ ਬਹੁਮਤ ਸਾਡੇ ਕੋਲ ਹੈ, ਪਰ ਇਸ ਦੇ ਬਾਵਜੂਦ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਨੂੰ ਕਿਵੇਂ ਚੁਣਿਆ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਵੱਲੋਂ ਕੀਤਾ ਗਿਆ ਸਾਰਾਸਰ ਇਹ ਧੱਕਾ ਹੈ। ਉਹਨਾਂ ਕਿਹਾ ਕਿ ਪ੍ਰਧਾਨ ਜਤਿੰਦਰ ਪਾਲ ਸਿੰਘ ਰਾਣਾ ਨੂੰ ਵੀ ਧੱਕੇ ਨਾਲ ਹੀ ਕੁਰਸੀ ਤੋਂ ਲਾਹਿਆ ਗਿਆ ਹੈ। ਉਹਨਾਂ ਕਿਹਾ ਕਿ ਜੋ ਕੌਂਸਲਰ ਕਾਂਗਰਸ ਤੋਂ ਬਾਗੀ ਹੋਏ ਹਨ ਜਿਵੇਂ ਪਰਮਿੰਦਰ ਕੌਰ ਕਲਿਆਣ, ਫੀਨਾ ਸੱਭਰਵਾਲ, ਰਾਜ ਭਾਰਦਵਾਜ, ਰਾਜੂ ਠੁਕਰਾਲ ਨੂੰ ਪਾਰਟੀ ਚੋਂ ਹਮੇਸ਼ਾ ਲਈ ਕੱਢ ਦਿੱਤਾ ਗਿਆ ਹੈ।

## ਜਾਤੀਵਾਦ ਨੂੰ ਖਤਮ ਕਰਨ ਲਈ ਸਮਾਜ 'ਚ ਮਾਨਸਿਕ ਤਬਦੀਲੀ ਲਿਆਉਣਾ ਜ਼ਰੂਰੀ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਸ੍ਰੀ ਮੋਹਨ ਭਾਗਵਤ ਵੱਲੋਂ ਜਾਤੀਵਾਦ ਦੇ ਖਾਤਮੇ ਸਬੰਧੀ ਦਿੱਤੇ ਬਿਆਨ ਦਾ ਪੂਰਾ ਸਮਰਥਨ ਕਰਦਿਆਂ ਕਿਹਾ ਕਿ ਸਮਾਜ ਵਿੱਚੋਂ ਜਾਤੀਵਾਦ ਦੀਆਂ ਜੜ੍ਹਾਂ ਨੂੰ ਖਤਮ ਕਰਨ ਲਈ ਪਹਿਲਾਂ ਲੋਕਾਂ ਦੀ ਮਾਨਸਿਕਤਾ ਨੂੰ ਬਦਲਣਾ ਜ਼ਰੂਰੀ ਹੈ।

ਡਾ. ਹਰਜੋਤ ਕਮਲ ਨੇ ਕਿਹਾ ਕਿ ਮੋਹਨ ਭਾਗਵਤ ਦਾ ਬਿਆਨ ਅੱਜ ਦੇ ਸਮਾਜ ਲਈ ਬਹੁਤ ਹੀ ਢੁੱਕਵਾਂ ਤੇ ਮਾਰਗਦਰਸ਼ਕ ਹੈ।ਜੇਕਰ ਜਾਤੀਵਾਦ ਦੇ ਭੇਦਭਾਵ ਨੂੰ ਖਤਮ ਕਰਨਾ ਹੈ, ਤਾਂ ਹਰ ਵਿਅਕਤੀ ਨੂੰ ਆਪਣੇ ਮਨਾਂ ਵਿੱਚੋਂ ਜਾਤੀਵਾਦ ਦੀ ਤੰਗੀ ਨੂੰ ਦੂਰ ਕਰਨਾ ਪਵੇਗਾ।ਇਹ ਤਬਦੀਲੀ ਸਿਰਫ਼ ਕਾਨੂੰਨਾਂ ਜਾਂ ਨੀਤੀਆਂ ਰਾਹੀਂ ਹੀ ਨਹੀਂ, ਸਗੋਂ ਸਮਾਜਿਕ ਜਾਗਰੂਕਤਾ ਤੇ ਆਤਮ-ਨਿਰੀਖਣ ਰਾਹੀਂ ਵੀ ਸੰਭਵ ਹੈ।ਉਨ੍ਹਾਂ ਕਿਹਾ ਕਿ ਭਾਰਤੀ ਸੱਭਿਆਚਾਰ ਨੇ ਹਮੇਸ਼ਾ ਨਿਸਵਾਰਥ ਸੇਵਾ ਤੇ ਮਨੁੱਖਤਾ ਨੂੰ ਤਰਜੀਹ ਦਿੱਤੀ ਹੈ।ਬਦਕਿਸਮਤੀ ਨਾਲ, ਸਮੇਂ ਦੇ ਨਾਲ, ਜਾਤ ਸਮਾਜ ਵਿੱਚ ਵੰਡ ਦਾ ਕਾਰਨ ਬਣ ਗਈ ਹੈ ਅਤੇ ਹੁਣ ਇਸ ਨੂੰ ਖਤਮ ਕਰਨਾ ਸਾਡੀ ਸਮੂਹਕ ਜ਼ਿੰਮੇਵਾਰੀ ਹੈ।ਡਾ. ਹਰਜੋਤ ਕਮਲ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਜੇਕਰ ਸਮਾਜ ਇਸ ਦਿਸ਼ਾ ਵਿੱਚ ਇਮਾਨਦਾਰੀ ਨਾਲ ਯਤਨ ਕਰੇ ਤਾਂ ਆਉਣ ਵਾਲੇ ਸਾਲਾਂ ਵਿੱਚ ਜਾਤੀਵਾਦ ਦੀ ਬੁਰਾਈ ਨੂੰ ਖਤਮ ਕੀਤਾ ਜਾ ਸਕਦਾ ਹੈ।ਭਾਜਪਾ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੋਵੇਂ ਸਦਭਾਵਨਾ, ਏਕਤਾ ਤੇ ਸਮਾਜਿਕ ਸਮਾਨਤਾ ਦੇ ਸਿਧਾਂਤਾਂ 'ਤੇ ਕੰਮ ਕਰ ਰਹੇ ਹਨ।ਉਨ੍ਹਾਂ ਸਮਾਜ ਦੇ ਸਾਰੇ ਵਰਗਾਂ ਨੂੰ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

### PUBLIC NOTICE

It is hereby notified that I, Navjot Kaur, daughter of S. Vikramjeet Singh / Satvinder Kaur, resident of H.No. 148, Pritam Nagar, Sita Ram Mandir, 100 Ft. Road, Amritsar, have lost my original Punjab School Education Board (Marksheet/ Passing Certificate) of Class X, Roll No. 1021314281, Year of Passing 2021, issued by the Punjab School Education Board (PSEB).

If anyone find the same, kindly contact me at Mobile No. +91-7696175202 / Email - navjotkaurk20@gmail.com or return to my above address.

I am applying to PSEB for the second copy of certificate.

Navjot Kaur
Contact : +91-7696175202

### PUBLIC NOTICE

It is hereby notified that I, Komaldeep Kaur, daughter of S. Harjit Singh / Kulbir Kaur, resident of H.No. 148, Pritam Nagar, Gali No. 3, 100 Ft. Road, Amritsar, have lost my original Punjab School Education Board (Marksheet/ Passing Certificate) of Class X, Roll No. 1021321798, Year of Passing 2021, issued by the Punjab School Education Board (PSEB).

If anyone find the same, kindly contact me at Mobile No. +91-7087987102 / Email - navjotkaurk20@gmail.com or return to my above address.

I am applying to PSEB for the second copy of certificate.

Komaldeep Kaur, Contact : +91-7087987102

### PUBLIC NOTICE

We are Lakhwinder Singh son of S. Swarn Singh son of S. Lal Singh and Inderpreet Kaur wife of S. Lakhwinder Singh son of S. Swarn Singh Resident of Basti Sheikh Jalandhar currently resident both of - 147 Mohalla Atisbaja Gaushala Road Phagwara Tehsil Phagwara.- Do hereby revoke the Power given by we to Ramesh Kumar Lama son of late Shri Makhan Lal Lama son of Pandit Arjan Das Lama resident of G. H. 8/64 Paschim Vihar New Delhi-110087 in the general power of attorney on dated 16/04/2013

### ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : ਹਰਮੇਸ਼ ਕੌਰ ਪਿਤਾ/ਪਤੀ ਦਾ ਨਾਮ : ਮੱਖਣ ਸਿੰਘ
ਪਤਾ: Village Rajab distt Jalandhar, Village-Rajab/ Tehsil - Sub-Tehsil-Kartarpur / District - Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਕਮਲਜੀਤ ਕੌਰ ਪੱਕਾ ਪਤਾ: Village Rajab distt Jalandhar, Rajab, Kartarpur, Jalandhar, Punjab ਵਿਦੇਸ਼ੀ ਪਤਾ:Altenaer Str 2 58675 Hemer Germany/ ਅਲਟੇਨਾਇਰ ਸਟਰਾਸੇ 2 58675 ਹੈਮਰ ਜਰਮਨੀ।
ਉਮਰ/ਜਨਮ ਮਿਤੀ : 34-(01/06/1991)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫ਼ਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 20-01-2026 ਨੂੰ ਜਾਰੀ ਹੋਇਆ।
ਨੰਬਰ 01/ਨੰਬਰ/ਰੀਡਰ ਮਤੀ 20.01.2026 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

### ਪਬਲਿਕ ਨੋਟਿਸ

ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਜਾਂਦਾ ਹੈ ਕਿ ਸ੍ਰੀਮਤੀ ਸੁਸ਼ੀਲਾ ਪਤਨੀ ਸ੍ਰੀ ਰਾਜ ਕੁਮਾਰ ਵਾਸੀ ਵਾਰਡ ਨੰਬਰ 5 ਮੁਹੱਲਾ ਸਰਾਂਈ ਪਠਾਨਕੋਟ ਨੇ ਦਰਖਾਸਤ ਦਿੱਤੀ ਹੈ ਕਿ ਉਸ ਨੇ ਅਤੇ ਉਸ ਦੇ ਪਤੀ (ਸੁਸ਼ੀਲਾ ਪਤਨੀ ਰਾਜ ਕੁਮਾਰ-ਵਾ-ਰਾਜ ਕੁਮਾਰ ਪੁੱਤਰ ਕਸਤੂਰੀ ਲਾਲ) ਨੇ ਪ੍ਰਾਪਰਟੀ ਰਕਬਾ 2-1/4 ਤਕਰੀਬਨ ਮੇਹ ਮਕਾਨ ਨੰਬਰ, 1045 ਉਸ ਦੇ ਮਾਲਕ ਅਸ਼ੋਕ ਕੁਮਾਰ ਪੁੱਤਰ ਸ੍ਰੀ ਬਿਹਾਰੀ ਲਾਲ ਪਾਸੋਂ ਬਜਰੀਆ ਰਜਿਸਟਰੀ ਵਸੀਕਾ ਨੰ. 4938 ਮਿਤੀ 06.01.2004 ਨੂੰ ਹਿੱਸਾ ਬਰਾਬਰ ਖਰੀਦ ਕੀਤੀ ਸੀ। ਅਸ਼ੋਕ ਕੁਮਾਰ ਪੁੱਤਰ ਬਿਹਾਰੀ ਲਾਲ ਨੇ ਇਹ ਪ੍ਰਾਪਰਟੀ ਬੂਟੀ ਰਾਮ ਪੁੱਤਰ ਸ੍ਰੀ ਕੇਸਰ ਰਾਮ ਪਾਸੋਂ ਬਜਰੀਆ ਰਜਿਸਟਰੀ ਵਸੀਕਾ ਨੰਬਰ 2559 ਮਿਤੀ 25.08.2003 ਮਕਾਨ ਰਕਬਾ 5 ਮਰਲੇ ਖਰੀਦ ਕੀਤੀ ਸੀ। ਨਗਰ ਨਿਗਮ ਪਠਾਨਕੋਟ ਦੇ ਰਿਕਾਰਡ ਵਿੱਚ ਉਕਤ ਮਕਾਨ ਪ੍ਰਾਪਰਟੀ ਨੰਬਰ ਬ-35/204 ਮਕਾਨ ਰਕਬਾ 4 ਮਰਲੇ ਬੂਟੀ ਰਾਮ ਪੁੱਤਰ ਸ੍ਰੀ ਕੇਸਰ ਦਾਸ ਦੇ ਨਾਮ 'ਤੇ ਦਰਜ ਹੈ ਜਿਸ ਵਿੱਚੋਂ ਉਨ੍ਹਾਂ ਨੇ ਰਕਬਾ 2-1/4 ਤਕਰੀਬਨ ਮੇਹ ਮਕਾਨ ਖਰੀਦ ਕੀਤਾ ਸੀ। ਉਸ ਦੇ ਪਤੀ ਰਾਜ ਕੁਮਾਰ ਪੁੱਤਰ ਸ੍ਰੀ ਕਸਤੂਰੀ ਲਾਲ ਦੀ ਮੌਤ ਮਿਤੀ 29.04.2010 ਨੂੰ ਹੋ ਚੁੱਕੀ ਹੈ। ਉਸ ਦੇ ਪਤੀ ਦੀ ਮੌਤ ਤੋਂ ਬਾਅਦ ਸੁਸ਼ੀਲਾ (ਪਤਨੀ), ਮੀਨੂੰ (ਪੁੱਤਰੀ), ਸੁਮਨ (ਪੁੱਤਰੀ), ਮੁਨੀਸ਼ ਕੁਮਾਰ (ਪੁੱਤਰ) ਵਾਰਸਾਨ ਸ੍ਰੀ ਰਾਜ ਕੁਮਾਰ ਦੇ ਵਾਰਸ ਹਨ। ਉਕਤ ਵਾਰਸਾਂ ਵਿੱਚ ਉਸ ਦੀਆਂ ਪੁੱਤਰੀਆਂ ਮੀਨੂੰ, ਸੁਮਨ, ਅਤੇ ਪੁੱਤਰ ਮੁਨੀਸ਼ ਕੁਮਾਰ ਨੇ ਉਕਤ ਪ੍ਰਾਪਰਟੀ ਵਿੱਚੋਂ ਆਪਣੇ ਪਿਤਾ ਦੇ ਬਣਦੇ ਹਿੱਸੇ ਵਿੱਚ ਆਪਣਾ-ਆਪਣਾ ਹਿੱਸਾ ਹਲਫੀਆ ਬਿਆਨ ਰਾਹੀਂ ਆਪਣੀ ਮਾਤਾ ਸੁਸ਼ੀਲਾ ਪਤਨੀ ਰਾਜ ਕੁਮਾਰ ਦੇ ਹਕ ਵਿੱਚ ਛੱਡ ਦਿੱਤਾ ਹੈ ਅਤੇ ਲਿਖ ਦਿੱਤਾ ਹੈ ਕਿ ਜੇਕਰ ਉਨ੍ਹਾਂ ਦੀ ਮਾਤਾ ਉਕਤ ਪ੍ਰਾਪਰਟੀ ਨੂੰ ਬੈ ਕਰੇ, ਰਹਿਣ ਰਖੇ ਜਾਂ ਇਸ ਦਾ ਅੰਦਰਾਜ਼ ਨਗਰ ਨਿਗਮ, ਪਠਾਨਕੋਟ ਦੇ ਰਿਕਾਰਡ ਵਿੱਚ ਆਪਣੇ ਨਾਮ 'ਤੇ ਤਬਦੀਲ ਕਰਵਾਏ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਹ ਬਾਅਦ ਵਿੱਚ ਉਕਤ ਪ੍ਰਾਪਰਟੀ ਬਾਬਤ ਕੋਈ ਕਲੇਮ ਨਹੀਂ ਕਰਨਗੇ। ਪ੍ਰਾਰਥੀ ਨੇ ਹਲਫੀਆ ਬਿਆਨ ਵੀ ਕੀਤਾ ਹੈ ਕਿ ਉਕਤ ਤੋਂ ਇਲਾਵਾ ਹੋਰ ਕੋਈ ਵਾਰਸ ਨਹੀਂ ਹੈ ਜੇਕਰ ਕੋਈ ਹੋਰ ਵਾਰਸ ਸਾਬਤ ਹੋਵੇਗਾ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗੀ ਅਤੇ ਉਕਤ ਪ੍ਰਾਪਰਟੀ ਬਾਬਤ ਕੋਈ ਝਗੜਾ ਕੋਰਟ ਕੇਸ ਨਹੀਂ ਹੈ ਅਤੇ ਇਸ 'ਤੇ ਕਬਜ਼ਾ ਵੀ ਉਸ ਦਾ ਹੈ। ਜੇਕਰ ਕੋਈ ਝਗੜਾ ਜਾਂ ਕੋਰਟ ਕੇਸ ਸਾਬਤ ਹੋਵੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗੀ। ਇਸ ਲਈ ਉਕਤ ਪ੍ਰਾਪਰਟੀ ਨੰਬਰ ਬ-35/204 ਰਕਬਾ 4 ਮਰਲੇ ਮੇਹ ਮਕਾਨ ਵਾਕਿਆ ਮੁਹੱਲਾ ਸਰਾਈ ਪਠਾਨਕੋਟ ਵਿੱਚੋਂ ਰਕਬਾ 2-1/4 ਦਾ ਅੰਦਰਾਜ਼ ਨਗਰ ਨਿਗਮ ਪਠਾਨਕੋਟ ਦੇ ਰਿਕਾਰਡ ਵਿੱਚ ਰਜਿਸਟਰੀ ਮੁਤਾਬਕ ਉਸ ਦੇ ਨਾਮ 'ਤੇ ਦਰਜ ਕੀਤਾ ਜਾਵੇ। ਨਗਰ ਨਿਗਮ ਦੇ ਰਿਕਾਰਡ ਵਿੱਚ ਉਕਤ ਪ੍ਰਾਪਰਟੀ ਬ-35/204 ਮਕਾਨ 4 ਮਰਲੇ ਵਾਕਿਆ ਮੁਹੱਲਾ ਸਰਾਂਈ ਜੋ ਕਿ ਸ੍ਰੀ ਬੂਟੀ ਰਾਮ ਪੁੱਤਰ ਸ੍ਰੀ ਕੇਸਰ ਦਾਸ ਦੇ ਨਾਮ 'ਤੇ ਦਰਜ ਹੈ। ਹਲਫੀਆ ਬਿਆਨ ਅਤੇ ਰਜਿਸਟਰੀ ਮੁਤਾਬਕ ਉਕਤ ਪ੍ਰਾਪਰਟੀ ਦੇ ਅੰਦਰਾਜ਼ ਦੀ ਤਬਦੀਲੀ ਸੰਬੰਧੀ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ ਤਾਂ ਇਸ ਨੋਟਿਸ ਦੇ ਅਖਬਾਰ ਵਿੱਚ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਲਿਖਤੀ ਇਤਰਾਜ ਦਫ਼ਤਰ ਨਗਰ ਨਿਗਮ, ਪਠਾਨਕੋਟ ਵਿੱਚ ਪੇਸ਼ ਕਰੇ। ਮਿੱਥੇ ਸਮੇਂ ਤੋਂ ਬਾਅਦ ਵਿੱਚ ਆਏ ਇਤਰਾਜ 'ਤੇ ਗੌਰ ਨਹੀਂ ਕੀਤਾ ਜਾਵੇਗਾ। ਸਮਾਂ ਬੀਤ ਜਾਣ ਤੋਂ ਬਾਅਦ ਉਕਤ ਪ੍ਰਾਪਰਟੀ ਨੰਬਰ ਬ-35/204 ਦੇ ਅੰਦਰਾਜ ਵਿੱਚ ਰਜਿਸਟਰੀ ਮੁਤਾਬਕ ਰਕਬੇ ਦੀ ਦਰੁਸਤੀ 5 ਮਰਲੇ ਕਰਨ ਉਪਰੰਤ ਰਕਬਾ 2-1/4 ਮਰਲੇ ਦਾ ਅੰਦਰਾਜ਼ ਰਜਿਸਟਰੀ ਅਤੇ ਹਲਫੀਆ ਬਿਆਨ ਮੁਤਾਬਕ ਕੇਵਲ ਟੈਕਸ ਮੰਤਵ ਲਈ ਸ੍ਰੀ ਬੂਟੀ ਰਾਮ ਪੁੱਤਰ ਸ੍ਰੀ ਕੇਸਰ ਦਾਸ ਦੇ ਨਾਮ ਤੋਂ ਸ੍ਰੀਮਤੀ ਸੁਸ਼ੀਲਾ ਪਤਨੀ ਸ੍ਰੀ ਰਾਜ ਕੁਮਾਰ ਦੇ ਨਾਮ 'ਤੇ ਤਬਦੀਲ ਕਰ ਦਿੱਤਾ ਜਾਵੇਗਾ।
(ਨੰ: 201, ਮਿਤੀ : 16.1.2026) ਸੁਪਰਡੈਂਟ, ਹਾਊਸ ਟੈਕਸ, ਨਗਰ ਨਿਗਮ, ਪਠਾਨਕੋਟ

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਬ ਰਜਿਸਟਰਾਰ, ਮਾਨਸਾ

ਵਿਸ਼ਾ: ਮੁਤਵਫੀ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਤਾਮਕੋਟ ਤਹਿਸੀਲ-ਬ-ਜ਼ਿਲ੍ਹਾ ਮਾਨਸਾ ਵੱਲੋਂ ਲਿਖੀ ਖਾਨਗੀ ਵਸੀਅਤ ਮਿਤੀ 09.12.2023 ਨੂੰ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ ਆਮ ਜਨਤਾ

ਮਨਜੀਤ ਸਿੰਘ ਪੁੱਤਰ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਤਾਮਕੋਟ ਤਹਿਸੀਲ ਵਾ ਜ਼ਿਲ੍ਹਾ ਮਾਨਸਾ ਨੇ ਇਕ ਦਰਖਾਸਤ ਮਿਤੀ 17.11.2025 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਵਿਸ਼ਾ ਅਧੀਨ ਮੁਤਵਫੀ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਤਾਮਕੋਟ ਤਹਿਸੀਲ ਵ ਜ਼ਿਲ੍ਹਾ ਮਾਨਸਾ ਵੱਲੋਂ ਉਸ ਦੇ ਹੱਕ ਵਿੱਚ ਜਾਇਦਾਦ ਸੰਬੰਧੀ ਲਿਖੀ ਗਈ ਵਸੀਅਤ ਖਾਨਗੀ ਮਿਤੀ 09.12.2023 ਨੂੰ ਰਜਿਸਟਰਡ ਕੀਤਾ ਜਾਵੇ। ਮੁਤਫਵੀ ਦੇ ਅਨੁਸਾਰ ਉਨ੍ਹਾਂ ਦੇ ਫੌਤ ਹੋ ਜਾਣ ਤੋਂ ਬਾਅਦ ਉਨ੍ਹਾਂ ਦੀ ਕੁੱਲ ਜਾਇਦਾਦ ਜਿਥੇ ਕਿਤੇ ਵੀ ਉਹ ਛੱਡ ਕੇ ਮਰੇ, ਉਸ ਦੇ ਮਰਨ ਤੋਂ ਬਾਅਦ ਉਸ ਦਾ ਮਾਲਕ ਉਸ ਦਾ ਪੁੱਤਰ ਮਨਜੀਤ ਸਿੰਘ ਹੋਵੇਗਾ।

ਮੁਤਾਬਕ ਖਾਨਗੀ ਵਸੀਅਤ ਮੁਤਵਫੀ ਦੇ 1 ਲੜਕਾ ਅਤੇ 2 ਲੜਕੀਆਂ ਹਨ। ਮੁਤਵਫੀ ਦੇ ਅਨੁਸਾਰ ਉਸ ਨੇ ਆਪਣੀਆਂ ਲੜਕੀਆਂ ਦੀ ਸ਼ਾਦੀ ਕਰ ਦਿੱਤੀ ਹੈ ਜੋ ਕਿ ਆਪਣੇ ਘਰ ਵਿੱਚ ਸੁਖੀ ਹਨ, ਜਿਸ ਦਾ ਉਸ ਦੀ ਜਾਇਦਾਦ ਵਿੱਚ ਹੁਣ ਹੋਰ ਕੋਈ ਹੱਕੀ ਜੱਦੀ ਤਾਲੁਕ ਵਾਸਤਾ ਨਹੀਂ ਹੈ। ਪਤਨੀ ਪਾਸ ਕਾਫ਼ੀ ਨਕਦੀ ਤੇ ਜ਼ੇਵਰਾਤ ਹਨ ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰ ਸਕਦੀ ਹੈ। ਉਨ੍ਹਾਂ ਦੀ ਲਿਖਤ ਦੇ ਅਨੁਸਾਰ ਉਨ੍ਹਾਂ ਦਾ ਪੁੱਤਰ ਹੀ ਉਨ੍ਹਾਂ ਦੀ ਜਾਇਦਾਦ ਤੇ ਮਾਲਕ ਵਾ ਕਾਬਜ ਹੋਣਗੇ। ਮਨਜੀਤ ਸਿੰਘ ਵੱਲੋਂ ਪੇਸ਼ ਕੀਤੇ ਗਏ ਮੌਤ ਸਰਟੀਫਿਕੇਟ ਦੇ ਅਨੁਸਾਰ ਅਜੈਬ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਤਾਮਕੋਟ, ਮਾਨਸਾ ਦੀ ਮੌਤ ਮਿਤੀ 10.12.2023 ਨੂੰ ਹੋ ਚੁੱਕੀ ਹੈ।

ਲਿਹਾਜਾ ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਵਿਸ਼ਾ ਅਧੀਨ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਅਖਬਾਰ ਵਿੱਚ ਛਪਣ ਤੋਂ 20 ਦਿਨਾਂ ਦੇ ਅੰਦਰ-ਅੰਦਰ ਇਸ ਅਦਾਲਤ ਵਿੱਚ ਖੁਦ ਪੇਸ਼ ਹੋ ਕੇ ਅਸਾਲਤਨ ਜਾਂ ਵਕਾਲਤਨ ਦੇ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਪ੍ਰਾਪਤ ਹੋਏ ਕਿਸੇ ਵੀ ਇਤਰਾਜ਼ ਪਰ ਕੋਈ ਗੌਰ ਨਹੀਂ ਕੀਤੀ ਜਾਵੇਗੀ।

ਇਹ ਨੋਟਿਸ ਅੱਜ ਮਿਤੀ 20.01.2026 ਨੂੰ ਇਸ ਅਦਾਲਤ ਦੀ ਮੋਹਰ ਵਾ ਦਸਤਖਤਾਂ ਹੇਠ ਜਾਰੀ ਹੋਇਆ।
(ਮਿਤੀ : 20.01.26, ਪਿ.ਅੰ.ਨੰ. 32-32/ਆਰ.ਸੀ.) ਸਬ ਰਜਿਸਟਰਾਰ, ਮਾਨਸਾ।

### STATE BANK OF INDIA
Retail Assets Central Processing Centre, 1st Floor, Above Main Branch, Civil Lines, Jalandhar

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੇ ਉਨ੍ਹਾਂ ਵੱਲੋਂ ਬੈਂਕ ਕੋਲੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੇ ਮੂਲ ਅਤੇ ਵਿਆਜ ਦੀ ਮੁੜ ਅਦਾਇਗੀ 'ਚ ਨਾਕਾਮੀ ਦਿਖਾਈ ਹੈ ਅਤੇ ਉਕਤ ਸਹੂਲਤਾਂ ਨਾਨ ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੀਆਂ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ, ਕਰਜ਼ਦਾਰਾਂ ਤੇ ਗਰੰਟਰਾਂ ਨੂੰ ਸਪੀਡ ਪੋਸਟ ਰਾਹੀਂ ਭੇਜੇ ਪੱਤਰ ਬਿਨ੍ਹਾਂ ਤਾਮੀਲ ਵਾਪਿਸ ਆ ਗਏ ਹਨ, ਅਜਿਹੇ 'ਚ ਨੋਟਿਸ ਨਾ ਮਿਲਣ/ਡਿਮਾਂਡ ਨੋਟਿਸ ਦੀ ਅਗਿਆਨਤਾ ਬਾਰੇ ਕਿਸੇ ਵੀ ਭਵਿੱਖੀ ਦਾਅਵੇ ਨੂੰ ਰੱਦ ਕਰਨ ਲਈ ਇਸ ਪ੍ਰਕਾਸ਼ਨਾ ਨੂੰ ਕਰਜ਼ਦਾਰਾਂ/ਗਰੰਟਰਾਂ ਤੇ ਆਮ ਲੋਕਾਂ ਲਈ ਇਕ ਜਨਤਕ ਨੋਟਿਸ ਸਮਝਿਆ ਜਾਵੇ। ਅਜਿਹੇ 'ਚ 'ਚ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾਂਦੀ ਹੈ।

| ਕਰਜ਼ਦਾਰ ਦਾ ਨਾਂਅ | ਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ੍ਰੀ ਬਲਜਿੰਦਰ ਸਿੰਘ ਪੁੱਤਰ ਸ੍ਰੀ ਕਸ਼ਮੀਰ ਸਿੰਘ ਪਿੰਡ ਘਰਿਆਲਾ, ਤਰਨ ਤਾਰਨ 143416 | ਜਾਇਦਾਦ : ਇੱਕ ਕਾਰ ਹੁੰਡਾਈ ਕਰੇਟਾ 1.5 ਸੀ ਆਰ ਡੀ ਆਈ ਐੱਮ ਟੀ ਐੱਸ + ਐੱਸ ਈ, ਰਜਿਸਟ੍ਰੇਸ਼ਨ ਨੰ. ਪੀ ਬੀ-38-ਈ-4036, ਚੈਸੀ ਨੰ. ਐੱਮ ਏ ਐੱਲ ਪੀ ਬੀ 813 ਐੱਲ ਪੀ ਐੱਮ 560927 ਅਤੇ ਇੰਜਣ ਨੰ. ਡੀ 4 ਐੱਫ ਏ ਪੀ ਐੱਮ 958555 ਰੰਗ ਐਟਲਸ ਵ੍ਹਾਈਟ | 01.01.2026 | 14.10.2025 | ਰੁਪਏ 11,94,996/- (ਗਿਆਰਾਂ ਲੱਖ ਚਰਾਨਵੇਂ ਹਜ਼ਾਰ ਨੌਂ ਸੌ ਛਿਆਨਵੇਂ ਰੁਪਏ ਕੇਵਲ) 31.12.2025 ਤੱਕ ਸਮੇਤ ਭਵਿੱਖੀ ਵਿਆਜ ਤੇ ਹੋਰ ਚਾਰਜਿਜ਼ ਜੋ ਵੀ ਹੋਣ ਤੇ ਘੱਟ ਵਸੂਲੀ ਜੇ ਕੋਈ ਹੋਵੇ |

ਬਦਲਵੀ ਨੋਟਿਸ ਸੇਵਾ ਵਾਸਤੇ ਕਦਮ ਉਠਾਏ ਜਾ ਰਹੇ ਹਨ, ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ (ਜਿੱਥੇ ਵੀ ਲਾਗੂ ਹੋਵੇ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰਨ ਦਾ ਸੱਦਾ ਦਿੱਤਾ ਗਿਆ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ ਦੇ ਬਾਅਦ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਤਹਿਤ ਅਗਲੇ ਕਦਮ ਉਠਾਏ ਜਾਣਗੇ। ਕਰਜ਼ਦਾਰਾਂ/ਗਰੰਟਰਾਂ ਨੂੰ ਸੰਬੰਧਤ ਬਰਾਂਚ ਤੋਂ ਨੋਟਿਸ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 20.01.2026 ਸਥਾਨ : ਜਲੰਧਰ ਅਧਿਕਾਰਤ ਅਫਸਰ

### Capital Small Finance Bank

**Capital Small Finance Bank Limited**
**H.O: MIDAS Corporate Park, 3rd Floor, 37 G.T. Road, Jalandhar City**

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13(2) ਅਧੀਨ ਮਿਤੀ 09.01.2026 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਕਰਜ਼ਦਾਰਾਂ ਅਤੇ ਗਰੰਟਰਾਂ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਕਰਜ਼ਾ ਨੰ. ਅਤੇ ਬਕਾਇਆ ਰਕਮ |
|---|---|---|
| ਕਰਜ਼ਦਾਰ : 1. ਸ੍ਰੀ ਵਚਨ ਯਾਦਵ ਉਰਫ ਬੱਚਨ ਯਾਦਵ ਪੁੱਤਰ ਚੰਦੋ ਯਾਦਵ ਵਾਸੀ ਬੇਲਦੀਹੀ ਨਾਦੀ ਟੋਲਾ, ਬੇਲਦੀਹੀ, ਸੁੰਦਰਗੜ੍ਹ, ਓਡੀਸ਼ਾ 770031 2. ਸ੍ਰੀਮਤੀ ਬੇਵੀ ਦੇਵੀ ਮਾਰਫਤ ਵਚਨ ਯਾਦਵ ਵਾਸੀ ਬੇਲਦੀਹੀ ਨਾਦੀ ਟੋਲਾ, ਬੇਲਦੀਹੀ, ਸੁੰਦਰਗੜ੍ਹ, ਓਡੀਸ਼ਾ 770031 ਗਰੰਟਰ : ਸ੍ਰੀ ਸਤਵਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਵਾਸੀ ਛੰਦੜਾਂ, ਡਾਕਖਨਾ ਛੰਦੜਾਂ, ਜ਼ਿਲ੍ਹਾ ਲੁਧਿਆਣਾ, ਪੰਜਾਬ-141113 | ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ :- ਬੈਨਾਮਾ ਨੰ. 2024-25/102/1/5436 ਮਿਤੀ 01.01. 2025 ਅਨੁਸਾਰ ਜਾਇਦਾਦ ਰਕਬਾ 51.55 ਵਰਗ ਗਜ਼, ਪਿੰਡ ਕੰਗਣਵਾਲ ਵਿਖੇ, ਸਥਿਤ, ਹੱਦਬਸਤ ਨੰ. 245, ਸਬ-ਤਹਿਸੀਲ ਸਾਹਨੇਵਾਲ, ਤਹਿ. ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਜਿਸ ਦੀ ਮਾਲਕੀਅਤ ਸ੍ਰੀਮਤੀ ਬੇਵੀ ਦੇਵੀ ਪਤਨੀ ਸ੍ਰੀ ਬਚਨ ਯਾਦਵ ਦੀ ਹੈ। | ਐੱਚ ਐੱਲ/ 013611001814 ਰੁਪਏ 9,40,000/- ਮਿਤੀ 09.01.2026 ਨੂੰ ਰੁਪਏ 9,50,654/- ਮਿਤੀ 01.01.2026 ਤੋਂ ਬਿਨਾਂ ਵਿਆਜ |

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਜੀ ਟੀ ਰੋਡ ਜਲੰਧਰ (ਐੱਮ ਐਸ ਐੱਮ ਈ ਡਵੀਜ਼ਨ) 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ :- (ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ। ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ ਮਿਤੀ : 21.01.2026 ਸਹੀ/- ਅਧਿਕਾਰਤ ਅ.ਫ਼ਸਰ

### COURT NOTICE

(U/o 5 Rule 20 CPC)
IN THE COURT OF
**Dr. Seema Agnihotri**
Civil Judge (Junior Division),Rupnagar
CNR No. PBRO02-002040-2025
Next Date:- 26-02-2026
Gurmeet Singh
Vs.
Kamaljeet Singh

Publication issued to : Kamaljeet Singh Father: :-Gurmeet Singh Village Chhoti Jhallian, V.p.o. Jhallian Khurd,Tehsil And District Rupnagar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-02-2026 at 10:00 A.M.

For details logon to https://highcourtchd.gov.in/?mod=district_notice& district Rupnagar

Civil Judge (Junior Division),Rupnagar
Dated, this day of 20-01-2026

### COURT NOTICE

(U/o 5 Rule 20 CPC)
IN THE COURT OF
**Ms. Jasmine**
Civil Judge (Junior Division), Amritsar
CNR No. PBAS02-006381-2025
Next Date:- 24-02-2026
Jugal Kishore Mahajan
Vs.
Gourav Mahajan
Suit for declaration
Publication issued to : General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-02-2026 at 10:00 a.m.

For details logon to https://highcourtchd.gov.in/?trs=district_notice & district=Amritsar

Civil Judge (Junior Division), Amritsar
Dated, this day of 19-01-2026

### COURT NOTICE

(U/o 5 Rule 20 CPC)
IN THE COURT OF
**Ms. Geeta Rani**
Additional Civil Judge (Senior Division), Phul
CNR No. PBBTB0-000120-2024
Next Date:- 12-02-2026
JAGJEET SINGH
Vs.
Gurpreet Singh @ Jaspreet Singh etc

Publication Issued To: 5. Amritroop Singh , Son: :-gurinderjeet Singh S/O Lal Singh , Bhairupa Near Lal Baggi Di Kothi Bhairupa, Tehsil Phul, District Bathinda

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-02-2026 at 10:00 a.m.

For details logon to https://highcourtchd.gov.in/?mod=district_notice & district=Bathinda

Additional Civil Judge (Senior Division) Phul
Dated, this day of 19-01-2026

### COURT NOTICE

(U/o 5 Rule 20 CPC)
IN THE COURT OF
**Dr. Seema Agnihotri**
Civil Judge (Junior Division),Rupnagar
CNR No. PBRO02-000510-2025
Next Date:- 20-02-2026
LAKHVIR SINGH
Vs.
JASWINDER SINGH

PUBLICATION ISSUED TO: Def No. 2. Mandeep Singh S/o Khalsa Singh R/o Ward No. 2, Chunni Road, Morinda., Def No. 6. Harjot Singh S/o Mohan Singh R/o Ward No. 14, Tehsil Morinda, District Rupnagar. , Def No. 14. Promila Devi W/o Amarnath Kanojia, R/o House no. 61 Ward no. 11, Morinda, District Rupnagar., Def No. 16. Umesh Kumar Singh S/o Kailash Shah R/o House no. 303 Ward no. 2, Morinda, District Rupnagar., Def No. 19. Rupinder Singh S/o Mohan Singh R/o H. no. 263 Ward no. 2, Morinda, District Rupnagar., Def No. 24. Baljinder Kaur wife of Ajmer Singh, Def No. 25. Pinki Kaur daughter of Balvir Singh, Def No. 26. Mehak Mahant Chela Bholi Mahant Chela Prem Mahant, Def No. 27. Gurdeep Kaur wife of Lakhwinder Singh, Def No. 28. Satwinder Kaur wife of Sukhwinder Singh, Def No. 29. Sarabjit Kaur wife of Harjit Singh, Def No. 31. Rohit Butta son of Subhash Chander Butta, Def No. 32. Rishab Gupta son of Sanjay Gupta, Def No. 33. Sukhdeep Singh son of Amrik Singh, Def No. 34. Jaskaran Singh son of Balwinder Singh All R/o Morinda, Tehsil Morinda, District Rupnagar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-02-2026 at 10:00 a.m.

For details logon to https://highcourtchd.gov.in/?mod=district_notice & district=Rupnagar

Civil Judge (Junior Division), Rupnagar
Dated, this day of 20-01-2026




### Public Notice

I, Jarnail Singh S/o Dalip Singh R/o Village Salarpur, Raipur, Shahkot, Distt. Jalandhar, Punjab declare that my son Hardeep Singh & his wife Inderpreet Kaur presently residing at abroad are out of my control. I disinherit them from my movable and immovable properties. I and my family shall not be held responsible for any of their acts deeds and things. All please note.

It is hereby notified that I, Karan S/o Narinder Pal/Manjit Kaur R/o Taggar, P.O. Pasla, Distt. Jalandhar, have lost my Original Punjab School Education Board Marksheet of 10th Class, Roll No. 1021509308, Year of Passing 2021, issued by Punjab School Education Board. If anyone finds the same, kindly contact me at 62840-53415 or Return to my above address. I am applying to PSEB for a Second Copy of Certificate.

### ਆਮ ਸੂਚਨਾ

ਮੈਂ, ਬਲਵਿੰਦਰ ਕੌਰ ਪਤਨੀ ਸਾਹਬ ਸਿੰਘ ਵਾਸੀ ਤਰਨ ਤਾਰਨ ਰੋਡ, ਮਾਤਾ ਗੰਗਾ ਜੀ ਨਗਰ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਸਕਾ ਭਰਾ ਬਲਕਾਰ ਸਿੰਘ ਪੁੱਤਰ ਬਿੱਕਰ ਸਿੰਘ, ਵਾਸੀ ਮਾਤਾ ਗੰਗਾ ਜੀ ਨਗਰ, ਕੋਟ ਮਿੱਤ ਸਿੰਘ, ਤਰਨ ਤਾਰਨ ਰੋਡ ਅੰਮ੍ਰਿਤਸਰ ਜੋ ਕੁਆਰਾ ਸੀ ਤੇ ਲਗਭਗ 30 ਸਾਲ ਪਹਿਲਾਂ ਘਰੋਂ ਕਿਤੇ ਚਲਾ ਗਿਆ ਤੇ ਵਾਪਸ ਨਹੀਂ ਆਇਆ। ਬਲਕਾਰ ਸਿੰਘ ਦੀ ਕਾਫੀ ਭਾਲ ਕਰਨ 'ਤੇ ਵੀ ਉਸ ਦਾ ਹੁਣ ਤੱਕ ਕੋਈ ਪਤਾ ਨਹੀਂ ਚੱਲਿਆ।

### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ ਦੇ ਪੀ 17/8319 ਕਪੂਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਉਦੋਵਾਲ ਤੋਂ ਨਾਂਅ ਬਦਲੀ ਕਰਕੇ ਨਿਰਮਲ ਕੁਮਾਰੀ ਪਤਨੀ ਸੁਰਿੰਦਰ ਕੁਮਾਰ ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ 'ਤੇ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਿਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

ਮੈਂ ਸੁਰਜੀਤ ਸਿੰਘ ਪੁੱਤਰ ਸ੍ਰੀ ਅਮਰ ਸਿੰਘ ਵਾਸੀ ਪਿੰਡ ਤੇ ਡਾਕ. ਮਾਣਕੋ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਇੰਦਰਦੀਪ ਸਿੰਘ ਨੂੰ ਅਖਬਾਰਾਂ ਰਾਹੀਂ ਆਪਣੀ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਇੰਦਰਦੀਪ ਸਿੰਘ ਮੇਰੇ ਕਹਿਣੇ ਵਿੱਚ ਹੈ ਅਤੇ ਮੇਰੀ ਹਰ ਗੱਲ ਮੰਨਦਾ ਹੈ। ਇਸ ਲਈ ਮੈਂ ਆਪਣੀ ਬੇਦਖਲੀ ਰੱਦ ਕਰਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਹੈ। ਸਬੰਧਤ ਨੋਟ ਕਰਨ।

ਮੈਂ, ਹਰਨੇਕ ਸਿੰਘ ਪੁੱਤਰ ਪਰਗਨ ਰਾਮ ਵਾਸੀ ਪਿੰਡ ਜਨਤਾ ਨਗਰ (ਸ਼ਮਸ਼ਾਬਾਦ), ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਸੁੱਚਾ ਸਿੰਘ ਪੁੱਤਰ ਸਵਰਨ ਰਾਮ ਵਾਸੀ ਪਿੰਡ ਜਨਤਾ ਨਗਰ (ਸ਼ਮਸ਼ਾਬਾਦ), ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਸਾਡੇ ਪਿੰਡ ਦਾ ਪੱਕਾ ਵਸਨੀਕ ਸੀ, ਜਿਸ ਦੀ ਮੌਤ ਮਿਤੀ 04-09-2023 ਨੂੰ ਹੋ ਚੁੱਕੀ ਹੈ। ਉਪਰੋਕਤ ਸੁੱਚਾ ਸਿੰਘ ਅਤੇ ਸੁੱਚਾ ਰਾਮ ਦੋਵਾਂ ਨਾਮ ਦਾ ਇੱਕੋ ਹੀ ਵਿਅਕਤੀ ਸੀ ਅਤੇ ਉਸ ਨੂੰ ਦੋਹਾਂ ਨਾਮਾ ਨਾਲ ਜਾਣਿਆ ਜਾਂਦਾ ਹੈ। ਸਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਪ੍ਰਕਾਸ਼ ਪੁੱਤਰ ਸੁਦਾਗਰ ਵਾਸੀ ਪਿੰਡ ਝੱਲ ਠੀਕਰੀਵਾਲ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਅਨੋਖਾ ਅਤੇ ਨੂੰਹ ਰਮਨ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਪਰਮੋਦ ਰਾਨੀ ਪਤਨੀ ਸਵਰਗਵਾਸੀ ਵੇਦ ਪ੍ਰਕਾਸ਼ ਵਾਸੀ ਮਕਾਨ ਨੰਬਰ. 2.1/1261, ਗਲੀ ਨੰਬਰ. 3, ਕਬੀਰ ਨਗਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੇ ਤਿੰਨ ਬੱਚੇ ਜਿਨ੍ਹਾਂ ਵਿੱਚ ਦੋ ਧੀਆਂ ਆਰਤੀ ਤੇ ਨਿਸ਼ਾ ਅਤੇ ਲੜਕਾ ਰੋਹਿਤ ਹੈ। ਮੇਰੀ ਧੀਆਂ ਆਰਤੀ ਪਤਨੀ ਸੌਰਵ ਬਜਾਜ ਤੇ ਨਿਸ਼ਾ ਪਤਨੀ ਰੋਬਿਨ ਮੇਰੇ ਕਹਿਣੇ ਤੋਂ ਬਾਹਰ ਹਨ, ਇਸਲਈ ਮੈਂ ਆਪਣੀ ਧੀਆਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਮੇਰੀ ਧੀਆਂ ਨਾਲ ਕੋਈ ਸੰਬੰਧ ਨਹੀਂ ਰਹੇਗਾ।

ਅਸੀਂ, ਨਿਰਮਲ ਸਿੰਘ ਰਾਏ ਪੁੱਤਰ ਸੁਰਿੰਦਰ ਸਿੰਘ ਅਤੇ ਸਰਬਜੀਤ ਕੌਰ ਰਾਏ ਪਤਨੀ ਨਿਰਮਲ ਸਿੰਘ ਰਾਏ ਵਾਸੀਆਨ ਮਕਾਨ ਨੰ. 73, ਪ੍ਰੋਫੈਸਰ ਕਲੋਨੀ, ਖੁਰਲਾ ਕਿੰਗਰਾ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਸ਼ਰਨ ਸਿੰਘ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਸੁਭਾਸ਼ ਪੁੱਤਰ ਪੂਰਨ ਚੰਦ ਅਤੇ ਕਸ਼ਮੀਰੋ ਦੇਵੀ ਪਤਨੀ ਸੁਭਾਸ਼ ਵਾਸੀ ਨਿਊ ਆਬਾਦੀ ਹਰਦੋ ਬਥਵਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਰਾਜਾ, ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਲਾਬ ਕੌਰ ਪਤਨੀ ਜਸਵੰਤ ਸਿੰਘ ਵਾਸੀ ਧੂੜਕੋਟ ਰਣਸੀਂਹ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਪੁੱਤਰ ਜਸਵੰਤ ਸਿੰਘ ਅਤੇ ਨੂੰਹ ਹਰਪ੍ਰੀਤ ਕੌਰ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਤਰਲੋਚਨ ਸਿੰਘ ਪੁੱਤਰ ਸਤਵੰਤ ਸਿੰਘ ਵਾਸੀ ਮਕਾਨ ਨੰਬਰ 7, ਲਿਬੜਾ, ਜਿਲ੍ਹਾਂ ਲੁਧਿਆਣਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰਪ੍ਰੀਤ ਸਿੰਘ ਤੇ ਉਸਦੀ ਪਤਨੀ ਕਮਲਜੀਤ ਕੌਰ ਤੇ ਉਨ੍ਹਾਂ ਦੇ ਦੋ ਬੱਚੇ ਗੁਰਨੂਰ ਸਿੰਘ ਅਤੇ ਐਮਰੀਤ ਕੌਰ, ਜੋਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਸਭ ਨੂੰ ਆਪਣੀ ਚੱਲ -ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਉਹ ਉਸ ਦਾ ਖੁੱਦ ਜਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਬਾਕੀ ਦੇ ਪਰਿਵਾਰਿਕ ਮੈਂਬਰਾਂ ਦੀ ਕੋਈ ਵੀ ਜਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਰੇਸ਼ਮ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਰੱਤਾ ਕਦੀਮ, ਡਾਕ: ਖਾਲੂ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪਰਮਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਉਸ ਨੇ ਆਪਣੀ ਮਨ-ਮਰਜੀ ਨਾਲ ਵਿਆਹ ਕਰਵਾ ਲਿਆ ਹੈ। ਇਸ ਲਈ ਮੈਂ ਆਪਣੀ ਲੜਕੀ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ ਮਹਿੰਦਰਪਾਲ ਸਿੰਘ ਮਾਨ ਪੁੱਤਰ ਗਿਆਨ ਸਿੰਘ ਵਾਸੀ ਧਰਮਕੋਟ ਰੋਡ ਕੋਟ ਈਸੇ ਖਾਂ ਤਹਿ. ਧਰਮਕੋਟ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਅਮਨਦੀਪ ਕੌਰ (ਵਿਦੇਸ਼ ਆਸਟ੍ਰੇਲੀਆ ਵਿਖੇ) ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ, ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਸਰਵਿੰਦਰ ਸਿੰਘ ਪੁੱਤਰ ਸ੍ਰੀ ਸ਼ੇਰ ਸਿੰਘ ਅਤੇ ਕਮਲਜੀਤ ਕੌਰ ਪਤਨੀ ਸ੍ਰੀ ਸਰਵਿੰਦਰ ਸਿੰਘ ਵਾਸੀ ਪਿੰਡ ਸੰਗਤਾਂਵਾਲੀ ਡਾਕਖਾਨਾ ਭਟਨੂਰਾ ਕਲਾਂ ਤਹਿਸੀਲ ਆਦਮਪੁਰ ਭੋਗਪੁਰ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਿਰਪਾਲ ਸਿੰਘ ਅਤੇ ਉਸਦੀ ਪਤਨੀ ਜਸਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ ਜਿਸ ਕਰਕੇ ਅਸੀਂ ਉਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਬਖਸ਼ ਕੌਰ ਪਤਨੀ ਸ੍ਰੀ ਲੇਖ ਰਾਜ ਵਾਸੀ ਪਿੰਡ ਸਰਕਪੁਰ ਡਾਕਖਾਨਾ ਪਰਵੰਗਾ ਜਿਲਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜਿੰਦਰ ਸਿੰਘ ਅਤੇ ਉਸਦੀ ਪਤਨੀ ਜਸਵਿੰਦਰ ਕੌਰ ਅਤੇ ਉਸਦੀ ਲੜਕੀ ਮੁਸਕਾਨ ਅਤੇ ਉਸਦਾ ਲੜਕਾ ਮੇਰੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਰਵਿੰਦਰ ਪਾਲ ਪਤਨੀ ਕਮਲ ਕਿਸ਼ੋਰ ਸ਼ਰਮਾ ਵਾਸੀ ਜੀ ਟੀ ਰੋਡ ਨੇੜੇ ਹਨੂਮਾਨ ਗੜੀ ਮੰਦਰ ਪ੍ਰਾਚੀਨ ਸ਼ੀਤਲਾ ਮਾਤਾ ਮੰਦਿਰ ਫਗਵਾੜਾ ਕਪੂਰਥਲਾ ਦੀ ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਨਹੀਂ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵਿਅਕਤੀ ਉਸ ਨਾਲ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦੇ ਬਾਕੀ ਮੈਂਬਰਾਂ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਬਚਨ ਕੌਰ ਪਤਨੀ ਸ੍ਰੀ ਗੁਰਦੇਵ ਸਿੰਘ ਵਾਸੀ ਪਿੰਡ ਨਡਾਲਾ ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਮਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀਆਂ ਮਨ-ਮਰਜੀਆਂ ਕਰਦਾ ਹੈ। ਮੈਂ ਆਪਣੇ ਪੁੱਤਰ ਮਨਦੀਪ ਸਿੰਘ ਨੂੰ ਆਪਣੀ ਹਰ ਕਿਸਮ ਚਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰੇ ਪੁੱਤਰ ਮਨਦੀਪ ਸਿੰਘ ਨਾਲ ਜੇਕਰ ਕੋਈ ਵੀ ਕਿਸੇ ਕਿਸਮ ਦਾ ਸਬੰਧ ਰੱਖਦਾ ਹੈ, ਕੋਈ ਲੈਣ ਦੇਣ ਕਰਦਾ ਹੈ ਤਾਂ ਉਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਮੁਖਤਿਆਰ ਸਿੰਘ ਪੁੱਤਰ ਲੇਟ ਸੁਖਦੇਵ ਸਿੰਘ ਅਤੇ ਸੁਖਵਿੰਦਰ ਕੌਰ ਪਤਨੀ ਮੁਖਤਿਆਰ ਸਿੰਘ ਵਾਸੀਆਨ ਪਿੰਡ ਕਾਹਰੀ, ਤਹਿਸੀਲ ਤੇ ਜਿਲ੍ਹਾਂ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ 'ਬਲਜੀਤ ਸਿੰਘ' ਤੇ ਉਸਦੀ ਪਤਨੀ 'ਨਵਰੂਪ ਕੌਰ' ਜੋ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ।ਹੁਣ ਸਾਡਾ ਤੇ ਸਾਡੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ ਹੈ । ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹਾਂ, ਜਾਂ ਇਨ੍ਹਾਂ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ ।

ਅਸੀਂ, ਲਾਲ ਸਿੰਘ ਪੁੱਤਰ ਗੁਰਮੇਜ ਸਿੰਘ ਤੇ ਬਲਬੀਰ ਕੌਰ ਪਤਨੀ ਲਾਲ ਸਿੰਘ ਵਾਸੀਆਨ ਪਿੰਡ ਗੁਮਾਨਪੁਰਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਤਨਾਮ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਆਪਣੇ ਲੜਕੇ ਸਤਨਾਮ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪੂਰਨ ਚੰਦ ਪੁੱਤਰ ਦੌਲਤ ਰਾਮ ਵਾਸੀ ਮਕਾਨ ਨੰ. 2, ਅਜ਼ਾਦ ਰੋਡ ਦਵਾਈਆਂ ਵਾਲਾ ਛੇਹਰਟਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮੀਤ ਤੇ ਉਸ ਦੀ ਪਤਨੀ ਅਨੂ ਸਾਡੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਮੀਤ ਤੇ ਉਸ ਦੀ ਪਤਨੀ ਅਨੂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਨੀਤਾ ਪਤਨੀ ਸੁਖਦੇਵ ਲਾਲ ਵਾਸੀ 2473, ਗਲੀ ਨੰਬਰ 3, ਜੌੜਾ ਫਾਟਕ, ਧਰਮਪੁਰਾ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅਰਮਾਨ ਤੇ ਉਸ ਦੀ ਪਤਨੀ ਕਾਜਲ ਮੇਰੇ ਕਹਿਣੇ ਵਿੱਚ ਨਹੀਂ ਹਨ। ਮੈਂ ਆਪਣੇ ਲੜਕੇ ਅਰਮਾਨ ਤੇ ਉਸ ਦੀ ਪਤਨੀ ਕਾਜਲ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਰਾਮਫਲ ਪਾਲ ਪੁੱਤਰ ਭਗਵਤੀ ਪਾਲ ਵਾਸੀ ਮਕਾਨ ਨੰ. 55, ਗਲੀ ਨੰ. 1, ਨਿਊ ਪ੍ਰੀਤ ਨਗਰ, ਤੁੰਗਪਾਈ, ਬਟਾਲਾ ਰੋਡ, ਮਾਤਾ ਮੰਦਰ ਦੇ ਨੇੜੇ ਤਹਿਸੀਲ/ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਰਵਿੰਦ ਕੁਮਾਰ ਤੇ ਉਸ ਦੀ ਪਤਨੀ ਸੁਸ਼ੀਲਾ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਅਰਵਿੰਦ ਕੁਮਾਰ ਤੇ ਉਸ ਦੀ ਪਤਨੀ ਸੁਸ਼ੀਲਾ ਦੇਵੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਿਰਮਲ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ 19,21 ਕਵਾਟਰ ਨਰਾਇਣਗੜ੍ਹ, ਛੇਹਰਟਾ,ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮੁਖਵਿੰਦਰ ਸਿੰਘ ਤੇ ਉਸ ਦੀ ਪਤਨੀ ਤਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਮੁਖਵਿੰਦਰ ਸਿੰਘ ਤੇ ਉਸ ਦੀ ਪਤਨੀ ਤਜਿੰਦਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਜੀਤ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਵਾਰਡ ਨੰਬਰ 5 ਮਾਲਾਂਵਾਲੀ ਗੁਮਟਾਲਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਉਦੈ ਸਿੰਘ ਮੇਰੇ ਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਦੇਵ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ: 1082-ਏ, ਸੜਕਾ ਮੁੱਹਲਾ, ਗੜ੍ਹਾ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਮ੍ਰਿਤ ਪਾਲ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਾਧਾ ਪਤਨੀ ਸ੍ਰੀ ਰਾਜੂ ਵਾਸੀ ਮਕਾਨ ਨੰਬਰ ਸੀ-128, ਨਿਊ ਦਸ਼ਮੇਸ਼ ਨਗਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਰਾਜੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### Change of Name

I Dimple Aman Sharma W/O Aman Santram Sharma R/O H .no 23, Street No 9, Nr Gopal Mandir, Gokul Nagar Majitha Road Amritsar Have Changed My Name From Dimple Aman Sharma To Dimple Sharma. All Concerned May Please Note

I Monika W/O Harsh Arora R/O 8-a Gali No 2, Near Gill Dairy, New Golden Avenue Amritsar Have Changed My Name From Monika To Monika Arora. All Concerned May Please Note.

I Harsh Kumar S/O Ashok Kumar R/O R/O 8-a Gali No 2, Near Gill Dairy, New Golden Avenue Amritsar Have Changed My Name From Harsh Kumar To Harsh Arora. All Concerned May Please Note

I Amandip Singh S/o Balkar Singh R/o village Ghuman Khurd PO. Naushera Majja Singh District Gurdaspur. I have declare that Amandip is my given name and Singh is my surname. concerned note.

I, Sukhmeet Kaur alias Ritu W/o Jagmeet Singh R/o Villa No. 5, Sector-1, Dream City Amritsar have changed my name from Sukhmeet Kaur alias Ritu to Sukhmeet is my Given name and Kaur is my Surname

I, Malkit Singh S/o Kulwant Singh R/o Village Ranewali PO Sehensra Tehsil Ajnala District Amritsar have changed my name from Malkit Singh to Malkeet Singh

I, Darshan Kaur D/o Karam Singh R/o Village Chabhal Kalan PO Chabhal Tehsil and District Tarn Taran have declare that Darshan is my Given name and Kaur is my Surname

I, Sandeep Singh S/o Balwinder Singh R/o Village Bhoya Fatehgarh, PO Waryam Nangal District Amritsar have declare that Sandeep is my Given name and Singh is my Surname

I, Gurpreet Singh S/o Sukhwinder Singh R/o 93, B/s Gurudawara Nanaksar, Verka, Amritsar, Punjab, 143501 have changed my name from Gurpreet Singh to Singh is my Surname and Gurpreet is my given name.

I, Raj Rani Arora W/o Narinder Mohan Arora R/o F7- 85, LIC Colony, Kashmir Avenue, Amritsar, Punjab have changed my name from Raj Rani Arora to Raj Rani.

I, Narinder Mohan S/o Jagan Nath R/o F7- 85, LIC Colony, Kashmir Avenue, Amritsar, Punjab have changed my name from Narinder Mohan to Narinder Mohan Arora.

I, Balkar Singh S/o Ajit Singh R/o House No. 3483/15, Gali No.5, Shaheed Baba Jeevan Singh Nagar, Maqboolpura, Mehta Road, Amritsar,Punjab have changed my minor daughter's name from Sargun to Sargun Kaur and her surname is Kaur and her given name is Sargun.

I, Narinder Kumar S/o Sital Ram R/o Village Kotli Sazawar, Post Office Pachranga, Tehsil & District Jalandhar, Punjab(India) have changed my minor daughter's name from Harsimrandeep Kaur Chopra to Harsimran Kaur. Please note.

I, RAM TIRTH Son of BALVIR SINGH Resident of PATTI MOHANPURIA, VPO JANDIALA, TEH. PHILLAUR, JALANDHAR Have changed my speeling name from RAM TIRTH To RAM TIRATH AULAKH and shall hereinafter be known as RAM TIRATH AULAKH.

I, Daniel S/o Rajinder Singh R/o VPO Tanuli Tehsil and Distt. Hoshiarpur Punjab have changed my name from Dainel to Daniel Heer. Concerned note.

I Kunjlika Arora W/O Rohit Arora R/O 659/5 Basant Avenue Amritsar Have Declared That In My Minor Son's Birth Certificate My Name Is Wrongly Written As Kunjlika Arora But My Correct Name Is Kunjlika Mdaan. All Concerned May Please Note.

I, Harkamal Singh S/o Satnam Singh R/o Vill. Kandhali Naurangpur, Distt. Hoshiarpur, have added Singh as surname with my name. All concerned to note please.

I, hitherto know as Gurpreet Singh S/o Sukhdev Singh R/o Vill. Bhoalgpur, P.O. Miani, Tehsil Dasuya, Hoshiarpur, Punjab-144202, have changed my name and shall hereafter be know as Singh Gurpreet.

I, Manpreet Kaur W/o Navjot Singh R/o V.P.O. Basrai, Tehsil Batala, Distt. Gurdaspur, have changed my name from Manpreet Kaur to Kaur Manpreet (surname as Kaur). All concerned please note.

I, Simmi W/o Gurcharan Singh R/o H.No. 90/B, Mohalla Basti Sheikh, Jalandhar, P.O. Basti Guzan, Distt. Jalandhar, Punjab, have changed my name from Simmi to Simmi Verma.

I, Navjot Singh son of Army No. 4569367M Ex Naik Harpal Singh resident of House No. 69, Pathankot Road, Near Dips Institute, Ramneek Avenue, Jalandhar-I, Tehsil & Distt. Jalandhar, (Punjab) -144012, have changed my name from Navjot Singh to Navjot Singh Sandhu.

### Change of Name

I, SARABJIT SINGH Son of SURINDER SINGH, Resident of Village Padde Bet, P.O. Dhaliwal Bet, District Kapurthala Punjab, Here I declare that "SARABJIT" is my given name and "SINGH" is my Surname. That I want to mention my surname as "SINGH" in the surname column and "SARABJIT" is mentioned on given name in my said passport.

I, RIMPAL NAHAR Wife of SARABJIT LAL, Resident of New Guru Nanak Nagar, Seenpura, Kapurthala Punjab, That I want to change my name "RIMPAI" to "RIMPAL NAHAR", on my passport records.

I, HEENA W/o Piyush Sareen R/O House No. N.A. 118, Kishanpura, Jalandhar, Punjab, have changed my name after marriage from Heena to HEENA SAREEN. All concerned please note.

I Hitherto known as Gurwinder Singh S/O Sarwan Singh R/O Village Atta,P.O Goraya, Tehsil Phillaur Disrtict Jalandhar -144409 (Punjab) India have Changed my name and shall hereafter be known as Singh Kulwinder and Surname as Singh.

I, Mandeep Kaur W/O Harpreet Singh R/O Village Salarpur, Po. Raipur, Distt. Jalandhar, Punjab, Have Changed My Name From Mandeep Kaur To Kaur Mandeep. (Surname As Kaur). All Please Note.

I, Sangeeta Sharma W/ o Kamal Kishore Sharma R/o 86 Urban Estate Phase -1 Jalandhar declare that I have changed my name from Sangeeta Sharma to Sangeeta Bhatara

I Captan Singh S/O Dial Singh R/O Vpo Jalalusman Teh Baba Bakala Amritsar Have Changed My Name From Captan Singh To Given Name Captan Surname Singh

I Shamsher Singh S/O Sahib Singh R/O Vill.Bath Po Kamalpura Tehsil Ajnala Distt.Amritsar Have Changed My Name From Shamsher Singh To Given Name Shamsher Surname Singh

I, Gurpal Slingh S/o Gurdial Singh R/o Village Sakkianwali Distt Tarn Taran have changed my name from Gurpal Slingh to Gurpal Singh.

I, Narender Kaur wife of Nirmal Singh Resident of Vill: Meda P.O. Sindhar Distt. Jalandhar Declare That I have changed my name NARENDER KAUR to NARINDER KAUR.All concerned to be noted.

I, Sandip Bhatti s/o Gurmeet Bhatti r/o Ramu Ki Patti, Dhilwan, Po. Dhilwan, Distt. Kapurthala, Punjab- 144804, declare that I have changed my name Sandip Bhatti to Sandeep Bhatti. All Please Note.

I, Gurmit Bhatti S/o Keser R/o Ramu Ki Patti, Dhilwan, Po. Dhilwan, Distt. Kapurthala, Punjab-144804, declare that I have changed my name Gurmit Bhatti to Gurmeet Bhatti. All Please Note.

I, Santosh Bhatti w/o Gurmeet Bhatti r/o Ramu Ki Patti, Dhilwan, Po. Dhilwan, Distt. Kapurthala, Punjab- 144804, declare that I have changed my name Santosh Bhatti to Santosh Kumari, After Marriage. All Please Note.

I, Prabhjot w/o Manoj Kumar r/o VPO. Madar, Distt. Jalandhar, Punjab have changed my name from Prabhjot to Prabhjot Sodhi. All Please Note.

I, Sanjiv Dadhwal s/o Hans Raj r/o H.no.76-A, Ladhiwali Road, Karol Bagh, Chugitti, Jalandhar have changed my name from Sanjiv Dadhwal to Sanjeev Dadwal. All Please Note.

I, Sandeep Kaur Sian w/o Arvind Sarup r/o H.No.69, Abrol Nagar, Patahankot, Punjab have deleted my surname to Sandeep Kaur. All Please Note.

I, Anita w/o Madan Mohan r/o H.No.231, Jalandhar Vihar, Vill.Wariana, Distt. Jalandhar-144021, Punjab have changed my name from Anita to Anita Sharma. All Please Note.

I, Aarti Sharma W/o Arun Sharma, R/o H.No. 2104, Ward No. 4, Mohalla Kaddan, Kartarpur, Distt. Jalandhar have changed my name from Aarti Sharma to Arti Sharma. All Please Note.

I Gurpreet Singh S/O Manohar Lal R/O Vill. Nagal Jamal P.O Ghorewala, Hoshiarpur 146116 Punjab Have Changed my Minor Daughter Anjali To Manveer Kaur. All Concerned Please Note.

I, Pawandeep S/o Balbir Chand R/o Village Cheema Kalan, Nurmahal, Distt. Jalandhar, Punjab-144039 have changed my name from Pawandeep to Pawandeep Virdi (Virdi as Surname). All concerned please note.

I, Gurvinder Kaur spouse of Army No. 4569367M Ex Naik Harpal Singh resident of House No. 69, Pathankot Road, Near Dips Institute, Ramneek Avenue, Jalandhar-I, Tehsil & Distt. Jalandhar, (Punjab) -144012, have changed my name from Gurvinder Kaur to Gurwinder Kaur.

### ਨਾਂਅ ਦੀ ਬਦਲੀ

ਮੈਂ, ਹਰਪ੍ਰੀਤ ਸਿੰਘ ਪੁੱਤਰ ਹਰਬੰਸ ਸਿੰਘ, ਪਿੰਡ ਬਮਾਲ (ਧੂਰੀ) ਸੰਗਰੂਰ ਨੇ ਆਪਣਾ ਨਾਮ ਬਦਲ ਕੇ ਹਰਪ੍ਰੀਤ ਸਿੰਘ ਮਰਾਹੜ ਰੱਖ ਲਿਆ ਹੈ।

ਮੈਂ, Gurmeet Singh ਪੁੱਤਰ ਗੁਰਦਿਆਲ ਸਿੰਘ, ਪਿੰਡ ਮਾਨਾਂ, ਤਹਿਸੀਲ ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ Gurmit Singh ਰੱਖ ਲਿਆ ਹੈ।

ਮੈਂ ਸੂਰਜ ਪ੍ਰਕਾਸ਼ ਪੁੱਤਰ ਗੁਲਜ਼ਾਰ ਸਿੰਘ ਵਾਸੀ ਪਿੰਡ ਰਾਏਪੁਰ, ਡਾਕਘਰ ਬਹਿਰਾਮਪੁਰ ਤਹਿ. ਦੀਨਾਨਗਰ ਜਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਮ ਸੂਰਜ ਪ੍ਰਕੇਸ਼ ਤੋਂ ਬਦਲ ਕੇ ਸੂਰਜ ਪ੍ਰਕਾਸ਼ ਕਰ ਦਿੱਤਾ ਹੈ। ਸੰਬੰਧਿਤ ਨੋਟ ਕਰਨ।

### Change of name

I, Gurcharan Singh Verma S/o Buta Singh R/o WP-90, Manjit Nagar Basti Sheikh, Jalandhar, Punjab, have changed my name from Gurcharan Singh Verma to Gurcharan Singh.

I, Alphonsa Jassi wife of Arun Kumar resident of H.No. 419, Civil Lines, Jalandhar, Punjab-144001 have changed my name from Alphonsa Jassi to Alphonsa Jessy. All concerned please note.

I, Raju son of Mohammad Marun resident of H.No. 1080, Bhatre Wali Gali, Rama Mandi, PO. Dakoha, Jalandhar-2, Punjab-144023, India have changed my name from Raju to Raju Khan. All concerned please note.

I, Pawan S/o Beant Singh R/o H.No. 198, Nurpur Colony, PO. Reru, Distt. Jalandhar, Punjab-144012 have changed my name from Pawan to Pawan Singh, in which given name Pawan and Surname as Singh. All concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੰਜਾਬ 'ਚ ਹੁਣ ਗੈਂਗਸਟਰਾਂ ਦੀ ਖ਼ੈਰ ਨਹੀਂ : ਪਵਨ ਟੀਨੂੰ

**ਜਲੰਧਰ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਬੁਲਾਰੇ ਪਵਨ ਕੁਮਾਰ ਟੀਨੂੰ ਨੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਸਫਲ ਮੁਹਿੰਮ ਤੋਂ ਬਾਅਦ ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਵਿਰੁੱਧ ਸ਼ੁਰੂ ਕੀਤੀ ਗਈ ਗੈਂਗਸਟਰਾਂ 'ਤੇ ਵਾਰ ਮੁਹਿੰਮ ਦੀ ਸ਼ਲਾਘਾ ਕੀਤੀ ਹੈ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟੀਨੂੰ ਨੇ ਕਿਹਾ ਕਿ ਇਹ ਮੁਹਿੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਪੱਸ਼ਟ ਅਤੇ ਸਖ਼ਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼ੁਰੂ ਕੀਤੀ ਗਈ ਹੈ, ਜਿਸ ਦਾ



ਉਦੇਸ਼ ਪੰਜਾਬ ਨੂੰ ਗੈਂਗਸਟਰਵਾਦ ਅਤੇ ਸੰਗਠਿਤ ਅਪਰਾਧ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਤਰਨਦੀਪ ਸਿੰਘ ਸੰਨੀ, ਜ਼ਿਲ੍ਹਾ ਮੀਡੀਆ ਇੰਚਾਰਜ ਸੰਜੀਵ ਭਗਤ, ਮੀਡੀਆ ਕੋਆਰਡੀਨੇਟਰ ਅਨਮੋਲ ਖੰਨਾ ਅਤੇ ਮੀਡੀਆ ਕੋਆਰਡੀਨੇਟਰ ਨਰੇਸ਼ ਕੁਮਾਰ ਵੀ ਮੌਜੂਦ ਸਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਸੁਰੱਖਿਆ 'ਆਪ' ਸਰਕਾਰ ਦੀ ਪਹਿਲ ਹੈ। ਜੋ ਕੋਈ ਵੀ ਪੰਜਾਬ ਦੀ ਸ਼ਾਂਤੀ ਅਤੇ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਲ੍ਹਾਂ ਵਿੱਚ ਬੈਠ ਕੇ ਗੈਂਗ ਚਲਾਉਣ ਵਾਲੇ ਗੈਂਗਸਟਰਾਂ 'ਤੇ ਨਜ਼ਰ ਰੱਖਣ ਲਈ ਪੰਜਾਬ ਪੁਲਿਸ ਵੱਲੋਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਬੈਠ ਕੇ ਫਿਰੌਤੀ, ਧਮਕੀਆਂ ਅਤੇ ਸੰਗਠਿਤ ਅਪਰਾਧ ਚਲਾਉਣ ਵਾਲੇ ਗੈਂਗਸਟਰਾਂ ਖ਼ਿਲਾਫ਼ ਵੀ ਪੰਜਾਬ ਪੁਲਿਸ ਨੇ ਇੱਕ ਠੋਸ ਅਤੇ ਵਿਆਪਕ ਐਕਸ਼ਨ ਪਲਾਨ ਤਿਆਰ ਕੀਤਾ ਹੈ।

# ਸੌਂਦ ਵੱਲੋਂ ਸਕੀਮਾਂ ਤੇ ਪ੍ਰਕਿਰਿਆਵਾਂ ਬਾਰੇ ਹੈਂਡਬੁੱਕ ਜਾਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਕਿਰਤ ਵਿਭਾਗ ਦੇ ਭਾਈਵਾਲਾਂ ਲਈ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਦੌਰਾਨ ਕਿਰਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਬੋਰਡ ਦੀਆਂ ਸਕੀਮਾਂ ਅਤੇ ਪ੍ਰਕਿਰਿਆਵਾਂ ਬਾਰੇ ਇੱਕ ਹੈਂਡਬੁੱਕ ਜਾਰੀ ਕੀਤੀ ਗਈ।ਇਸ ਪ੍ਰੋਗਰਾਮ ਦਾ ਉਦੇਸ਼ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀਆਂ ਸਕੀਮਾਂ, ਪ੍ਰਕਿਰਿਆਵਾਂ ਅਤੇ ਸਮਾਂ-ਸੀਮਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਸਾਰੀ ਕਾਮਿਆਂ ਲਈ ਸਮੇਂ ਸਿਰ ਸਹਾਇਤਾ ਯਕੀਨੀ ਬਣਾਉਣ ਲਈ ਕਿਰਤੀ ਪੱਖੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਸੀ। ਇਸ ਮੌਕੇ ਕਿਰਤ ਸੁਧਾਰਾਂ ਬਾਰੇ ਪੈਨਲ ਚਰਚਾ ਵੀ ਕੀਤੀ ਗਈ, ਜਿਸ ਵਿੱਚ ਲਾਗੂ ਕਰਨ ਸਬੰਧੀ ਚੁਣੌਤੀਆਂ ਅਤੇ ਖੇਤਰੀ ਤਜ਼ਰਬਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਇਸ ਚਰਚਾ ਦੌਰਾਨ ਨਵੇਂ ਲੇਬਰ ਕੋਡਾਂ ਦੇ ਤਹਿਤ ਬੋਰਡ ਦੀਆਂ ਸਕੀਮਾਂ ਦੇ ਪ੍ਰਕਿਰਿਆਤਮਕ ਪਹਿਲੂਆਂ ਬਾਰੇ ਗੱਲਬਾਤ ਕੀਤੀ ਗਈ ਅਤੇ ਪਾਰਦਰਸ਼ਤਾ, ਪਾਲਣਾ ਵਿੱਚ ਆਸਾਨੀ ਅਤੇ ਭਾਈਵਾਲਾਂ ਦੇ ਤਾਲਮੇਲ 'ਤੇ ਜ਼ੋਰ ਦਿੱਤਾ ਗਿਆ।ਰਾਜੀਵ ਗੁਪਤਾ ਕਿਰਤ ਕਮਿਸ਼ਨਰ-ਕਮ-ਸਕੱਤਰ, ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ, ਡਿਪਟੀ ਸਕੱਤਰ ਪਦਮਜੀਤ ਸਿੰਘ ਅਤੇ ਪੰਜਾਬ ਵਿਕਾਸ ਕਮਿਸ਼ਨ ਦੇ ਮੁਲਾਜ਼ਮਾਂ ਨੂੰ ਹੈਂਡਬੁੱਕ ਤਿਆਰ ਕਰਨ ਵਿੱਚ ਉਨ੍ਹਾਂ ਦੇ ਯਤਨਾਂ ਅਤੇ ਬੇਲੋੜੀਆਂ ਪ੍ਰਕਿਰਿਆਤਮਕ ਜ਼ਰੂਰਤਾਂ ਨੂੰ ਘਟਾਉਣ ਲਈ ਕੀਤੀਆਂ ਗਈਆਂ ਪਹਿਲਕਦਮੀਆਂ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਪ੍ਰੋਗਰਾਮ ਵਿੱਚ ਡਾਇਰੈਕਟਰ ਪ੍ਰੋ. ਵਿਕਾਸ ਅਮਿਤ ਤਲਵਾਰ, ਡੀ ਸੀ ਸੰਗਰੂਰ ਰਾਹੁਲ ਚੱਬਾ, ਪਟਿਆਲਾ ਅਤੇ ਫਾਜ਼ਿਲਕਾ ਦੇ ਏ ਡੀ ਸੀ, ਸਹਾਇਕ ਕਿਰਤ ਕਮਿਸ਼ਨਰ, ਡਿਪਟੀ ਡਾਇਰੈਕਟਰ ਫੈਕਟਰੀਆਂ, ਕਿਰਤ ਇੰਸਪੈਕਟਰ ਅਤੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਤੇ ਕਿਰਤ ਭਲਾਈ ਬੋਰਡ ਦੇ ਮੁਲਾਜ਼ਮ ਵੀ ਸ਼ਾਮਲ ਹੋਏ।



# ਕੁਲਵੰਤ ਸਿੰਘ ਵੱਲੋਂ 11.38 ਕਿਲੋਮੀਟਰ ਨਵੀਆਂ ਸੜਕਾਂ ਦੇ ਕੰਮ ਦੀ ਸ਼ੁਰੂਆਤ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)** ਹਲਕਾ ਵਿਧਾਇਕ ਮੋਹਾਲੀ ਸ. ਕੁਲਵੰਤ ਸਿੰਘ ਵੱਲੋਂ ਮੰਗਲਵਾਰ ਨੂੰ ਹਲਕੇ ਅੰਦਰ ਵੱਖ-ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਫ਼ਿਰਨੀਆਂ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਸੜਕਾਂ ਦੀ ਕੁੱਲ ਲੰਬਾਈ 11.38 ਕਿਲੋਮੀਟਰ ਹੈ, ਜਿਨ੍ਹਾਂ 'ਤੇ ਲਗਭਗ 246.88 ਲੱਖ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਸਾਰੀਆਂ ਸੜਕਾਂ ਦਾ ਕੰਮ 6 ਮਹੀਨੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ।ਇਸ ਮੌਕੇ ਸ. ਕੁਲਵੰਤ ਸਿੰਘ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਪਿੰਡਾਂ ਦੀ ਆਪਸੀ ਸੰਪਰਕ ਮਜ਼ਬੂਤ ਹੋਵੇਗਾ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲੇਗੀ। ਉਨ੍ਹਾਂ ਨੇ ਦੱਸਿਆ ਕਿ ਮੋਹਾਲੀ ਹਲਕੇ ਵਿੱਚ 60 ਨਵੀਆਂ ਸੜਕਾਂ ਅਤੇ 32 ਨਵੇਂ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਮੁਹਾਲੀ ਵਿੱਚ ਬਿਜਲੀ ਸੁਧਾਰ ਦੀ ਯੋਜਨਾ 'ਤੇ ਵੀ ਕੰਮ ਹੋ ਰਿਹਾ ਹੈ ਅਤੇ ਸਮੁੱਚੇ ਪੰਜਾਬ ਦੇ 5000 ਕਰੋੜ ਰੁਪਏ ਦੇ ਬਿਜਲੀ ਅਪਗ੍ਰੇਡ ਬਜਟ ਚ 750 ਕਰੋੜ ਰੁਪਏ ਮੋਹਾਲੀ ਵਿੱਚ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼ ਕੀਤਾ ਜਾ ਰਿਹਾ ਹੈ ਜਿਸ ਤਹਿਤ ਪੰਜਾਬ ਦੇ ਕਰੀਬ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪਏ ਤੱਕ ਤੇ ਮੁਫਤ ਇਲਾਜ ਦੀ ਸਹੂਲਤ ਮਿਲੇਗੀ।

# ਮੁੱਖ ਮੰਤਰੀ ਗੁਰੂਗ੍ਰਾਮ 'ਚ ਲਹਿਰਾਉਣਗੇ ਰਾਸ਼ਟਰੀ ਝੰਡਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ 26 ਜਨਵਰੀ ਨੂੰ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ ਵਿੱਚ ਪੰਚਕੂਲਾ ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਗੁਰੂਗ੍ਰਾਮ ਵਿੱਚ ਰਾਸ਼ਟਰੀ ਝੰਡਾ ਲਹਿਰਾਉਣਗੇ। ਇਟ ਹੋਮ ਪ੍ਰੋਗਰਾਮ ਲੋਕ ਭਵਨ ਚੰਡੀਗੜ੍ਹ ਵਿੱਚ ਆਯੋਜਿਤ ਕੀਤਾ ਜਾਵੇਗਾ। ਰਾਜ ਦੇ ਸਾਰੇ ਡਿਵਿਜ਼ਨ, ਜ਼ਿਲ੍ਹਿਆਂ, ਉਪ- ਡਿਵਿਜ਼ਨ, ਤਹਿਸੀਲਾਂ ਅਤੇ ਹੋਰ ਪ੍ਰਮੁੱਖ ਸਥਾਨਾਂ 'ਤੇ ਸਵੇਰੇ 10 ਵਜੇ ਰਾਸ਼ਟਰੀ ਝੰਡਾ ਲਹਿਰਾਇਆ ਜਾਵੇਗਾ।

# ਲਿੰਗ ਜਾਂਚ ਕਰਵਾਉਣ ਵਾਲੇ ਵਿਅਕਤੀ ਦੀ ਸੂਚਨਾ ਪੁਲਸ ਨੂੰ ਦਿਓ : ਕੁਲਦੀਪ ਸਿੰਘ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਿਹਤ ਵਿਭਾਗ ਦੇ ਮਹਾਨਿਦੇਸ਼ਕ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਸਾਰੇ ਜ਼ਿਲ੍ਹਾ ਸਿਵਲ ਸਰਜਨ ਆਪਣੇ-ਆਪਣੇ ਖੇਤਰ ਦੇ ਉਨ੍ਹਾਂ ਪਿੰਡਾਂ 'ਤੇ ਫੋਕਸ ਕਰਨ ਜਿਨ੍ਹਾਂ ਪਿੰਡਾਂ ਵਿੱਚ ਕੁੜੀਆਂ ਦਾ ਅਨੁਪਾਤ ਮੁੰਡੀਆਂ ਦੀ ਤੁਲਨਾ ਵਿੱਚ ਕਾਫ਼ੀ ਘੱਟ ਹੈ। ਅਜਿਹੇ ਪਿੰਡਾਂ ਵਿੱਚ ਜੇਕਰ ਕੋਈ ਲਿੰਗ ਜਾਂਚ ਕਰਵਾਉਣ ਵਾਲੇ ਅਸਮਾਜਿਕ ਵਿਅਕਤੀ ਸਰਗਰਮ ਹਨ ਤਾਂ ਉਨ੍ਹਾਂ ਦੀ ਸੂਚਨਾ ਪੁਲਸ ਅਤੇ ਸਿਹਤ ਵਿਭਾਗ ਵਿੱਚ ਜ਼ਰੂਰ ਦੇਣੀ ਚਾਹੀਦੀ ਹੈ।ਡਾ. ਕੁਲਦੀਪ ਸਿੰਘ ਇੱਥੇ ਲਿੰਗਾਨੁਪਾਤ ਵਿੱਚ ਸੁਧਾਰ ਲਈ ਗਠਿਤ ਕੀਤੀ ਗਈ ਸਪੇਸ਼ਲ ਟਾਸਕ ਫੋਰਸ ਦੀ ਹਫ਼ਤਾਵਾਰ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

# ਪ੍ਰੀ-ਬਜਟ ਕੰਸਲਟੇਸ਼ਨ ਪ੍ਰੋਗਰਾਮ

**ਚੰਡੀਗੜ੍ਹ** : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅੱਜ ਮਾਨੇਸਰ ਅਤੇ ਪਾਨੀਪਤ ਵਿੱਚ ਆਯੋਜਿਤ ਪ੍ਰੀ-ਬਜਟ ਕੰਸਲਟੇਂਸ਼ਨ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ। ਇਸ ਪ੍ਰੋਗਰਾਮ ਦਾ ਉਦੇਸ਼ ਅਗਾਮੀ ਰਾਜ ਬਜਟ ਨੂੰ ਵੱਧ ਸਮਾਵੇਸ਼ੀ, ਵਿਕਾਸਮੁੱਖੀ ਅਤੇ ਜਨਤਾ ਦੀ ਉਮੀਦਾਂ ਅਨੁਰੂਪ ਤਿਆਰ ਕਰਨਾ ਹੈ। ਸੂਬਾ ਸਰਕਾਰ ਵੱਲੋਂ ਬਜਟ ਨਿਰਮਾਣ ਦੀ ਪ੍ਰਕ੍ਰਿਆ ਵਿੱਚ ਸਮਾਜ ਦੇ ਹਰੇਕ ਵਰਗ ਦੀ ਭਾਗੀਦਾਰੀ ਯਕੀਨੀ ਕਰਨ ਦੀ ਦਿਸ਼ਾ ਵਿੱਚ ਇਹ ਇੱਕ ਮਹਤੱਵਪੂਰਣ ਪਹਿਲ ਮੰਨੀ ਜਾ ਰਹੀ ਹੈ।ਮਾਨੇਸਰ ਅਤੇ ਪਾਨੀਪਤ ਵਿੱਚ ਹੋਣ ਵਾਲੀ ਇਸ ਮੀਟਿੰਗ ਵਿੱਚ ਸੂਬਾ ਸਰਕਾਰ ਦੇ ਸੀਨੀਅਰ ਪ੍ਰਸ਼ਾਸ਼ਨਿਕ ਅਧਿਕਾਰੀ, ਉਦਯੋਗਪਤੀ, ਉਦਯੋਗਿਕ ਸੰਗਠਨਾਂ ਦੇ ਪ੍ਰਤੀਨਿਧੀ, ਵਪਾਰ ਜਗਤ ਨਾਲ ਜੁੜੇ ਪ੍ਰਮੁੱਖ ਹਿੱਤਧਾਰਕ ਅਤੇ ਵੱਖ-ਵੱਖ ਖੇਤਰਾਂ ਦੇ ਮਾਹਰ ਮੌਜੂਦ ਰਹਿਣਗੇ। ਮੀਟਿੰਗ ਦੌਰਾਨ ਉਦਯੋਗਿਕ ਵਿਕਾਸ, ਨਿਵੇਸ਼ ਪ੍ਰੋਤਸਾਹਨ, ਰੁਜ਼ਗਾਰ ਸ੍ਰਿਜਨ, ਬੁਨਿਆਦੀ ਢਾਂਚੇ ਦੇ ਵਿਸਤਾਰ, ਸਕਿਲ ਵਿਕਾਸ, ਨਵਾਚਾਰ ਅਤੇ ਸੂਬੇ ਦੀ ਆਰਥਕ ਪ੍ਰਗਤੀ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਵਿਸਤਾਰ ਚਰਚਾ ਕੀਤੀ ਜਾਵੇਗੀ।

# ਬੀਬੀ ਗੁਰਮੀਤ ਕੌਰ ਖਟਕੜ ਨਮਿਤ ਸਤਿਕਾਰ ਸਮਾਗਮ

**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਬੰਗਾ ਦੇ ਸਾਬਕਾ ਜਥੇਬੰਦਕ ਮੁਖੀ ਕੁਲਵਿੰਦਰ ਖਟਕੜ ਦੇ ਮਾਤਾ ਗੁਰਮੀਤ ਕੌਰ ਨਮਿੱਤ ਸਤਿਕਾਰ ਸਮਾਗਮ ਉਹਨਾਂ ਦੇ ਪਿੰਡ ਖਟਕੜ ਕਲਾਂ ਵਿਖੇ ਕਰਵਾਇਆ ਗਿਆ। ਇਹ ਸਮਾਗਮ



ਧਾਰਮਿਕ ਅਡੰਬਰਾਂ ਤੋਂ ਰਹਿਤ, ਘਸੇ ਪਿਟੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਲਾਂਜਲੀ ਦਿੰਦਾ ਹੋਇਆ ਨਿਰੋਲ ਤਰਕਸ਼ੀਲ ਅਤੇ ਵਿਗਿਆਨਕ ਵਿਚਾਰਾਂ ਦਾ ਛੱਟਾ ਦਿੰਦਾ ਨੇਪਰੇ ਚੜ੍ਹਿਆ। ਮੁੱਖ ਬੁਲਾਰੇ ਰਿਟਾ. ਸਿਵਲ ਸਰਜਨ ਡਾ. ਸੁਖਵਿੰਦਰ ਸਿੰਘ ਹੀਰਾ ਨੇ ਬਲੱਡ ਪਰੈਸ਼ਰ, ਸ਼ੂਗਰ ਅਤੇ ਕੈਂਸਰ ਵਰਗੀਆਂ ਬੀਮਾਰੀਆਂ ਹੋਣ ਦੇ ਕਾਰਨ, ਲੱਛਣ, ਇਲਾਜ਼ ਅਤੇ ਇਹਨਾਂ ਤੋਂ ਛੁਟਕਾਰਾ ਪਾਉਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਤਰਕਸ਼ੀਲ ਆਗੂ ਸੱਤਪਾਲ ਸਲੋਹ, ਸੁਖਦੇਵ ਫਗਵਾੜਾ, ਬੂਟਾ ਸਿੰਘ ਮਹਿਮੂਦਪੁਰ, ਮਾ.ਜਗਦੀਸ਼ ਰਾਏਪੁਰ ਡੱਬਾ ਅਤੇ ਬਲਦੇਵ ਸਿੰਘ ਰਹਿਪਾ ਕੈਨੇਡਾ ਨੇ ਕਿਹਾ ਕਿ ਚੰਗੀ ਅਤੇ ਲੰਬੀ ਜ਼ਿੰਦਗੀ ਜਿਊਣ ਲਈ ਸਾਨੂੰ ਸੰਤੁਲਿਤ ਖੁਰਾਕ ਅਤੇ ਸਰੀਰਕ ਕਸਰਤ ਕਰਨੀ ਚਾਹੀਦੀ ਹੈ। ਲਗਾਤਾਰ ਮਿਹਨਤ ਅਤੇ ਸੰਘਰਸ਼ ਕਰਨਾ ਚਾਹੀਦਾ ਹੈ। ਤਰਕਸ਼ੀਲ ਨਜ਼ਰੀਏ ਨਾਲ ਜਬਰ ਜ਼ੁਲਮ ਖ਼ਿਲਾਫ਼ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਭਿਆਚਾਰਕ ਵਿਭਾਗ ਮੁਖੀ ਜੋਗਿੰਦਰ ਕੁੱਲੇਵਾਲ ਨੇ ਸਮਾਜ ਵਿੱਚ ਤਰਕਸ਼ੀਲ ਸੱਭਿਆਚਾਰ ਸਿਰਜਣ ਤੇ ਜ਼ੋਰ ਦਿੰਦਿਆਂ ਕਿਹਾ ਕਿ ਆਓ ਬੇ-ਲੋੜੀਆਂ ਰਹੁ- ਰੀਤਾਂ ਨੂੰ ਤਿਆਗ ਕੇ ਸਮੇਂ ਦੇ ਹਾਣੀ ਬਣੀਏ ਅਤੇ ਮਾਨਸਿਕ ਗ਼ੁਲਾਮੀ ਤੋਂ ਛੁਟਕਾਰਾ ਪਾਈਏ। ਇਕਾਈ ਬੰਗਾ ਦੇ ਆਗੂ ਲੈਕ.ਸੰਤੋਸ਼ ਖਟਕੜ ਤੇ ਰੂਬੀ ਬੰਗਾ ਮਾਂ ਦੇ ਰੁਤਬੇ ਨੂੰ ਵਡਿਆਉਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਤੇ ਘਰਾਂ ਵਿੱਚ ਇਹੋ ਜਹੇ ਸਮਾਗਮ ਕਰਾਉਣ ਪ੍ਰੇਰਿਤ ਕੀਤਾ। ਧਰਮਿੰਦਰ ਮਸਾਣੀ ਤੇ ਰਿਟਾ. ਪੀ ਟੀ ਜੋਗਿੰਦਰ ਪਾਲ ਖਟਕੜ ਦੁਆਰਾ ਇਨਕਲਾਬੀ ਗੀਤਾਂ ਰਾਹੀਂ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਵੀ ਮਾਤਾ ਗੁਰਮੀਤ ਕੌਰ ਅਤੇ ਪਰਿਵਾਰ ਪ੍ਰਤੀ ਆਪਣੀਆਂ ਸਨੇਹੀ ਭਾਵਨਾਵਾਂ ਪ੍ਰਗਟ ਕੀਤੀਆਂ। ਲੈਕ. ਬਲਵੀਰ ਕੁਮਾਰ ਨਵਾਂਸ਼ਹਿਰ , ਤੀਰਥ ਰਸੂਲਪੁਰੀ ਅਤੇ ਹੋਰ ਰਿਸ਼ਤੇਦਾਰਾਂ ਮਿੱਤਰਾਂ ਦੋਸਤਾਂ ਨੇ ਮਾਤਾ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਸਰਪੰਚ ਨਿੰਦਰ ਮਾਈਦਿੱਤਾ ਨੇ ਤਰਕਸ਼ੀਲ ਅਗਾਂਹਵਧੂ ਵਿਚਾਰਾਂ ਨੂੰ ਪ੍ਰਗਟਾਉਂਦੀ ਪ੍ਰਦਰਸ਼ਨੀ ਲਗਾਈ ਗਈ ਤੇ ਸੁਖਵਿੰਦਰ ਲੰਗੇਰੀ ਨੇ ਬੁੱਕ ਸਟਾਲ ਲਗਾਈ ਤੇ ਲੋਕਾਂ ਨੂੰ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਸਮੁਚੀ ਸਟੇਜ ਦੀ ਕਾਰਵਾਈ ਮਾ.ਜਗਦੀਸ਼ ਰਾਏਪੁਰ ਡੱਬਾ ਦੁਆਰਾ ਚਲਾਈ ਗਈ।ਇਸ ਮੌਕੇ ਮੋਹਨ ਬੀਕਾ, ਸੁਖਵਿੰਦਰ ਗੋਗਾ, ਬਲਜੀਤ ਖਟਕੜ, ਸਤਨਾਮ ਖਟਕੜ, ਕੁਲਦੀਪ ਜੇਠੂ ਮਜਾਰਾ, ਡਾ.ਬਲਦੇਵ ਸਿੰਘ ਬੀਕਾ, ਸੁੱਚਾ ਰਾਮ, ਕਮਲੇਸ਼,ਨੀਲਮ ਭਗਵਾਨ ਦਾਸ, ਸਤਨਾਮ ਸਿੰਘ, ਮਨਦੀਪ, ਬਲਵਿੰਦਰ ਕੌਰ ਸਲੋਹ, ਰਾਜ ਕੁਮਾਰੀ, ਬਿਮਲਾ ਰਾਣੀ , ਕਮਲਜੀਤ ਕੌਰ,ਮੈਡਮ ਅੰਜੂ ਬੇਦੀ, ਅਜਵਿੰਦਰ ਵਿਰਦੀ ,ਬਚਨ ਕੌਰ, ਜਗਨ ਨਾਥ, ਜਗਤਾਰ ਸਿੰਘ ਅਤੇ ਹੋਰ ਬਹੁਤ ਸਾਰੇ ਰਿਸ਼ਤੇਦਾਰ ਹਾਜ਼ਰ ਸਨ।

# ਤਨਜਾਨੀਆ-ਹਰਿਆਣਾ ਵਿਚਕਾਰ ਵਪਾਰ ਨੂੰ ਮਜ਼ਬੂਤ ਕਰਨ ਲਈ ਉੱਚ ਪੱਧਰੀ ਮੀਟਿੰਗ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਤੰਜਾਨਿਆ-ਹਰਿਆਣਾ ਦੇ ਵਿੱਚਕਾਰ ਵਪਾਰ ਨੂੰ ਵਾਧਾ ਦੇਣ ਦੇ ਉਦੇਸ਼ ਨਾਲ ਹਰਿਆਣਾ ਵਿਦੇਸ਼ ਸਹਿਯੋਗ ਵਿਭਾਗ ਅਤੇ ਸਿਵਲ ਐਵੀਏਸ਼ਨ ਵਿਭਾਗ ਦੀ ਪ੍ਰਧਾਨ ਸਕੱਤਰ ਸ੍ਰੀਮਤੀ ਅਮਨੀਤ ਪੀ. ਕੁਮਾਰ ਦੀ ਅਗਵਾਈ ਵਿੱਚ ਅਹਿਮ ਮੀਟਿੰਗ ਹੋਈ। ਮੀਟਿੰਗ ਵਿੱਚ ਵਿਆਪਾਰਿਆਂ ਅਤੇ ਪ੍ਰਗਤੀਸ਼ੀਲ ਕਿਸਾਨਾਂ ਨਾਲ ਤੰਜਾਨਿਆਂ ਵਿੱਚ ਖੇਤੀਬਾੜੀ ਗਤੀਵਿਧੀਆਂ ਰਾਹੀਂ ਕਿਸਾਨਾਂ ਦੀ ਆਮਦਣ ਵਧਾਉਣ ਦੀ ਸੰਭਾਵਨਾਵਾਂ 'ਤੇ ਵਿਚਾਰ ਵਟਾਂਦਰਾਂ ਕੀਤੀ ਗਈ। ਮੀਟਿੰਗ ਵਿੱਚ ਮੁੱਖ ਮੰਤਰੀ ਦੇ ਸਲਾਹਕਾਰ ( ਵਿਦੇਸ਼ ਸਹਿਯੋਗ ਵਿਭਾਗ ) ਸ੍ਰੀ ਪਵਨ ਚੌਧਰੀ ਵੀ ਮੌਜੂਦ ਰਹੇ।ਮੀਟਿੰਗ ਦੌਰਾਨ ਤੰਜਾਨਿਆ ਵਿੱਚ ਖੇਤੀ ਦੇ ਯੰਤਰਾਂ ਦੀ ਸੰਭਾਵਿਤ ਮੰਗ, ਵੱਖ ਵੱਖ ਖੇਤਰਾਂ ਅਨੁਸਾਰ ਫਸਲ ਚੌਣ, ਬਾਗਵਾਨੀ ਅਤੇ ਦਾਲਾਂ ਦੀਆਂ ਫਸਲਾਂ ਦੀ ਸੰਭਾਵਨਾਵਾਂ, ਸਿੰਚਾਈ ਲਈ ਜਲ ਉਪਲਬਧਤਾ ਅਤੇ ਬਿਜਲੀ ਸਪਲਾਈ ਜਿਹੇ ਵਿਸ਼ਿਆਂ 'ਤੇ ਬਿੰਦੁਵਾਰ ਚਰਚਾ ਕੀਤੀ ਗਈ। ਇਸ ਦੇ ਇਲਾਵਾ, ਮਾਇਨਿੰਗ ਖੇਤਰ ਨਾਲ ਜੁੜੇ ਵਿਆਪਾਰਿਆਂ ਵੱਲੋਂ ਆਪਣੇ - ਆਪਣੇ ਖੇਤਰਾਂ ਨਾਲ ਸਬੰਧਿਤ ਵੱਖ ਵੱਖ ਮੁੱਦਿਆਂ ਅਤੇ ਸਵਾਲ ਵੀ ਮੀਟਿੰਗ ਵਿੱਚ ਰੱਖੇ ਗਏ।

# ਬੈਂਸ ਨੇ ਗੈਂਗਸਟਰਾਂ ਖ਼ਿਲਾਫ਼ ਫੈਸਲਾਕੁੰਨ ਜੰਗ ਵਜੋਂ 'ਅਪ੍ਰੇਸ਼ਨ ਪ੍ਰਹਾਰ' ਦੀ ਕੀਤੀ ਸ਼ਲਾਘਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸੂਬੇ ਵਿੱਚੋਂ ਗੈਂਗਸਟਰਵਾਦ ਤੇ ਅਪਰਾਧਿਕ ਤਾਕਤਾਂ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ੍ਹ ਅਤੇ ਸਪੱਸ਼ਟ ਰੁਖ਼ ਅਪਣਾਉਂਦਿਆਂ, ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ 'ਆਪ੍ਰੇਸ਼ਨ ਪ੍ਰਹਾਰ' ਤਹਿਤ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਦੀ ਸ਼ਲਾਘਾ ਕੀਤੀ। ਇਹ ਆਪ੍ਰੇਸ਼ਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਅੱਤਵਾਦ, ਗੈਂਗਸਟਰਵਾਦ ਅਤੇ ਸੰਗਠਿਤ ਅਪਰਾਧ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਨੂੰ ਦਰਸਾਉਂਦਾ ਹੈ।ਬੈਂਸ ਨੇ ਕਿਹਾ 'ਮੁੱਖ ਮੰਤਰੀ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਸ਼ਾਨ ਅਤੇ ਸੁਰੱਖਿਆ ਲਈ ਜੰਗ ਦਾ ਆਗਾਜ਼ ਹੋ ਗਿਆ ਹੈ।' ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਖਿਲਾਫ਼ ਕਾਰਵਾਈ ਲਈ 2,000 ਟੀਮਾਂ, ਜਿਨ੍ਹਾਂ ਵਿੱਚ 12,000 ਤੋਂ ਵੱਧ ਪੁਲਿਸ ਮੁਲਾਜ਼ਮ ਸ਼ਾਮਲ ਹਨ, ਨਾਲ ਮਿਸਾਲੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਪੂਰੀ ਫੋਰਸ ਪੰਜਾਬ ਵਿੱਚੋਂ ਗੈਂਗਸਟਰਾਂ ਨੂੰ ਜੜੋਂ ਖਤਮ ਕਰਨ ਵਿੱਚ ਜੁਟੀ ਹੋਈ ਹੈ। ਪੰਜਾਬ ਪੁਲਿਸ ਦੇ ਜਜ਼ਬੇ ਅਤੇ ਵਚਨਬੱਧਤਾ ਨੂੰ ਸਲਾਮ ਕਰਦਿਆਂ, ਸ. ਬੈਂਸ ਨੇ ਕਿਹਾ ਕਿ ਬੀਤੀ ਦੇਰ ਰਾਤ ਸ਼ੁਰੂ ਹੋਏ ਅਤੇ 72 ਘੰਟੇ ਚੱਲਣ ਵਾਲੇ ਇਸ ਆਪ੍ਰੇਸ਼ਨ ਦੌਰਾਨ ਪੂਰੇ ਤਾਲਮੇਲ ਨਾਲ ਗੈਂਗਸਟਰਾਂ ਨੂੰ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਮਾਨ ਨਿੱਜੀ ਤੌਰ 'ਤੇ ਇਸ ਆਪ੍ਰੇਸ਼ਨ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕੋਈ ਆਮ ਕਾਰਵਾਈ ਨਹੀਂ ਹੈ ਸਗੋਂ ਇਹ ਅਮਨ-ਕਾਨੂੰਨ ਦੇ ਦੁਸ਼ਮਣਾਂ ਵਿਰੁੱਧ ਜੰਗ ਦਾ ਐਲਾਨ ਹੈ।

# ਇਤਿਹਾਸਕ ਗੰਗਾ ਸਾਗਰ ਸੰਬੰਧੀ ਸੀਚੇਵਾਲ ਨੇ ਰਿਲੀਜ਼ ਕੀਤੀ ਪੁਸਤਕ

**ਫਗਵਾੜਾ, (ਡਾ. ਰਮਨ)**- ਪੰਜਾਬ ਪ੍ਰੈੱਸ ਕਲੱਬ ਵਿਚ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਰਾਇਕੋਟ ਰਿਆਸਤ ਦੇ ਮੁਖੀ ਰਾਏਕੱਲ੍ਹਾ ਨੂੰ 1705 ਵਿਚ ਬਖ਼ਸ਼ਿਸ਼ ਕੀਤੇ ਗਏ ਗੰਗਾ ਸਾਗਰ (ਸੁਰਾਹੀਨੁਮਾ ਬਰਤਨ) ਸੰਬੰਧੀ 'ਦਸਮੇਸ਼-



ਪਿਤਾ ਬਖ਼ਸ਼ਿਸ਼ ਪਵਿੱਤਰ ਗੰਗਾ ਸਾਗਰ ਸੁੱਚੀ ਸੇਵਾ ਸੰਭਾਲ' ਪੁਸਤਕ ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਲੋਂ ਰਿਲੀਜ਼ ਕੀਤੀ ਗਈ। ਇਹ ਪੁਸਤਕ ਉੱਘੇ ਇਤਿਹਾਸਕਾਰ ਤੇ ਖੋਜੀ ਡਾ. ਗੁਰਦੇਵ ਸਿੰਘ ਸਿੱਧੂ ਵਲੋਂ ਲਿਖੀ ਗਈ ਹੈ। ਇਸ ਪੁਸਤਕ ਵਿਚ ਗੰਗਾ ਸਾਗਰ ਦੇ ਇਤਿਹਾਸ, ਰਾਏਕੱਲ੍ਹਾ ਦੇ ਪਰਿਵਾਰਕ ਪਿਛੋਕੜ ਤੇ ਰਾਏਕੋਟ ਰਿਆਸਤ ਸੰਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਹੈ। ਇਥੇ ਇਹ ਵਰਣਨਯੋਗ ਹੈ ਕਿ 1705 ਵਿਚ ਜਦੋਂ ਮੁਗ਼ਲ ਫ਼ੌਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰ ਰਹੀਆਂ ਸਨ ਤਾਂ ਗੁਰੂ ਸਾਹਿਬ ਮਾਛੀਵਾੜਾ ਤੋਂ ਹੁੰਦੇ ਹੋਏ ਰਾਏਕੋਟ ਰਿਆਸਤ ਵਿਚ ਪਹੁੰਚੇ ਸਨ, ਜਿਥੇ ਸਿਆਸਤ ਦੇ ਮੁਖੀ ਰਾਏਕੱਲ੍ਹਾ ਨੇ ਔਰੰਗਜ਼ੇਬ ਦੀ ਹਕੂਮਤ ਦੀ ਪਰਵਾਹ ਨਾ ਕਰਦਿਆਂ ਤੇ ਮੁਸਲਮਾਨ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਦੀ ਸ਼ਰਧਾ ਨਾਲ ਸੇਵਾ ਕੀਤੀ ਸੀ। ਇਸ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਰਾਏਕੱਲ੍ਹਾ ਨੂੰ ਗੰਗਾ ਸਾਗਰ, ਇਕ ਕਿਰਪਾਨ ਤੇ ਰੀਹਲ ਦੀ ਬਖ਼ਸ਼ਿਸ਼ ਕੀਤੀ ਸੀ। ਇਸ ਸਮੇਂ ਗੰਗਾ ਸਾਗਰ ਰਾਏਕੱਲ੍ਹਾ ਦੀ ਨੌਵੀਂ ਸੰਤਾਨ ਰਾਏ ਅਜ਼ੀਜ਼-ਉੱਲਾ ਖਾਨ ਦੀ ਸੇਵਾ-ਸੰਭਾਲ ਵਿਚ ਹੈ ਤੇ ਉਹ ਇਸ ਨੂੰ ਵੱਖ-ਵੱਖ ਦੇਸ਼ਾਂ ਦੀ ਸਿੱਖ ਸੰਗਤ ਦੀ ਮੰਗ 'ਤੇ ਦਰਸ਼ਨ ਦੀਦਾਰ ਕਰਵਾਉਣ ਲਈ ਲੈ ਕੇ ਜਾਂਦੇ ਹਨ। ਪੁਸਤਕ ਰਿਲੀਜ਼ ਕਰਨ ਸਮੇਂ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇਹ ਇਤਿਹਾਸਕ ਪੁਸਤਕ ਪ੍ਰਕਾਸ਼ਿਤ ਕਰਨ ਲਈ ਡਾ. ਗੁਰਦੇਵ ਸਿੰਘ ਸਿੱਧੂ ਅਤੇ ਰਾਏ ਅਜ਼ੀਜ਼ ਉੱਲਾ ਖਾਨ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਪੁਸਤਕ ਨਾਲ ਸਾਡੀਆਂ ਨਵੀਆਂ ਪੀੜ੍ਹੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਰਾਏਕੱਲ੍ਹਾ ਨਾਲ ਸੰਬੰਧਾਂ ਤੇ ਇਤਿਹਾਸਕ ਗੰਗਾ ਸਾਗਰ ਸੰਬੰਧੀ ਮਹੱਤਵਪੂਰਨ ਜਾਣਕਾਰੀ ਮਿਲੇਗੀ। ਇਸ ਤੋਂ ਪਹਿਲਾਂ ਸੀਨੀਅਰ ਪੱਤਰਕਾਰ ਸ੍ਰੀ ਸਤਨਾਮ ਸਿੰਘ ਮਾਣਕ ਨੇ ਇਸ ਪੁਸਤਕ ਸੰਬੰਧੀ ਅਤੇ ਰਾਏ ਅਜ਼ੀਜ਼ ਉੱਲਾ ਖਾਨ ਦੀ ਸ਼ਖ਼ਸੀਅਤ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਅਖੀਰ ਵਿਚ ਡਾ. ਲਖਵਿੰਦਰ ਸਿੰਘ ਜੌਹਲ ਨੇ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਪੁਸਤਕ ਰਿਲੀਜ਼ ਕਰਨ ਲਈ ਅਤੇ ਪ੍ਰੈੱਸ ਕਲੱਬ ਤੇ ਮੀਡੀਆ ਦਾ ਇਸ ਸਮਾਰੋਹ ਵਿਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਪੁਸਤਕ ਰਿਲੀਜ਼ ਸਮਾਰੋਹ ਵਿਚ ਡਾ. ਕਮਲੇਸ਼ ਸਿੰਘ ਦੁੱਗਲ, ਕੁਲਦੀਪ ਸਿੰਘ ਬੇਦੀ, ਪ੍ਰੈੱਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ, ਗ਼ਜ਼ਲਗੋ ਗੁਰਦਿਆਲ ਰੌਸ਼ਨ, ਗੁਰਮੀਤ ਸਿੰਘ ਵਾਰਿਸ, ਇੰਦਰਜੀਤ ਸਿੰਘ ਆਰਟਿਸਟ, ਗੁਰਪ੍ਰੀਤ ਸਿੰਘ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਤੇ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

# ਮਾਮਲਾ ਸਰਕਾਰੀ ਸਕੂਲ ਨੂਰਮਹਿਲ ਦੀ ਰੁਕੀ ਉਸਾਰੀ ਨੂੰ ਚਾਲੂ ਕਰਨ ਦਾ

## ਵੱਖ-ਵੱਖ ਜਥੇਬੰਦੀਆਂ ਦਾ ਵਫ਼ਦ ਮਿਲੇਗਾ ਡੀ ਈ ਓ ਜਲੰਧਰ ਨੂੰ : ਬਾਲੀ, ਪੱਬਵਾਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਵੱਖ ਵੱਖ ਕਿਸਾਨ ਮਜ਼ਦੂਰ, ਅਧਿਆਪਕ, ਵਿਦਿਆਰਥੀ ਨੌਜਵਾਨ ਜਥੇਬੰਦੀਆਂ ਨੇ ਮੰਗ ਕੀਤੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਬਿਲਡਿੰਗ ਦੀ ਉਸਾਰੀ ਤੁਰੰਤ ਕਰਵਾ ਕੇ ਸਕੂਲ ਨੂੰ ਚਾਲੂ ਕੀਤਾ ਜਾਵੇ। ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਸਾਂਝੇ ਰੂਪ ਵਿੱਚ ਡੀ ਈ ਓ ਜਲੰਧਰ ਨੂੰ ਮਿਲ ਕੇ ਮੰਗ ਪੱਤਰ ਵੀ ਸੌਂਪੇਗਾ ਤੇ ਇਸਦੀ ਰੁਕੀ ਹੋਈ ਉਸਾਰੀ ਬਾਰੇ ਜਾਣਕਾਰੀ ਵੀ ਲਏਗਾ। ਇਸ ਮੌਕੇ ਆਗੂਆਂ ਜਾਣਕਾਰੀ



ਦਿੰਦਿਆਂ ਦੱਸਿਆ ਕਿ ਪਿਛਲੇ ਦੋ ਦਹਾਕਿਆਂ ਤੋਂ ਨੂਰਮਹਿਲ ਇਲਾਕਾ ਇਕ ਸਰਕਾਰੀ ਸਕੂਲ ਬਿਲਡਿੰਗ ਦੀ ਉਡੀਕ ਕਰ ਰਿਹਾ ਹੈ। ਨੂਰਮਹਿਲ ਸ਼ਹਿਰ ਨੂੰ ਵੱਖ ਵੱਖ ਦਰਜਨਾਂ ਪਿੰਡ ਲੱਗਦੇ ਹਨ। ਜਿਨ੍ਹਾਂ ਨੂੰ ਇਕ ਸਰਕਾਰੀ ਸਕੂਲ ਦੀ ਅੱਜ ਤੱਕ ਉਡੀਕ ਹੈ। ਪਿਛਲੇ ਸਾਲ 16 ਕਰੋੜ ਰੁਪਏ ਦੀ ਰਾਸ਼ੀ ਵੀ ਜਾਰੀ ਹੋਈ , ਸਕੂਲ ਵਿੱਚ ਐਨ ਓ ਸੀ ਦਾ ਜੋ ਅੜਿਕਾ ਸੀ ਉਹ ਵੀ ਪੁਰਾਤਤਵ ਵਿਭਾਗ ਕਲੀਅਰ ਹੋ ਚੁੱਕਾ ਹੈ। ਪਰ ਫਿਰ ਵੀ ਸਰਕਾਰ ਵਲੋਂ ਇਸਨੂੰ ਅਜੇ ਤੱਕ ਵੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਹ ਸਰਕਾਰਾਂ ਦੀ ਸਿਖਿਆ ਪ੍ਰਤੀ ਗੈਰ ਗੰਭੀਰਤਾ ਨੂੰ ਦਰਸਾਉਂਦਾ ਹੈ। ਇਸ ਮਾਮਲੇ ਨੂੰ ਲੈ ਕੇ ਲਗਾਤਾਰ ਪੱਤਰਕਾਰ ਬਾਲਕ੍ਰਿਸ਼ਨ ਬਾਲੀ ਅਤੇ ਜਥੇਬੰਦੀਆਂ ਵੱਲੋਂ ਸੰਘਰਸ਼ ਕੀਤਾ ਗਿਆ ਹੈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸੰਤੋਖ ਸਿੰਘ ਸੰਧੂ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਰਮਨਦੀਪ ਕੌਰ, ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਹੰਸ ਰਾਜ ਪੱਬਵਾਂ ਆਦਿ ਹਾਜ਼ਰ ਸਨ।

# ਮਲਟੀਪਰਪਜ਼ ਕੇਡਰ ਦੀਆਂ ਮੰਗਾਂ ਦੇ ਹੱਲ ਲਈ ਗਣਤੰਤਰ ਦਿਵਸ 'ਤੇ ਦਿੱਤੇ ਜਾਣਗੇ ਯਾਦ ਪੱਤਰ

**ਬਲਾਚੌਰ (ਜਸਵਿੰਦਰ ਬੈਂਸ)**- ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਮਲਟੀਪਰਪਜ ਹੈਲਥ ਇੰਪਲਾਈਜ ਮੇਲ ਫੀਮੇਲ ਯੂਨੀਅਨ ਪੰਜਾਬ ਵੱਲੋਂ ਗਣਤੰਤਰ ਦਿਵਸ ਦੇ ਮੌਕੇ ਤੇ ਸਾਰੇ ਜ਼ਿਲਿਆਂ ਵਿੱਚ ਝੰਡਾ ਲਹਿਰਾਉਣ ਆਏ ਮੁੱਖ ਮੰਤਰੀ/ਕੈਬਨਿਟ ਮੰਤਰੀ ਸਾਹਿਬਾਨ ਨੂੰ ਕਰਮਚਾਰੀਆਂ ਦੀਆਂ ਮੁੱਖ ਅਤੇ ਜਾਇਜ਼ ਮੰਗਾਂ ਦੇ ਹੱਲ ਲਈ ਮੰਗ ਪੱਤਰ ਦਿੱਤੇ ਜਾਣਗੇ। ਯੂਨੀਅਨ ਦੇ ਆਗੂਆ ਸੁਬਾਈ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ, ਹਰਵਿੰਦਰ ਸਿੰਘ ਛੀਨਾ ਮੋਹਾਲੀ, ਮਨਜੀਤ ਕੋਰ ਬਾਜਵਾ ਗੁਰਦਾਸਪੁਰ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜਿਲਕਾ, ਸੁਬਾਈ ਆਗੂਆਂ ਗੁਰਦੇਵ ਸਿੰਘ ਢਿਲੋ, ਵਿਰਸਾ ਸਿੰਘ ਪਨੂੰ, ਨਰਿੰਦਰ ਸਰਮਾ ਫ਼ਿਰੋਜ਼ਪੁਰ ਰਣਦੀਪ ਸਿੰਘ ਫਤਿਹਗੜ, ਸੁਖਜੀਤ ਸਿੰਘ ਸੇਖੋ ਮੁਕਤਸਰ, ਹਰਜੀਤ ਸਿੰਘ ਪੋਹਵਿੰਡ ਤਰਨਤਾਰਨ, ਜਸਵਿੰਦਰ ਸਿੰਘ ਪੰਧੇਰ ਲੁਧਿਆਣਾ, ਅਵਤਾਰ ਸਿੰਘ ਗੰਢੂਆ ਸੰਗਰੂਰ,ਸੁਰਿੰਦਰਪਾਲ ਸਿੰਘ ਸੋਨੀ, ਨਿਗਾਹੀ ਰਾਮ ਮਲੇਰਕੋਟਲਾ, ਸਰਬਜੀਤ ਸਿੰਘ ਤਰਨਤਾਰਨ, ਕਵਿਤਾ, ਪਰਮਜੀਤ



ਕੋਰ ਜਲੰਧਰ, ਸਰਬਜੀਤ ਕੌਰ ਨਵਾਂ ਸ਼ਹਿਰ ,ਬਲਜਿੰਦਰ ਸਿੰਘ ਬਰਨਾਲਾ, ਹਰਪ੍ਰੀਤ ਸਿੰਘ ਮਾਨਸਾ, ਮਲਕੀਤ ਸਿੰਘ ਖਿਆਲਾ,ਦਲਜੀਤ ਸਿੰਘ ਢਿੱਲੋਂ ,ਰਜਨੀ ਸ਼ਰਮਾ ਹੁਸਿਆਰਪੁਰ,ਸਤਨਾਮ ਸਿੰਘ ਗੁਰਦਾਸਪੁਰ, ਬਿਕਰਮ ਸਿੰਘ,ਸਿਕੰਦਰ ਸਿੰਘ ਪਠਾਨਕੋਟ, ਜਗਤਾਰ ਪਟਿਆਲਾ, ਸੁਖਵਿੰਦਰ ਸਿੰਘ ਬਾਲੇਵਾਲ ਸਮੇਤ ਸੂਬਾ ਪ੍ਰੈਸ ਸਕੱਤਰ ਰਵਿੰਦਰ ਸਰਮਾ ਨੇ ਕਿਹਾ ਕਿ ਸਿਹਤ ਵਿਭਾਗ ਵਿੱਚ ਸੇਵਾਵਾਂ ਨਿਭਾ ਰਹੇ ਮਲਟੀਪਰਪਜ ਹੈਲਥ ਕਰਮਚਾਰੀਆਂ ਦੀਆ ਪਿਛਲੇ ਲੰਮੇ ਸਮੇਂ ਤੋਂ ਕਈ ਮੁੱਖ ਮੰਗਾ ਜਿਵੇਂ ਕਿ ਮਲਟੀਪਰਪਜ ਕੇਡਰ ਦਾ ਨਾਮ ਬਗੈਰ ਕਿਸੇ ਵਿੱਤੀ ਲਾਭ ਦੇ ਬਦਲਣ ਸਬੰਧੀ,ਸਤੰਬਰ 2021ਤੋ ਰੋਕੇ ਭੱਤੇ ਬਹਾਲ ਕਰਨ ਸਬੰਧੀ, ਕੇਂਦਰੀ ਸਕੇਲ ਅਧੀਨ ਮੁਲਾਜ਼ਮਾਂ ਤੇ ਪੰਜਾਬ ਦੇ ਸਕੇਲ ਲਾਗੂ ਕਰਨ ਸਬੰਧੀ, ਬਰਾਬਰ ਕੰਮ ਬਰਾਬਰ ਤਨਖਾਹ ਮਾਨਯੋਗ ਹਾਈਕੋਰਟ ਦੇ ਫੈਸਲਿਆ ਮੁਤਾਬਕ ਪਟੀਸਨਰ ਤੇ ਲਾਗੂ ਕਰਨ, ਪਦਉਨਤੀਆ ਸਮਾਬੱਧ ਕਰਨ ਤੇ ਸੀਨੀਅਰਤਾ ਸੂਚੀਆਂ ਸੋਧਣ ਸਮੇਤ ਹੋਰ ਮੰਗਾਂ ਦਾ ਹੱਲ ਨਹੀ ਹੋ ਰਿਹਾ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਜਲਦੀ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਉਨਾ ਨੂੰ ਮਜਬੂਰਨ ਤਿੱਖੇ ਸੰਘਰਸ਼ ਦਾ ਰਾਹ ਅਪਨਾਉਣ ਲਈ ਮਜਬੂਰ ਹੋਣਾ ਪਵੇਗਾ। ਇਸ ਮੋਕੇ ਹੋਰ ਆਗੂ ਵੀ ਹਾਜਰ ਸਨ ।

# ਡਿਪਟੀ ਕਮਿਸ਼ਨਰ ਨੇ ਕੀਤੀ ਸੁਰੱਖਿਅਤ ਪਤੰਗਬਾਜ਼ੀ ਦੀ ਅਪੀਲ

**ਹੁਸ਼ਿਆਰਪੁਰ (ਓ ਪੀ ਰਾਣਾ)** ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਨੂੰ ਪਤੰਗ ਉਡਾਉਂਦੇ ਸਮੇਂ ਸਿਰਫ਼ ਸੂਤੀ ਡੋਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਚਾਈਨਾ ਡੋਰ, ਪਲਾਸਟਿਕ ਅਤੇ ਹਰ ਤਰ੍ਹਾਂ ਦੀ ਸਿੰਥੈਟਿਕ ਡੋਰ ਦੀ ਵਰਤੋਂ, ਵਿਕਰੀ ਅਤੇ ਸਟੋਰੇਜ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਇਸ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੀਜ਼ਨ ਵਿੱਚ ਪਤੰਗਬਾਜ਼ੀ ਵਧ ਰਹੀ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਸੂਤੀ ਡੋਰ ਦੀ ਥਾਂ ਖ਼ਤਰਨਾਕ ਪਲਾਸਟਿਕ ਅਤੇ ਸਿੰਥੈਟਿਕ ਡੋਰ ਦੀ ਵਰਤੋਂ ਵਧੀ ਹੈ। ਇਹ ਡੋਰ ਬਹੁਤ ਖ਼ਤਰਨਾਕ ਸਾਬਤ ਹੋ ਰਹੀ ਹੈ, ਜੋ ਨਾ ਸਿਰਫ਼ ਪਤੰਗਬਾਜ਼ਾਂ ਨੂੰ ਗੰਭੀਰ ਸੱਟਾਂ ਪਹੁੰਚਾਉਂਦੀ ਹੈ, ਸਗੋਂ ਵਾਹਨ ਚਾਲਕਾਂ, ਬੱਚਿਆਂ ਅਤੇ ਰਾਹਗੀਰਾਂ ਦੀ ਜਾਨ ਨੂੰ ਵੀ ਖ਼ਤਰੇ ਵਿੱਚ ਪਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਜਨਤਕ ਸੁਰੱਖਿਆ ਨੂੰ ਤਰਜੀਹ ਦੇਣ ਅਤੇ ਸਿਰਫ਼ ਸੂਤੀ ਡੋਰ ਦੀ ਵਰਤੋਂ ਕਰਨ, ਕਿਸੇ ਵੀ ਵਰਜਿਤ ਡੋਰ ਦੀ ਵਰਤੋਂ ਤੋਂ ਖ਼ੁਦ ਗੁਰੇਜ਼ ਕਰਨ।

# ਵਿਧਾਇਕ ਵੱਲੋਂ 11.38 ਕਿਲੋਮੀਟਰ ਨਵੀਆਂ ਸੜਕਾਂ ਦੀ ਉਸਾਰੀ ਦੀ ਸ਼ੁਰੂਆਤ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਹਲਕਾ ਵਿਧਾਇਕ ਮੋਹਾਲੀ ਸ. ਕੁਲਵੰਤ ਸਿੰਘ ਵੱਲੋਂ ਹਲਕੇ ਅੰਦਰ ਵੱਖ-ਵੱਖ ਪਿੰਡਾਂ ਦੀਆਂ ਲਿੰਕ ਸੜਕਾਂ ਅਤੇ ਫ਼ਿਰਨੀਆਂ ਦੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਸੜਕਾਂ ਦੀ ਕੁੱਲ ਲੰਬਾਈ 11.38 ਕਿਲੋਮੀਟਰ ਹੈ, ਜਿਨ੍ਹਾਂ 'ਤੇ ਲਗਭੱਗ 246.88 ਲੱਖ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਸਾਰੀਆਂ ਸੜਕਾਂ ਦਾ ਕੰਮ 6 ਮਹੀਨੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਕੁਲਵੰਤ ਸਿੰਘ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਪਿੰਡਾਂ ਦੀ ਆਪਸੀ ਕਨੈਕਟਿਵਿਟੀ ਮਜ਼ਬੂਤ ਹੋਵੇਗੀ ਅਤੇ ਲੋਕਾਂ ਨੂੰ ਆਵਾਜਾਈ ਵਿੱਚ ਸੁਵਿਧਾ ਮਿਲੇਗੀ।



ਉਨ੍ਹਾਂ ਦੱਸਿਆ ਕਿ ਸਾਰਾ ਕੰਮ ਨਿਰਧਾਰਤ ਮਿਆਰਾਂ ਅਨੁਸਾਰ ਕੀਤਾ ਜਾਵੇਗਾ ਅਤੇ ਸੜਕਾਂ ਦੀ ਲੰਬੇ ਸਮੇਂ ਤੱਕ ਮਜ਼ਬੂਤੀ ਯਕੀਨੀ ਬਣਾਈ ਜਾਵੇਗੀ। ਇਨ੍ਹਾਂ ਸੜਕਾਂ ਵਿੱਚ 1.96 ਕਿ.ਮੀ. ਲੰਬੀ ਨਾਨੂੰਮਾਜਰਾ-ਸੰਭਾਲਕੀ- ਸੁੱਖਗੜ੍ਹ-ਸਨੇਟਾ ਸੜਕ ਦੀ 41.73 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ, ਜਦਕਿ 5 ਸਾਲਾਂ ਦੀ ਦੇਖਭਾਲ ਲਈ 3.33 ਲੱਖ ਰੁਪਏ ਰੱਖੇ ਗਏ ਹਨ। 420 ਮੀਟਰ ਹਿੱਸਾ ਪੇਵਰ ਬਲਾਕ ਅਤੇ ਬਾਕੀ ਲੁੱਕ ਨਾਲ ਤਿਆਰ ਕੀਤਾ ਜਾਵੇਗਾ। ਪਿੰਡ ਸੰਭਾਲਕੀ ਦੀ 0.75 ਕਿ.ਮੀ. ਲੰਬੀ ਫ਼ਿਰਨੀ ਦੀ ਮੁਰੰਮਤ 'ਤੇ 11.58 ਲੱਖ ਰੁਪਏ ਖਰਚ ਕੀਤੇ ਜਾਣਗੇ ਅਤੇ 5 ਸਾਲਾਂ ਦੀ ਦੇਖਭਾਲ ਲਈ 2.41 ਲੱਖ ਰੁਪਏ ਰੱਖੇ ਗਏ ਹਨ। ਸੜਕ ਲੁੱਕ ਨਾਲ ਬਣਾਈ ਜਾਵੇਗੀ। ਖ਼ਰੜ-ਬਨੂੜ ਰੋਡ ਤੋਂ ਰਾਏਪੁਰ ਕਲਾਂ 1.10 ਕਿ.ਮੀ. ਲੰਬੀ ਲਿੰਕ ਸੜਕ ਦੀ ਮੁਰੰਮਤ 16.20 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ। 400 ਮੀਟਰ ਹਿੱਸਾ ਪੇਵਰ ਬਲਾਕ ਅਤੇ ਬਾਕੀ ਹਿੱਸਾ ਲੁੱਕ ਨਾਲ ਬਣਾਇਆ ਜਾਵੇਗਾ। ਸੈਦਪੁਰ-ਚੂਹੜਮਾਜਰਾ ਤੱਕ 1 ਕਿ.ਮੀ. ਲੰਬੀ ਸੜਕ 'ਤੇ 19.52 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਅਤੇ 5 ਸਾਲਾਂ ਦੀ ਦੇਖਭਾਲ ਲਈ 2.88 ਲੱਖ ਰੁਪਏ ਰੱਖੇ ਗਏ ਹਨ। ਸੜਕ ਲੁੱਕ ਨਾਲ ਤਿਆਰ ਕੀਤੀ ਜਾਵੇਗੀ।ਗੋਬਿੰਦਗੜ੍ਹ ਤੋਂ ਢੇਲਪੁਰ ਤੱਕ 2.17 ਕਿ.ਮੀ. ਲੰਬੀ ਸੜਕ ਦੇ ਨਵੀਨੀਕਰਨ 'ਤੇ 41.16 ਲੱਖ ਰੁਪਏ ਦੀ ਲਾਗਤ ਨਾਲ ਕੰਮ ਕੀਤਾ ਜਾਵੇਗਾ ਅਤੇ 5 ਸਾਲਾਂ ਦੀ ਦੇਖਭਾਲ ਲਈ 5.64 ਲੱਖ ਰੁਪਏ ਰੱਖੇ ਗਏ ਹਨ। ਸੜਕ ਲੁੱਕ ਨਾਲ ਬਣਾਈ ਜਾਵੇਗੀ। ਢੇਲਪੁਰ ਤੋਂ ਗੜਾਣਾ 1.19 ਕਿ.ਮੀ. ਲੰਬੀ ਲਿੰਕ ਸੜਕ 'ਤੇ 19.67 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਜਾਵੇਗੀ, ਜਦਕਿ 5 ਸਾਲਾਂ ਦੀ ਦੇਖਭਾਲ ਲਈ 2.40 ਲੱਖ ਰੁਪਏ ਰੱਖੇ ਗਏ ਹਨ।ਗੀਗਾ ਮਾਜਰਾ ਦੀ 0.88 ਕਿ.ਮੀ. ਲੰਬੀ ਫ਼ਿਰਨੀ ਨੂੰ 24.86 ਲੱਖ ਰੁਪਏ ਦੀ ਲਾਗਤ ਨਾਲ 60 ਮਿ.ਮੀ. ਪੇਵਰ ਬਲਾਕ ਲਗਾ ਕੇ ਤਿਆਰ ਕੀਤਾ ਜਾਵੇਗਾ। ਮਨੌਲੀ-ਸਿਆਊ ਲਿੰਕ ਸੜਕ ਅਤੇ ਪ੍ਰੇਮਗੜ੍ਹ ਪਹੁੰਚ ਮਾਰਗ (2.33 ਕਿ.ਮੀ. ਲੰਬੀ) ਸੜਕ 'ਤੇ 48.47 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਅਤੇ 5 ਸਾਲਾਂ ਦੀ ਦੇਖਭਾਲ ਲਈ 7.04 ਲੱਖ ਰੁਪਏ ਰੱਖੇ ਗਏ ਹਨ। ਸੜਕ ਲੁੱਕ ਨਾਲ ਬਣਾਈ ਜਾਵੇਗੀ।ਐਮ ਐਲ ਏ ਕੁਲਵੰਤ ਸਿੰਘ ਨੇ ਦੱਸਿਆ ਕਿ ਮੋਹਾਲੀ ਹਲਕੇ ਵਿੱਚ 60 ਨਵੀਆਂ ਸੜਕਾਂ ਅਤੇ 32 ਨਵੇਂ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ।

# ਮਹਿਲਾਵਾਂ ਵਿਰੁੱਧ ਅੱਤਿਆਚਾਰ ਦੀ ਰੋਕਥਾਮ ਵਿਸ਼ੇ 'ਤੇ ਸੈਸ਼ਨ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਬਾਬਾ ਜਨਕ ਸਿੰਘ ਤੇ ਮਾਣਯੋਗ ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਹੇਠ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਭੌਤਿਕ ਵਿਗਿਆਨ, ਜੀਵਨ ਵਿਗਿਆਨ ਤੇ ਐਲਾਇਡ ਹੈਲਥ ਸਾਇੰਸਿਜ਼ ਵਿਭਾਗ ਦੇ ਸਹਿਯੋਗ ਨਾਲ ਮਹਿਲਾਵਾਂ ਵਿਰੁੱਧ ਉਤਪੀੜਨ ਦੀ ਰੋਕਥਾਮ ਵਿਸ਼ੇ ਉੱਤੇ ਇੱਕ ਜਨਤਕ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਹ ਸੈਸ਼ਨ ਡਾ. ਮਿੱਠੂ ਮੈਤੀ ਜਾਨਾ, ਚੇਅਰਪਰਸਨ ਤੇ ਡਾ. ਸ਼ਵੇਤਾ ਸਿੰਘ, ਡੀਨ ਯੂ ਆਈ ਐੱਸ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਪੰਨ ਹੋਇਆ। ਇਸ ਦੌਰਾਨ ਭੌਤਿਕ ਵਿਗਿਆਨ, ਜੀਵਨ ਵਿਗਿਆਨ ਅਤੇ ਐਲਾਇਡ ਹੈਲਥ ਸਾਇੰਸਿਜ਼ ਵਿਭਾਗਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਮੈਂਬਰਾਂ ਨੇ ਉਕਤ ਵਿਸ਼ੇ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਕਾਰਜਕ੍ਰਮ ਦੇ ਅਖੀਰ ਵਿੱਚ ਇੱਕ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨ ਵੀ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸੰਵੇਦਨਸ਼ੀਲ ਅਤੇ ਸਮਕਾਲੀ ਸਮਾਜਕ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕਰਨ ਲਈ ਸਾਰਥਕ ਮੰਚ ਪ੍ਰਦਾਨ ਕਰਨਾ ਸੀ। ਨਾਲ ਹੀ, ਵਿਦਿਆਰਥੀਆਂ ਵਿੱਚ ਸਰਗਰਮ ਭਾਗੀਦਾਰੀ, ਆਲੋਚਨਾਤਮਕ ਸੋਚ ਅਤੇ ਆਤਮ-ਵਿਸ਼ਵਾਸ ਨੂੰ ਪ੍ਰੋਤਸਾਹਿਤ ਕਰਨ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਡਾ. ਮਿੱਠੂ ਮੈਤੀ ਜਾਨਾ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਭਰਪੂਰ ਸਰਾਹਨਾ ਕਰਦਿਆਂ ਇਸ ਤਰ੍ਹਾਂ ਦੇ ਜਾਗਰੂਕਤਾ ਭਰੇ ਕਾਰਜਕ੍ਰਮਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ 'ਤੇ ਸਾਰੇ ਮੈਂਬਰਾਂ ਸਮੇਤ ਭੌਤਿਕ ਵਿਗਿਆਨ, ਜੀਵਨ ਵਿਗਿਆਨ ਅਤੇ ਐਲਾਇਡ ਹੈਲਥ ਸਾਇੰਸਿਜ਼ ਵਿਭਾਗਾਂ ਦੇ ਅਧਿਆਪਕ ਮੌਜੂਦ ਰਹੇ।

# ਇਲਾਕਾ ਸੰਘਰਸ਼ ਕਮੇਟੀ ਦੇ ਵਫ਼ਦ ਦੀ ਕੈਬਨਿਟ ਮੰਤਰੀ ਨਾਲ ਮੀਟਿੰਗ

**ਨੰਗਲ (ਸੁਰਜੀਤ ਢੇਰ)**- ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਇਲਾਕਾ ਸੰਘਰਸ਼ ਕਮੇਟੀ ਦੇ ਵਫ਼ਦ ਨੇ ਸਰਕਾਰ ਵੱਲੋਂ ਦਿੱਤੇ ਗਏ ਸੱਦੇ 'ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਮੁਲਾਕਾਤ ਕੀਤੀ। ਸੁਖਾਵੇਂ ਮਾਹੌਲ ਵਿੱਚ ਹੋਈ ਇਸ ਮੀਟਿੰਗ ਦੌਰਾਨ ਗੈਰ ਕਾਨੂੰਨੀ ਮਾਈਨਿੰਗ ਖ਼ਿਲਾਫ਼ ਠੋਸ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ ਸਬੰਧੀ ਵੱਖ-ਵੱਖ ਪ੍ਰਕਿਰਿਆਵਾਂ

**● ਹਰਜੋਤ ਬੈਂਸ ਵੱਲੋਂ ਮਾਈਨਿੰਗ ਰੋਕਣ ਲਈ ਸਖ਼ਤ ਕਾਰਵਾਈ ਦਾ ਭਰੋਸਾ**

'ਤੇ ਸਹਿਮਤੀ ਬਣੀ। ਇਸ ਮੌਕੇ ਸੰਘਰਸ਼ੀ ਆਗੂਆਂ ਵੱਲੋਂ ਨੰਗਲ, ਸ੍ਰੀ ਅਨੰਦਪੁਰ ਸਾਹਿਬ ਅਤੇ ਰੋਪੜ ਹਲਕਿਆਂ ਵਿੱਚੋਂ ਲੰਘਦੇ ਸਤਲੁਜ ਦਰਿਆ ਅਤੇ ਸਵਾਂ ਸਮੇਤ ਦਰਿਆਈ ਏਰੀਆ ਵਿੱਚ ਮਾਈਨਿੰਗ ਮਾਫੀਆ ਵੱਲੋਂ ਨਿਯਮਾਂ ਦੀ ਉਲੰਘਣਾ ਕਰਕੇ ਕੀਤੀ ਜਾ ਰਹੀ ਗੈਰ ਕਾਨੂੰਨੀ ਮਾਈਨਿੰਗ ਦਾ ਮਸਲਾ ਜ਼ੋਰਦਾਰ ਢੰਗ ਨਾਲ ਚੁੱਕਿਆ ਗਿਆ।ਆਗੂਆਂ ਨੇ ਦੱਸਿਆ ਕਿ ਦਰਿਆਈ ਖੇਤਰਾਂ ਤੋ ਅੱਗੇ ਵੀ ਵਹਿਦਲ ਜ਼ਮੀਨਾਂ 'ਤੇ ਮਾਫੀਆ ਵੱਲੋਂ ਕੁਦਰਤੀ ਸਾਧਨਾਂ ਦੀ ਬੇਰਹਿਮੀ ਨਾਲ ਲੁੱਟ ਕੀਤੀ ਜਾ ਰਹੀ ਹੈ।ਸੰਘਰਸ਼ ਕਮੇਟੀ ਵੱਲੋਂ ਗੈਰ ਕਾਨੂੰਨੀ ਮਾਈਨਿੰਗ ਨੂੰ ਜ਼ਮੀਨੀ ਪੱਧਰ 'ਤੇ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕ ਕਮੇਟੀ ਬਣਾਉਣ ਦਾ ਖਰੜਾ ਪੇਸ਼ ਕੀਤਾ ਗਿਆ। ਇਸ ਟਾਸਕ ਕਮੇਟੀ ਵਿੱਚ ਨੰਗਲ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਐਸਡੀਐਮ, ਦੋਨਾਂ ਹਲਕਿਆਂ ਦੇ ਡੀਐਸਪੀ, ਮਾਈਨਿੰਗ ਵਿਭਾਗ ਦੇ ਅਧਿਕਾਰੀ ਅਤੇ



ਪਬਲਿਕ ਕਮੇਟੀ ਦੇ ਮੈਂਬਰ ਸ਼ਾਮਲ ਕਰਨ ਉੱਤੇ ਸਹਿਮਤੀ ਬਣੀ। ਨਾਲ ਹੀ ਟਾਸਕ ਕਮੇਟੀ ਅਤੇ ਸੰਘਰਸ਼ ਕਮੇਟੀ ਦੇ ਮੈਂਬਰਾਂ ਦੀ ਮਹੀਨਾਵਾਰ ਮੀਟਿੰਗ ਕਰਕੇ ਕਾਰਵਾਈ ਦੀ ਸਮੀਖਿਆ ਕਰਨ ਦੀ ਮੰਗ ਵੀ ਰੱਖੀ ਗਈ। ਆਗੂਆਂ ਨੇ ਕਿਹਾ ਕਿ ਦਰਿਆਵਾਂ ਦੇ ਬਿਗੜ ਰਹੇ ਕੁਦਰਤੀ ਰੂਪ ਨੂੰ ਬਚਾਉਣ ਅਤੇ ਮਾਈਨਿੰਗ ਮਾਫੀਆ ਦੇ ਵਧਦੇ ਕਦਮਾਂ 'ਤੇ ਰੋਕ ਲਗਾਉਣ ਲਈ ਸਖ਼ਤ ਕਾਨੂੰਨੀ ਕਾਰਵਾਈ ਬਹੁਤ ਜ਼ਰੂਰੀ ਹੈ।ਸੰਘਰਸ਼ ਕਮੇਟੀ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਭਰੋਸਾ ਦਿਵਾਇਆ ਕਿ ਨਿਯਮਾਂ ਤੋਂ ਬਾਹਰ ਜਾ ਕੇ ਗੈਰ ਕਾਨੂੰਨੀ ਮਾਈਨਿੰਗ ਕਰਨ ਵਾਲਿਆਂ ਨੂੰ ਕਿਸੇ ਵੀ ਸੂਰਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਬਾਹਰੀ ਲੋਕਾਂ ਵੱਲੋਂ ਮਾਈਨਿੰਗ ਮਾਫੀਆ ਦੇ ਰੂਪ ਵਿੱਚ ਸਿੰਡੀਕੇਟ ਬਣਾ ਕੇ ਕੁਦਰਤੀ ਸਾਧਨਾਂ ਦੀ ਲੁੱਟ ਕੀਤੀ ਜਾ ਰਹੀ ਸੀ, ਜਿਸ ਨੂੰ ਮੌਜੂਦਾ ਸਰਕਾਰ ਨੇ ਖਤਮ ਕੀਤਾ ਹੈ।ਉਨ੍ਹਾਂ ਵਿਭਾਗੀ ਅਧਿਕਾਰੀਆਂ ਤੋਂ ਮਿਲੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਨੰਗਲ ਅਨੰਦਪੁਰ ਸਾਹਿਬ ਏਰੀਆ ਵਿੱਚ ਮਾਈਨਿੰਗ ਲਈ ਅੱਠ ਸਾਈਟਾਂ ਮਨਜ਼ੂਰ ਹਨ।ਨਿਯਮਾਂ ਦੀ ਉਲੰਘਣਾ ਕਰਕੇ ਗੈਰਕਾਨੂੰਨੀ ਮਾਈਨਿੰਗ ਕਰਨ ਵਾਲਿਆਂ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤੇ ਭਵਿੱਖ ਵਿੱਚ ਹੋਰ ਸਖਤ ਐਕਸ਼ਨ ਕਰਨ ਦੇ ਹੁਕਮ ਸੰਬੰਧਿਤ ਵਿਭਾਗਾਂ ਨੂੰ ਜਾਰੀ ਕਰ ਦਿੱਤੇ ਗਏ ਹਨ। ਉਹਨਾਂ ਨੇ ਨਾਲ ਹੀ ਟਾਸਕ ਕਮੇਟੀ ਬਣਾਉਣ 'ਤੇ ਵੀ ਸਹਿਮਤੀ ਜਤਾਈ ਗਈ ਹੈ।ਮੀਟਿੰਗ ਤੋਂ ਬਾਅਦ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਅੱਜ ਦੀ ਮੀਟਿੰਗ ਸਕਾਰਾਤਮਕ ਅਤੇ ਸੁਖਾਵੇਂ ਮਾਹੌਲ ਵਿੱਚ ਹੋਈ ਹੈ। ਕੈਬਨਿਟ ਮੰਤਰੀ ਵੱਲੋਂ ਮਿਲੇ ਭਰੋਸੇ ਦੇ ਆਧਾਰ 'ਤੇ ਅਗਲੇ 15 ਦਿਨਾਂ ਤੱਕ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਵਾਈ ਦੀ ਪੜਚੋਲ ਕੀਤੀ ਜਾਵੇਗੀ। ਜੇਕਰ ਇਸ ਦੌਰਾਨ ਗੈਰ ਕਾਨੂੰਨੀ ਮਾਈਨਿੰਗ ਜਾਂ ਢਿੱਲਮੁੱਲੀ ਸਾਹਮਣੇ ਆਈ ਤਾਂ ਅਗਲੇ ਸੰਘਰਸ਼ ਦੀ ਰਣਨੀਤੀ ਤੈਅ ਕੀਤੀ ਜਾਵੇਗੀ।ਇਸ ਮੌਕੇ ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਮਜ਼ਾਰੀ, ਟਿੱਕਾ ਯਸ਼ਵੀਰ ਚੰਦ, ਰਘਬੀਰ ਸਿੰਘ ਬੇਲਾ, ਗੌਰਵ ਰਾਣਾ, ਕੁਲਦੀਪ ਸਿੰਘ ਬੇਲਾ ਸਮੇਤ ਹੋਰ ਸੰਘਰਸ਼ੀ ਆਗੂ ਮੌਜੂਦ ਰਹੇ।

# ਵਿਧਾਇਕ ਡਾ. ਸੁੱਖੀ ਨੂੰ ਸਦਮਾ, ਪਿਤਾ ਦਾ ਦੇਹਾਂਤ

**ਬੰਗਾ (ਅਵਤਾਰ ਕਲੇਰ)** ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਪਿਤਾ ਚੌਧਰੀ ਰਾਮ ਕਿਸ਼ਨ ਸਾਬਕਾ ਤਹਿਸੀਲਦਾਰ ਸਦੀਵੀ ਵਿਛੋੜਾ ਦੇ ਗਏ। ਡਾ ਸੁੱਖੀ ਨੇ ਦੱਸਿਆ ਕਿ ਪਿਤਾ ਕੁਝ ਸਮੇਂ ਤੋਂ ਬਿਮਾਰ ਸਨ ਤੇ ਉਹ ਸਾਨੂੰ ਸਦੀਵੀ



ਵਿਛੋੜਾ ਦੇ ਗਏ। ਉਨ੍ਹਾਂ ਦੱਸਿਆ ਕਿ ਅੰਤਿਮ ਸੰਸਕਾਰ 21 ਜਨਵਰੀ ਨੂੰ ਦੁਪਹਿਰ 12-00 ਵਜੇ ਸੱਚ ਘਰ ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਵੇਗਾ। ਇਸ ਦੁੱਖ ਦੀ ਘੜੀ 'ਚ ਵੱਖ ਵੱਖ ਧਾਰਮਿਕ ਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਕੁਲਜੀਤ ਸਿੰਘ ਸਰਹਾਲ, ਹਰਜੋਤ ਕੌਰ ਲੋਹਟੀਆ, ਪਵਨਜੀਤ ਸਿੰਘ ਸਿੱਧੂ, ਰੌਬੀ ਕੰਗ, ਸਤਵੀਰ ਸਿੰਘ ਪੱਲੀਝਿੱਕੀ, ਨਛੱਤਰ ਪਾਲ ਵਿਧਾਇਕ ਨਵਾਂ ਸ਼ਹਿਰ, ਸੁਖਦੀਪ ਸਿੰਘ ਸ਼ੁਕਾਰ, ਪ੍ਰਵੀਨ ਬੰਗਾ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ, ਕਮਲਜੀਤ ਬੰਗਾ, ਕਮਲਜੀਤ ਸਿੰਘ ਮੇਹਲੀ, ਜਸਪਾਲ ਕਲੇਰ, ਸਰਬਜੀਤ ਕੌਰ ਸਰਪੰਚ ਮੇਹਲੀ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

21 Jan Page 9 New Page.qxd 1/20/2026 10:52 PM Page 1



# ਦੋ ਦਰਜਨ ਤੋਂ ਵੱਧ ਪਰਵਾਰ ਕਾਂਗਰਸ 'ਚ ਸ਼ਾਮਲ

**ਮੋਹਾਲੀ (ਗੁਰਜੀਤ ਬਿੱਲਾ)**- ਸੈਕਟਰ-66 ਵਿਖੇ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਦੋ ਦਰਜਨ ਤੋਂ ਵੱਧ ਪਰਵਾਰਾਂ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੇ ਬਲਬੀਰ ਸਿੰਘ ਸਿੱਧੂ ਦੀ ਲੋਕ-ਹਿਤੈਸ਼ੀ ਸੋਚ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਬਲਬੀਰ ਸਿੰਘ ਸਿੱਧੂ ਨੇ ਹਰਜੀਤ ਅਚਰਵਾਲਾਂ, ਮੁਕੇਸ਼ ਕੁਮਾਰ, ਅਵਤਾਰ ਕੌਰ, ਮਨਜੀਤ ਸਿੰਘ, ਬਿਜਲੀ ਬੋਰਡ ਤੋਂ ਰਿਟਾਇਰਡ ਕੁਲਵੰਤ ਸਿੰਘ, ਪਿੰਦਰ ਕੌਰ ਪਤਨੀ ਕੁਲਵੰਤ ਸਿੰਘ, ਸੁਰੇਸ਼ ਚੰਦ ਸਕਸੈਨਾ, ਰਾਜ ਕੁਮਾਰ ਰੈਡੀ, ਹਿੰਮਤ ਕੁਮਾਰ ਰੈਡੀ, ਰਜਿੰਦਰ ਮੈਨੀ (ਸੁਪਰਡੈਂਟ ਪੀ ਐੱਸ ਈ ਬੀ), ਸੁਖਦੇਵ ਕੌਰ, ਮਨਜੀਤ ਕੌਰ, ਸੀਤਾ ਜੀ, ਡੀ. ਸੀ. ਦਫ਼ਤਰ ਤੋਂ ਰਿਟਾਇਰਡ ਸੁਪਰਡੈਂਟ ਕੁਲਦੀਪ ਚੰਦ ਤੇ ਪੀ ਐੱਸ ਪੀ ਸੀ ਐੱਲ ਤੋਂ ਰਿਟਾਇਰਡ ਮਨਿੰਦਰ ਕੌਰ ਪਤਨੀ ਕੁਲਦੀਪ ਚੰਦ ਆਦਿ ਨੂੰ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰਵਾਈ। ਇਸ ਮੌਕੇ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਸਵਾਗਤ ਕਰਦੇ ਹੋਏ ਸ. ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਤਜਰਬੇਕਾਰ, ਸੇਵਾ-ਭਾਵੀ ਅਤੇ ਸਮਾਜ ਨਾਲ ਡੂੰਘੀ ਜੁੜਤ ਰੱਖਣ ਵਾਲੇ ਲੋਕਾਂ ਦਾ ਕਾਂਗਰਸ ਵਿੱਚ ਆਉਣਾ ਇਸ ਗੱਲ ਦਾ ਸਬੂਤ ਹੈ ਕਿ ਪਾਰਟੀ ਦੀਆਂ ਨੀਤੀਆਂ ਅਤੇ ਸੰਘਰਸ਼ ਭਰੀ ਸੋਚ ਨੂੰ ਲੋਕਾਂ ਦਾ ਭਰੋਸਾ ਮਿਲ ਰਿਹਾ ਹੈ। ਬਲਬੀਰ ਸਿੰਘ ਸਿੱਧੂ ਨੇ ਪਾਰਟੀ ਵਿੱਚ ਸ਼ਾਮਲ ਹੋਏ ਸਾਰੇ ਵਰਕਰਾਂ



ਅਤੇ ਆਗੂਆਂ ਨੂੰ ਬਣਦਾ ਪੂਰਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਕਾਂਗਰਸ ਪਾਰਟੀ ਸਿਰਫ਼ ਸਿਆਸੀ ਮੰਚ ਹੀ ਨਹੀਂ, ਬਲਕਿ ਸੇਵਾ, ਸੰਘਰਸ਼ ਅਤੇ ਲੋਕ-ਭਲਾਈ ਦੀ ਵਿਚਾਰਧਾਰਾ ਹੈ। ਪਾਰਟੀ ਵਿੱਚ ਨਵੇਂ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਉਨ੍ਹਾਂ ਦੀ ਯੋਗਤਾ ਅਤੇ ਸਮਰਪਣ ਅਨੁਸਾਰ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ ਤਾਂ ਜੋ ਉਹ ਆਪਣੇ-ਆਪਣੇ ਖੇਤਰਾਂ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਸਰਗਰਮ ਭੂਮਿਕਾ ਨਿਭਾ ਸਕਣ। ਇਸ ਮੌਕੇ ਤਜਿੰਦਰ ਸਿੰਘ ਮਾਵੀ, ਮਾਸਟਰ ਚਰਨ ਸਿੰਘ, ਜਸਬੀਰ ਸਿੰਘ ਮਾਣਕਪੁਰ, ਸਾਬਕਾ ਪ੍ਰਧਾਨ ਗੁਰਦੀਪ ਸਿੰਘ ਢਿੱਲੋਂ, ਡਾ. ਕਰਮਜੀਤ ਸਿੰਘ ਸਿੱਧੂ, ਐਡਵੋਕੇਟ ਕੰਵਰਬੀਰ ਸਿੰਘ ਸਿੱਧੂ (ਰੂਬੀ), ਮਾਨ ਸਾਬ੍ਹ, ਭੁਪਿੰਦਰ ਸਿੰਘ ਤੇ ਮੁਲਾਜ਼ਮ ਆਗੂ ਭੁਪਿੰਦਰ ਸ਼ਰਮਾ ਹਾਜ਼ਰ ਸਨ।

# ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਬਰਾਂਚ ਦੀ ਮਹੀਨਾਵਾਰ ਮੀਟਿੰਗ

**ਜਲੰਧਰ/ਮਹਿਟੀਆਣਾ (ਰਾਜੇਸ਼ ਥਾਪਾ/ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾਵਾਰ ਮੀਟਿੰਗ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰੀ ਹਾਲ ਵਿਖੇ ਕਾਮਰੇਡ ਕ੍ਰਿਪਾਲ ਸਿੰਘ ਜੌਹਲ, ਦਿਲਬੀਰ ਸਿੰਘ ਐਨ ਆਰ ਆਈ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਸਭ ਤੋਂ ਪਹਿਲਾਂ ਸਾਥੀ ਪ੍ਰੇਮ ਸਿੰਘ ਕਰਨੈਲ ਗੰਜ, ਸੋਮ ਸਿੰਘ ਦੀ ਭੈਣ ਜੀ ਅਤੇ ਹੋਰ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਸੀਨੀ : ਮੀਤ ਪ੍ਰਧਾਨ ਦਵਿੰਦਰਪਾਲ ਸਿੰਘ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ ਅਤੇ ਹਰਿੰਦਰ ਸਿੰਘ ਚੀਮਾ ਵੱਲੋਂ ਕੇਂਦਰ ਅਤੇ ਸੂਬੇ ਦੀ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ, ਮਜ਼ਦੂਰਾਂ ਅਤੇ ਕਿਸਾਨਾਂ ਵਿਰੋਧੀ ਜੋ ਮਾਰੂ ਨੀਤੀਆਂ ਅਤੇ ਦੇਸ਼ ਨੂੰ ਕਾਰਪੋਰੇਟ ਕੰਪਨੀਆਂ ਹਵਾਲੇ ਕਰਨ ਵਾਲੀਆਂ ਨੀਤੀਆਂ ਜਿਵੇਂ ਮਨਰੇਗਾ ਦਾ ਨਾਮ ਬਦਲਣਾ, ਬਿਜਲੀ ਸੋਧ ਬਿੱਲ 2025, ਕਿਸਾਨ ਵਿਰੋਧੀ ਬੀਜ ਬਿੱਲ 2025, ਲੇਬਰ ਕਾਨੂੰਨਾਂ ਨੂੰ ਚਾਰ ਹਿੱਸਿਆਂ ਵਿੱਚ ਵੰਡਣ ਆਦਿ ਦੀ ਸਖ਼ਤ ਨਿਖੇਧੀ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਕਾ. ਜਸਵੰਤ ਸਿੰਘ ਸਮਰਾ ਦੀ ਬਰਸੀ ਜੋ 27 ਫਰਵਰੀ ਨੂੰ ਜਲੰਧਰ ਵਿਖੇ ਮਨਾਈ ਜਾਣੀ ਹੈ ਉਸ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਮੁਲਾਜ਼ਮਾਂ



ਅਤੇ ਪੈਨਸ਼ਨਰਾਂ ਦੇ 1-1-2016 ਤੋਂ ਰੀਵਾਈਜ਼ ਕੀਤੇ ਗਰੇਡ ਅਤੇ ਡੀ. ਏ ਦੀਆਂ ਕਿਸ਼ਤਾਂ ਦੇ ਬਕਾਏ ਦੇਣ ਕੀਤੇ ਐਲਾਨ ਨੂੰ ਪੰਜਾਬ ਸਰਕਾਰ ਦੀ ਡੰਗ ਟਪਾਊ ਪਾਲਿਸੀ ਅਤੇ ਕੋਝਾ ਮਜ਼ਾਕ ਕਿਹਾ। ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਪੈਨਸ਼ਨਰਾਂ ਮੁਲਾਜ਼ਮਾਂ ਮਜ਼ਦੂਰਾਂ ਨਾਲ ਹਮਦਰਦੀ ਭਰਿਆ ਵਤੀਰਾ ਨਹੀਂ ਅਪਣਾਇਆ। ਪੰਜਾਬ ਸਰਕਾਰ ਨੇ ਸਾਲ 2025 ਵਿੱਚ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਇੱਕ ਵੀ ਡੀ ਏ ਦੀ ਕਿਸ਼ਤ ਜਾਰੀ ਨਹੀਂ ਕੀਤੀ ।ਜਿਸ ਕਾਰਨ ਸਰਕਾਰ ਪ੍ਰਤੀ ਬਹੁਤ ਨਿਰਾਸ਼ਾ ਪਾਈ ਜਾ ਰਹੀ ਹੈ।ਇਸ ਮੌਕੇ ਪੰਜਾਬ ਪੈਨਸ਼ਨ ਯੂਨੀਅਨ ਜਲੰਧਰ ਬ੍ਰਾਂਚ ਵਲੋਂ 70-75-80 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰ ਤਿੰਨ ਸਾਥੀ ਕਾਮਰੇਡ ਕ੍ਰਿਪਾਲ ਸਿੰਘ ਜੌਹਲ, ਕਾ.ਨਿਰਮਲ ਸਿੰਘ ਭੁੱਲਰ ਅਤੇ ਸਾਥੀ ਸੁਖਰਾ ਸਿੰਘ ਜਿਨ੍ਹਾਂ ਨੂੰ ਜਥੇਬੰਦੀ ਵੱਲੋਂ ਇੱਕ ਲੋਈ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰ ਸਾਥੀਆਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ ਜਥੇਬੰਦਕ ਸਕੱਤਰ, ਗੁਰਜੀਤ ਸਿੰਘ ਸੂਬਾਈ ਮੀਤ ਪ੍ਰਧਾਨ, ਪਰਮਜੀਤ ਸਿੰਘ ਨਡਾਲੋਂ, ਸੰਤੋਖ ਸਿੰਘ ਕੈਸ਼ੀਅਰ, ਮਦਨ ਲਾਲ, ਕੇਸਰ ਚੰਦ, ਹਰਿੰਦਰ ਸਿੰਘ ਢਿਲਵਾਂ, ਰੇਸ਼ਮ ਸਿੰਘ ਕੰਗ ਸਾਬੂ, ਬਲਵਿੰਦਰ ਸਿੰਘ ਮੁਲਤਾਨੀ, ਜਗੀਰ ਸਿੰਘ ਬਾਜਵਾ, ਪ੍ਰਦੀਪ ਕੁਮਾਰ, ਸੰਤੋਖ ਸਿੰਘ, ਗੁਰਦਿਆਲ ਸਿੰਘ ਜਲਵੇਹੜਾ, ਜਗਦੇਵ ਸਿੰਘ ਕੁਕੋਵਾਲ, ਗਿਆਨ ਸਿੰਘ, ਸ਼ਾਮ ਲਾਲ ਨਵਾਂਸ਼ਹਿਰ, ਸੁਰਿੰਦਰ ਸਿੰਘ, ਜਗਤਾਰ ਸਿੰਘ, ਰਾਜਿੰਦਰ ਸਿੰਘ ਰਿਟਾ. ਇੰਸ., ਸੁਰਜੀਤ ਕਮਾਰ , ਪ੍ਰਤਾਪ ਬਹਾਦਰ ਅਤੇ ਹੋਰ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।

# ਅਣਪਛਾਤੇ ਵਾਹਨ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, 3 ਜ਼ਖ਼ਮੀ



**ਫਿਲੌਰ, (ਨਿਕਮਲ)**- ਫਿਲੌਰ ਗੁਰਾਇਆ ਹਾਈਵੇ ਸਥਿਤ ਸੀ ਐਨ ਜੀ ਪੈਟਰੋਲ ਪੰਪ ਸਾਹਮਣੇ ਇੱਕ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਨੂੰ ਟੱਕਰ ਮਾਰਨ ਨਾਲ 3 ਵਿਅਕਤੀ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੜਕ ਸੁਰੱਖਿਆ ਫੋਰਸ ਦੇ ਇੰਚਾਰਜ ਏ ਐਸ ਆਈ ਸਰਬਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸੇ ਅਣਪਛਾਤੇ ਵਾਹਨ ਵੱਲੋਂ ਮੋਟਰਸਾਈਕਲ ਨੰਬਰ ਪੀ ਬੀ 32 ਐਨ 3601 ਨੂੰ ਟੱਕਰ ਮਾਰ ਕੇ ਫ਼ਰਾਰ ਹੋ ਗਿਆ। ਇਸ ਹਾਦਸੇ ਦੌਰਾਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਜਿਨ੍ਹਾਂ ਦੀ ਪਹਿਚਾਣ ਸੌਰਵ ਪੁੱਤਰ ਵਿਜੈ ਕੁਮਾਰ ਵਾਸੀ ਬੜਾ ਪਿੰਡ , ਗੁਰਦੀਪ ਸਿੰਘ ਪੁੱਤਰ ਪਰਗਣ ਸਿੰਘ ਵਾਸੀ ਬੜਾ ਪਿੰਡ ਹੈਪੀ ਪੁੱਤਰ ਸੰਤੋਖ ਸਿੰਘ ਕਮਾਲਪੁਰ ਗੁਰਾਇਆ ਵੱਜੋਂ ਹੋਈ ਹੈ ਜਿਨ੍ਹਾਂ ਨੂੰ ਮੁਢੱਲੀ ਸਹਾਇਤਾ ਦੇਣ ਉਪਰੰਤ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਪਹੁੰਚਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਥਾਣਾ ਫਿਲੌਰ ਦੇ ਏ ਐਸ ਆਈ ਜੈ ਗੋਪਾਲ ਨੂੰ ਸੂਚਿਤ ਕਰ ਦਿੱਤਾ ਹੈ।

# ਐੱਲ ਪੀ ਯੂ ਵੱਲੋਂ ਮਾਸਟਰ ਕਲਾਸ ਲਗਾਈ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸੈਂਟਰ ਫਾਰ ਡਿਸਟੈਂਸ ਐਂਡ ਔਨਲਾਈਨ ਐਜੂਕੇਸ਼ਨ (ਸੀ ਡੀ ਓ ਈ) ਨੇ ਹਾਲ ਹੀ ਵਿੱਚ ਐਲਪੀਯੂ ਕੈਂਪਸ ਵਿੱਚ 'ਬੇਤਰਤੀਬੀ ਤੋਂ ਸਪਸ਼ਟਤਾ ਤੱਕ: ਮਾਸਟਰਿੰਗ ਲਾਇਬ੍ਰੇਰੀ ਵਰਗੀਕਰਨ ਅਤੇ ਕੈਟਾਲਾਗਿੰਗ ਹੁਨਰ' ਵਿਸ਼ੇ 'ਤੇ ਇੱਕ ਜਾਣਕਾਰੀ ਭਰਪੂਰ ਮਾਸਟਰ ਕਲਾਸ ਦਾ ਆਯੋਜਨ ਕੀਤਾ। ਇਹ ਸੈਸ਼ਨ ਡਿਸਟੈਂਸ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਚਾਹਵਾਨ ਵਿਦਿਆਰਥੀਆਂ ਲਈ ਗਿਆਨ ਪ੍ਰਾਪਤ ਕਰਨ ਦਾ ਇੱਕ ਵਧੀਆ ਅਕਾਦਮਿਕ ਮੌਕਾ ਸੀ। ਮਾਸਟਰ ਕਲਾਸ ਦੀ ਅਗਵਾਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਬਲਵੰਤ ਟੰਡੇਲ ਤੇ ਡਾ. ਪ੍ਰਿਆ ਵੈਦਿਆ ਨੇ ਕੀਤੀ, ਜਿਨ੍ਹਾਂ ਨੇ ਮੁੱਖ ਲਾਇਬ੍ਰੇਰੀ ਵਰਗੀਕਰਨ ਤੇ ਕੈਟਾਲਾਗਿੰਗ ਫਰੇਮਵਰਕ 'ਤੇ ਸਿਖਲਾਈ ਪ੍ਰਦਾਨ ਕੀਤੀ। ਭਾਗੀਦਾਰਾਂ ਨੇ ਲਾਇਬ੍ਰੇਰੀ ਸੰਗਠਨ ਦੇ ਸਿਧਾਂਤਾਂ ਨੂੰ ਸਮਝਣ ਤੇ ਡੇਵੀ ਡੈਸੀਮਲ ਵਰਗੀਕਰਨ (ਡੀ ਡੀ ਸੀ), ਕੋਲਨ ਵਰਗੀਕਰਨ (ਸੀ ਸੀ), ਵਰਗੀਕਰਨ ਕੈਟਾਲਾਗ ਕੋਡ (ਸੀ ਸੀ ਸੀ), ਤੇ ਐਂਗਲੋ-ਅਮੈਰੀਕਨ ਕੈਟਾਲਾਗਿੰਗ ਨਿਯਮਾਂ, ਦੂਜੇ ਐਡੀਸ਼ਨ (ਏ ਏ ਸੀ ਆਰ 2) ਨੂੰ ਲਾਗੂ ਕਰਨ ਵਿੱਚ ਵਿਹਾਰਕ ਹੁਨਰ ਪ੍ਰਾਪਤ ਕੀਤੇ। ਇਹਨਾਂ ਹੁਨਰਾਂ ਨੇ ਉਹਨਾਂ ਨੂੰ ਸਹੀ ਅਤੇ ਮਿਆਰੀ ਕੈਟਾਲਾਗ ਐਂਟਰੀਆਂ ਤਿਆਰ ਕਰਨ, ਸਹੀ ਵਿਸ਼ਾ



ਸਿਰਲੇਖ ਅਤੇ ਕੀਵਰਡ ਨਿਰਧਾਰਤ ਕਰਨ, ਕੈਟਾਲਾਗਿੰਗ ਟੂਲਸ ਅਤੇ ਡਿਜੀਟਲ ਲਾਇਬ੍ਰੇਰੀ ਸੌਫਟਵੇਅਰ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ, ਲਾਇਬ੍ਰੇਰੀ ਸੰਗ੍ਰਹਿ ਦੀ ਪਹੁੰਚਯੋਗਤਾ ਅਤੇ ਉਪਯੋਗਤਾ ਨੂੰ ਵਧਾਉਣ, ਤੇ ਭੌਤਿਕ ਅਤੇ ਡਿਜੀਟਲ ਦੋਵਾਂ ਵਾਤਾਵਰਣਾਂ ਵਿੱਚ ਜਾਣਕਾਰੀ ਸਰੋਤਾਂ ਨੂੰ ਯੋਜਨਾਬੱਧ ਢੰਗ ਨਾਲ ਸੰਗਠਿਤ ਕਰਨ ਦੇ ਯੋਗ ਬਣਾਇਆ। ਪੰਜਾਬ ਭਰ ਦੇ ਵੱਖ-ਵੱਖ ਸਥਾਨਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜੋ ਉਨ੍ਹਾਂ ਦੇ ਪੇਸ਼ੇਵਰ ਹੁਨਰਾਂ ਨੂੰ ਵਧਾਉਣ ਲਈ ਉਨ੍ਹਾਂ ਦੀ ਮਜ਼ਬੂਤ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮਾਸਟਰ ਕਲਾਸ ਇੱਕ ਦਿਲਚਸਪ ਅਤੇ ਪ੍ਰਭਾਵਸ਼ਾਲੀ ਨੋਟ 'ਤੇ ਸਮਾਪਤ ਹੋਈ, ਭਾਗੀਦਾਰਾਂ ਨੂੰ ਜਾਣਕਾਰੀ ਸਰੋਤਾਂ ਦੇ ਪ੍ਰਬੰਧਨ ਲਈ ਯੋਜਨਾਬੱਧ, ਢਾਂਚਾਗਤ ਅਤੇ ਹੁਨਰਮੰਦ ਗਿਆਨ ਪ੍ਰਦਾਨ ਕਰਦੀ ਹੈ। ਇਸ ਸੈਸ਼ਨ ਨੇ ਨਾ ਸਿਰਫ਼ ਵਿਸ਼ਾ ਵਸਤੂ ਨੂੰ ਸਾਫ਼ ਕੀਤਾ ਬਲਕਿ ਵਿਦਿਆਰਥੀਆਂ ਨੂੰ ਸਿਧਾਂਤਕ ਗਿਆਨ ਨੂੰ ਅਸਲ-ਸੰਸਾਰ ਅਭਿਆਸ ਨਾਲ ਭਰੋਸੇ ਨਾਲ ਜੋੜਨ ਲਈ ਵੀ ਸ਼ਕਤੀ ਪ੍ਰਦਾਨ ਕੀਤੀ।ਐੱਲ ਪੀ ਯੂ ਇੱਕ ਉੱਚ-ਪੱਧਰੀ ਸੰਸਥਾ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨਾ ਜਾਰੀ ਰੱਖਦਾ ਹੈ, ਜਿਸ ਨੂੰ ਵੱਕਾਰੀ ਮਾਨਤਾਵਾਂ ਅਤੇ ਰੈਂਕਿੰਗਾਂ ਦੁਆਰਾ ਸਮਰਥਤ ਕੀਤਾ ਗਿਆ ਹੈ, ਜਿਸ ਵਿੱਚ 3.68 ਦੇ ਸਕੋਰ ਨਾਲ ਨੈਕ ਏ++ ਅਤੇ ਸਭ ਤੋਂ ਵੱਧ ਸ਼੍ਰੇਣੀ 1 ਗ੍ਰੇਡਡ ਆਟੋਨੋਮਸ ਸਥਿਤੀ ਦੇ ਨਾਲ ਯੂਜੀਸੀ ਮਾਨਤਾ ਸ਼ਾਮਲ ਹੈ।ਇਸ ਤੋਂ ਇਲਾਵਾ ਐੱਲ ਪੀ ਯੂ ਦੀ ਡਿਸਟੈਂਸ ਅਤੇ ਔਨਲਾਈਨ ਪ੍ਰੋਗਰਾਮਾਂ ਨੂੰ ਵਰਲਡ ਐਜੂਕੇਸ਼ਨ ਸਰਵਿਸਿਜ਼ ਦੁਆਰਾ ਵੀ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹੈ।

# ਸੂਬੇ ਨੂੰ ਬਾਲ ਭਿੱਖਿਆ ਤੋਂ ਮੁਕਤ ਕਰਨਾ ਪੰਜਾਬ ਸਰਕਾਰ ਦਾ ਉਦੇਸ਼ : ਸੰਦੀਪ ਸੈਣੀ

**ਹੁਸ਼ਿਆਰਪੁਰ (ਓ ਪੀ ਰਾਣਾ)** ਬੈਕਫਿੰਕੋ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੀ ਸਪੱਸ਼ਟ ਸੋਚ ਅਤੇ ਮਜ਼ਬੂਤ ਇੱਛਾ ਸ਼ਕਤੀ ਕਾਰਨ ਸੂਬੇ ਵਿੱਚ ਬੱਚਿਆਂ ਦੇ ਭੀਖ ਮੰਗਣ ਵਿਰੁੱਧ ਨਿਰਣਾਇਕ ਲੜਾਈ ਲੜੀ ਜਾ ਰਹੀ ਹੈ। ਇਸ ਦਿਸ਼ਾ ਵਿੱਚ ਚਲਾਈ ਜਾ ਰਹੀ ਰਾਜ ਪੱਧਰੀ ਵਿਸ਼ੇਸ਼ ਮੁਹਿੰਮ 'ਪ੍ਰੋਜੈਕਟ ਜੀਵਨ ਜੋਤ 2.0' ਦੇ ਤਹਿਤ ਹੁਣ ਤੱਕ ਸ਼ਾਨਦਾਰ ਨਤੀਜੇ ਪ੍ਰਾਪਤ ਹੋਏ ਹਨ। ਸੰਦੀਪ ਸੈਣੀ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਹੁਣ ਤੱਕ 1,023 ਬੱਚਿਆਂ ਨੂੰ ਭੀਖ ਮੰਗਣ ਤੋਂ ਮੁਕਤ ਕੀਤਾ ਗਿਆ ਹੈ, ਜੋ ਕਿ ਆਪਣੇ ਆਪ ਵਿੱਚ ਇਕ ਵੱਡੀ ਪ੍ਰਾਪਤੀ ਹੈ। ਇਨ੍ਹਾਂ ਵਿੱਚੋਂ 336 ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਤਾਂ ਜੋ ਉਹ ਸਿੱਖਿਆ ਰਾਹੀਂ ਆਤਮ ਨਿਰਭਰ ਬਣ ਸਕਣ। ਇਸ ਤੋਂ ਇਲਾਵਾ ਅੱਠ ਬੱਚਿਆਂ ਨੂੰ ਆਂਗਨਵਾੜੀ ਕੇਂਦਰਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਬਚਪਨ ਦੀ ਸਿੱਖਿਆ ਅਤੇ ਪੋਸ਼ਣ ਨਾਲ ਜੋੜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਟੀਚਾ ਸਿਰਫ਼ ਬੱਚਿਆਂ ਨੂੰ ਭੀਖ ਮੰਗਣ ਤੋਂ ਮੁਕਤ ਕਰਨਾ ਹੀ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸਿੱਖਿਆ, ਸੁਰੱਖਿਆ ਅਤੇ ਬਿਹਤਰ ਜੀਵਨ ਪ੍ਰਦਾਨ ਕਰਨਾ ਵੀ ਹੈ। ਇਸ ਲਈ ਭਾਈਚਾਰਕ ਭਾਗੀਦਾਰੀ ਵੀ ਬਹੁਤ ਜ਼ਰੂਰੀ ਹੈ।

# ਗੁ. ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਵਿਖੇ 25 ਰੋਜ਼ਾ ਧਾਰਮਕ ਜੋੜ ਮੇਲਾ ਜਾਰੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਨਡਾਲੋਂ 'ਚ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਵਿਖੇ ਸੰਤ ਬਾਬਾ ਨਿਧਾਨ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਤ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਦੀ ਦੇਖ ਰੇਖ ਹੇਠ ਮਨਾਇਆ ਜਾ ਰਿਹਾ 25 ਰੋਜ਼ਾ ਧਾਰਮਿਕ ਜੋੜ ਮੇਲਾ ਜਾਰੀ ਹੈ। ਚੱਲ ਰਹੇ ਧਾਰਮਿਕ ਜੋੜ ਮੇਲੇ ਦੌਰਾਨ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਹਾਜ਼ਰੀਆਂ ਭਰੀਆਂ ਤੇ ਸੰਗਤਾਂ ਨੂੰ ਨਾਮ ਜਪਾਇਆ। ਇਸ ਮੌਕੇ ਸੰਤ ਬਾਬਾ ਨਰਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਚੱਲ ਰਹੇ ਕਾਰਜਾਂ ਦਾ ਵੀ ਜਾਇਜ਼ਾ ਲਿਆ।ਸੰਤ ਬਾਬਾ ਨਰਿੰਦਰ ਸਿੰਘ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੀਆਂ ਲੜੀਆਂ ਨਿਰੰਤਰ ਚੱਲ ਰਹੀਆਂ ਹਨ, ਜਿਨ੍ਹਾਂ ਦੇ ਭੋਗ 4 ਫਰਵਰੀ ਨੂੰ ਪਾਏ ਜਾਣਗੇ। 30 ਜਨਵਰੀ ਨੂੰ ਨਗਰ ਕੀਰਤਨ ਸਜਾਏ ਜਾਣਗੇ। 1 ਫਰਵਰੀ ਨੂੰ ਸਵੇਰੇ 8 ਵਜੇ ਨਾਮ ਸਿਮਰਨ ਅਖੰਡ ਜਾਪ ਆਰੰਭ ਹੋਣਗੇ ਜਿਸ ਦੇ 4 ਫਰਵਰੀ ਨੂੰ ਭੋਗ ਪਾਏ ਜਾਣਗੇ। 1, 2 ਤੇ 3 ਫਰਵਰੀ ਨੂੰ ਰਾਤ ਦੇ ਦੀਵਾਨ ਸਜਾਏ ਜਾਣਗੇ।4 ਫਰਵਰੀ ਨੂੰ ਸਵੇਰੇ 9 ਵਜੇ ਭੋਗ ਤੋਂ ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਕਥਾ, ਕੀਰਤਨ, ਢਾਡੀ ਵਾਰਾਂ ਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਨਗੇ। ਇਸ ਦਿਨ ਅੱਖਾਂ ਦਾ ਮੁਫ਼ਤ ਕੈਂਪ, ਜਨਰਲ ਰੋਗਾਂ ਦਾ, ਇਲੈਕਟ੍ਰੋ ਹੋਮਿਓਪੈਥੀ ਤੇ ਖ਼ੂਨਦਾਨ ਕੈਂਪ ਲਗਾਏ ਜਾਣਗੇ। ਇਸ ਮੌਕੇ ਜਥੇਦਾਰ ਬਾਬਾ ਗੁਰਮੀਤ ਸਿੰਘ, ਬਾਬਾ ਦਲੇਰ ਸਿੰਘ, ਮੁੱਖ ਗ੍ਰੰਥੀ ਭਾਈ ਅਕਾਸ਼ਦੀਪ ਸਿੰਘ, ਲਖਵਿੰਦਰ ਸਿੰਘ ਬਿੰਦਾ, ਧਰਮਿੰਦਰ ਸਿੰਘ ਸੋਨੂੰ, ਅਮਰਜੀਤ ਸਿੰਘ ਖਾਲਸਾ ਜਾਂਗਲੀਆਣਾ, ਬਾਬਾ ਜਰਨੈਲ ਸਿੰਘ, ਦਲਵੀਰ ਸਿੰਘ ਭੱਟੀ, ਅਵਤਾਰ ਸਿੰਘ, ਕਿਰਪਾਲ ਸਿੰਘ ਅਜਨੋਹਾ, ਬਲਜਿੰਦਰ ਸਿੰਘ ਪੰਜੌੜ, ਸੁਖਵਿੰਦਰ ਸਿੰਘ ਲੱਡੂ ਟੋਡਰਪੁਰ, ਪਰਮਜੀਤ ਸਿੰਘ ਰੱਕੜ ਕੋਟ ਫਤੂਹੀ, ਸਰਵਿੰਦਰ ਸਿੰਘ ਠੀਂਡਾ, ਅਮਰਜੀਤ ਸਿੰਘ ਅਮਰੀਕਾ, ਗੁਰਪਾਲ ਸਿੰਘ, ਸਾਹਿਬ ਸਿੰਘ, ਬਾਬਾ ਬਿੰਦਰ, ਲਾਂਗਰੀ ਕਿਸ਼ਨ ਸਿੰਘ, ਸ਼ਮਸ਼ੇਰ ਸਿੰਘ, ਕੀਰਤ ਸਿੰਘ, ਸਹਿਜ ਸਿੰਘ ਗੋਰਾ, ਪ੍ਰਿੰਸ ਸਿੰਘ ਆਦਿ ਹਾਜ਼ਰ ਸਨ।



# ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 249 ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਵੰਡੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਵਿਧਾਇਕ ਇੰਦਰਜੀਤ ਕੌਰ ਮਾਨ ਨੇ ਦੱਸਿਆ ਕਿ ਨਕੋਦਰ ਵਿੱਚ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ 249 ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਵੰਡੇ ਗਏ ਜਿਸ ਦੇ ਤਹਿਤ ਘਰ ਬਣਾਉਣ ਤੇ 6 ਕਰੋੜ 22 ਲੱਖ ਰੁਪਏ ਲਾਗਤ ਆਏਗੀ। ਬੀਬੀ ਮਾਨ ਨੇ ਕਿਹਾ ਕਿ ਮਕਾਨਾਂ ਦੀਆਂ ਨੀਂਹਾਂ ਪੁੱਟਣ ਤੇ ਪਹਿਲੀ ਕਿਸ਼ਤ ਮਿਲ ਜਾਂਦੀ ਹੈ। ਕਾਰਜ ਸਾਧਕ ਅਫ਼ਸਰ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਦੀ



ਮਿਹਨਤ ਸਦਕਾ ਸ਼ਹਿਰ ਵਿੱਚ ਇਹਨਾਂ ਲੋਕਾਂ ਦੇ ਫਾਰਮ ਭਰੇ ਗਏ ਸਨ। ਨਕੋਦਰ ਨਗਰ ਕੌਂਸਲ ਕੋਲ ਇੱਕ ਹਜ਼ਾਰ ਘਰ ਬਣਾਉਣ ਦਾ ਟੀਚਾ ਹੈ। ਅਸੀਂ ਜਲਦ ਇਸ ਨੂੰ 400 ਤੱਕ ਲੈ ਜਾਵਾਂਗੇ। ਬੀਬੀ ਮਾਨ ਨੇ ਆਖਿਆ ਕਿ 'ਆਪ' ਦੇ ਵਲੰਟੀਅਰ ਮੁੜ ਮੁਹੱਲਾ ਵਾਈਜ਼ ਮਿਹਨਤ ਕਰਕੇ ਉਹ ਘਰ ਲੱਭਣਗੇ ਜਿਹਨਾਂ ਦੀ ਉਸਾਰੀ ਹੋਣ ਵਾਲੀ ਹੈ। ਇਸ ਮੌਕੇ ਤੇ ਈ.ਓ.ਰਣਧੀਰ ਸਿੰਘ,ਜਸਵੀਰ ਧੰਜਲ ਹਲਕਾ ਸੰਗਠਨ ਇੰਚਾਰਜ, ਅਮਰੀਕ ਸਿੰਘ ਐੱਮ ਸੀ, ਰਮੇਸ਼ ਸੋਂਧੀ ਐੱਮ ਸੀ, ਸੁਖਵਿੰਦਰ ਕੌਰ ਐੱਮ ਸੀ, ਗੀਤਾ ਬਸਰਾ ਐੱਮ ਸੀ, ਅਮਰਜੀਤ ਸਿੰਘ, ਰਵੀ ਬਸਰਾ, ਭਰਤ ਰਾਜ ਗਿੱਲ, ਹਿੰਮਾਸ਼ੂ ਜੈਨ ਪ੍ਰਧਾਨ ਨਕੋਦਰ ਸਿਟੀ, ਅਜੈ ਵਰਮਾ ਚੇਅਰਮੈਨ ਟਰੇਡ ਕਮਿਸ਼ਨ ਹਲਕਾ ਨਕੋਦਰ, ਅਸ਼ਵਨੀ ਕੋਹਲੀ ਜਿਲਾ ਇੰਚਾਰਜ ਟਰੇਡ ਵਿੰਗ, ਕਰਨ ਸ਼ਰਮਾ ਬਲਾਕ ਪ੍ਰਧਾਨ, ਸਰਬਜੀਤ ਕੌਰ ਬਲਾਕ ਪ੍ਰਧਾਨ, ਪ੍ਰਦੀਪ ਕੁਮਾਰ, ਨਰੇਸ਼ ਕੁਮਾਰ, ਬੌਬੀ ਸ਼ਰਮਾ, ਸੰਜੀਵ ਅਹੂਜਾ, ਸੰਦੀਪ ਸੋਢੀ ਮੀਡੀਆ ਇੰਚਾਰਜ, ਸ਼ਾਂਤੀ ਸਰੂਪ, ਮਨੀ ਮਹਿੰਦਰੂ, ਸੰਜੀਵ ਟੱਕਰ, ਮੋਨਿਕਾ ਕਾਲੀਆ, ਲੱਕੀ, ਤਿਵਾੜੀ ਹਾਜ਼ਰ ਸਨ।

# ਭਾਈ ਘਨ੍ਹੱਈਆ ਜੀ ਸੰਗੀਤ ਅਕੈਡਮੀ ਦੀ ਆਰੰਭਤਾ

**ਕਰਤਾਰਪੁਰ (ਹਰਮੇਸ਼ ਦੱਤ)**- ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਮੁੱਖ ਰੱਖਦਿਆਂ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਵੱਲੋਂ ਭਾਈ ਘਨ੍ਹਈਆ ਜੀ ਸੰਗੀਤ ਅਕੈਡਮੀ ਦੀ ਆਰੰਭਤਾ ਬਾਬਾ ਸੁੱਚਾ ਸਿੰਘ ਸੰਗੀਤ ਅਕੈਡਮੀ ਜੰਡਿਆਲਾ ਗੁਰੂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ, ਟਾਹਲੀ ਮੁਹੱਲਾ ( ਫਰਨੀਚਰ ਬਾਜ਼ਾਰ ) ਕਰਤਾਰਪੁਰ ਸਾਹਿਬ ਵਿਖੇ ਕੀਤੀ ਗਈ ।ਜਿਸ ਵਿੱਚ ਗੁਰਬਾਣੀ ਕੀਰਤਨ, ਤੰਤੀ ਸਾਜ਼, ਪੰਜਾਬ ਘਰਾਣਾ ਤਬਲਾ, ਗੁਰਬਾਣੀ ਸੰਥਿਆ, ਢੱਡ, ਕਵੀਸ਼ਰੀ, ਸ਼ੁੱਧ ਗੁਰਬਾਣੀ ਉਚਾਰਣ ਦੀਆਂ ਕਲਾਸਾਂ ਆਰੰਭ ਕੀਤੀਆਂ ਗਈਆਂ । ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਉਪਰੰਤ ਬਾਬਾ ਬਿਸ਼ਨ ਸਿੰਘ ਸੰਗੀਤ ਅਕੈਡਮੀ , ਮੁਰਾਲੇ ਵਾਲੇ ਦੇ ਵਿਦਿਆਰਥੀਆ ਨੇ ਨਿਰਧਾਰਤ ਰਾਗਾਂ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ ਅਤੇ ਗਿਆਨੀ ਦੀਪ ਸਿੰਘ ( ਪਾਉਂਟਾ ਸਾਹਿਬ) ਵਾਲਿਆਂ ਨੇ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਉਪਰੰਤ ਅਕੈਡਮੀ ਦੀ ਆਰੰਭਤਾ ਦੀ ਅਰਦਾਸ ਕੀਤੀ ਗਈ । ਇਹ ਕਲਾਸਾਂ ਹਰ ਐਤਵਾਰ ਨੂੰ ਦੁਪਹਿਰ 12-30 ਤੋਂ 4 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਟਾਹਲੀ ਮੁਹੱਲਾ ( ਫਰਨੀਚਰ ਬਜ਼ਾਰ) ਕਰਤਾਰਪੁਰ ਸਾਹਿਬ ਵਿਖੇ ਲੱਗਿਆ ਕਰਨਗੀਆਂ । ਇਸ ਮੌਕੇ ਪ੍ਰਿੰਸਪਲ ਜਸਪਾਲ ਸਿੰਘ (ਸੰਤ ਬਾਬਾ ਸੁੱਚਾ ਸਿੰਘ ਸੰਗੀਤ ਅਕੈਡਮੀ, ਜੰਡਿਆਲਾ ਗੁਰੂ) ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਨਜੀਤ ਸਿੰਘ, ਚੇਅਰਮੈਨ ਓਂਕਾਰ ਸਿੰਘ ਸਨੀ, ਪ੍ਰਧਾਨ ਗੁਰਦਿੱਤ ਸਿੰਘ, ਖਜ਼ਾਨਚੀ ਐਡਵੋਕੇਟ ਮਨਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ, ਮੀਤ ਪ੍ਰਧਾਨ ਪ੍ਰਭਜੋਤ ਸਿੰਘ ਹੈਪੀ, ਸੈਕਟਰੀ ਸਾਬ ਸਿੰਘ, ਸੇਵਾ ਸਿੰਘ ਸ਼ਹਿਰੀ ਪ੍ਰਧਾਨ, ਜਗਰੂਪ ਸਿੰਘ ਚੌਹਲਾ, ਬਾਬਾ ਕੁਲਵੰਤ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਸੁਖਬੀਰ ਸਿੰਘ, ਰਣਜੀਤ ਸਿੰਘ, ਗੁਰਪ੍ਰੀਤ ਸਿੰਘ ਭੁੱਲਥ, ਅਮਨਦੀਪ ਸਿੰਘ, ਗੁਰਬੀਰ ਸਿੰਘ ਦਮਨ, ਅਜੈਪਾਲ ਸਿੰਘ, ਇੰਦਰਪਾਲ ਸਿੰਘ, ਹਰਜੋਤ ਸਿੰਘ ਜੋਧਾ, ਹਰਜੀਤ ਸਿੰਘ, ਜਸਪ੍ਰੀਤ ਸਿੰਘ, ਤਰਨਜੋਤ ਸਿੰਘ, ਪ੍ਰਭਜੋਤ ਸਿੰਘ, ਪਰਮਜੀਤ ਸਿੰਘ, ਸਹਿਜਦੀਪ ਸਿੰਘ, ਜਸਪ੍ਰੀਤ ਸਿੰਘ ਜੱਸੀ, ਹਰਮਨਪ੍ਰੀਤ ਸਿੰਘ,ਮਨਜੀਤ ਸਿੰਘ, ਮਨਮੀਤ ਸਿੰਘ, ਪ੍ਰਮੋਦ ਕੁਮਾਰ, ਕ੍ਰਿਸ਼ਨ, ਗੁਰਦੀਪ ਸਿੰਘ, ਬੀਬੀ ਭਬਿੰਦਰ ਕੌਰ ਬੀਬੀ ਕੁਲਵੰਤ ਕੌਰ, ਬੀਬੀ ਬਲਵਿੰਦਰ ਕੌਰ, ਬੀਬੀ ਗੁਰਨਾਮ ਕੌਰ, ਬੀਬੀ ਰਜਿੰਦਰ ਕੌਰ, ਬੀਬੀ ਕੁਲਜੀਤ ਕੌਰ ,ਬੀਬੀ ਜਸਬੀਰ ਕੌਰ, ਗੁਰਲੀਨ ਕੌਰ, ਆਦਿ ਹਾਜ਼ਰ ਸਨ ।



# ਡੇਰਾ ਦੁੱਧਾਧਾਰੀ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਾਮ ਡੇਰਾ ਦੁੱਧਾਧਾਰੀ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਮਾਘੀ ਦੇ ਪਵਿੱਤਰ ਦਿਹਾੜੇ ਮੌਕੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਬਲਜੀਤ ਸਿੰਘ ਸੋਨੂੰ ਪੰਚ ਭਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਡੇਰੇ ਵੱਲੋਂ ਮਾਘੀ ਦੇ ਪਵਿੱਤਰ ਦਿਹਾੜੇ ਮੌਕੇ ਮੁਫ਼ਤ ਮੈਡੀਕਲ ਕੈਂਪ ਦਾ ਸੰਤ ਮਹਾਂਪੁਰਸ਼ਾਂ ਵੱਲੋਂ ਉਦਘਾਟਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਦੌਰਾਨ ਡਾਕਟਰ ਲਖਵੀਰ ਸਿੰਘ ਭਾਟੀਆ, ਡਾਕਟਰ ਅਮਨਦੀਪ ਸਿੰਘ ਚੱਬੇਵਾਲ ਐਨ ਐਮ ਹਸਪਤਾਲ ਚੱਬੇਵਾਲ ਦੀ ਟੀਮ ਨੇ 350 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ । ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰਾਂ ਦੀ ਟੀਮ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾਕਟਰ ਲਖਵੀਰ ਸਿੰਘ ਭਾਟੀਆ ਚੱਬੇਵਾਲ, ਡਾਕਟਰ ਅਮਨਦੀਪ ਸਿੰਘ ਭਾਟੀਆ ਚੱਬੇਵਾਲ, ਪ੍ਰਧਾਨ ਬਲਜੀਤ ਸਿੰਘ ਪੰਚ, ਸੁਖਵਿੰਦਰ ਰਾਮ ਮ੍ਰੀਤ ਪ੍ਰਧਾਨ, ਸੋਹਨ ਲਾਲ ਜਨਰਲ ਸਕੱਤਰ, ਗੁਰਨਾਮ



ਸਿੰਘ ਜਨਰਲ ਸਕੱਤਰ, ਅਮਰਜੀਤ ਸਿੰਘ ਖਜਾਨਚੀ, ਰਾਮ ਅਸਾਰਾ ਜਨਰਲ ਸੈਕਟਰੀ, ਸੋਢੀ ਰਾਮ ਪ੍ਰੈਸ ਸਕੱਤਰ, ਜਸਵਿੰਦਰ ਪਾਲ ਸਲਾਹਕਾਰ, ਪਿੰਕਾ ਸਲਾਹਕਾਰ, ਪ੍ਰੀਤਮ ਸਿੰਘ ਸਲਾਹਕਾਰ, ਸੰਤੋਖ ਸਿੰਘ ਸਲਾਹਕਾਰ, ਜੋਗਿੰਦਰ ਪਾਲ ਸਲਾਹਕਾਰ, ਬਲਵੀਰ ਸਿੰਘ ਸੀਣਾ ਸਟੇਜ ਸਕੱਤਰ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਡਾਕਟਰ ਇੰਦਰਜੀਤ ਸਿੰਘ ਭਾਮ, ਰੇਸ਼ਮ ਸਿੰਘ ਜੱਖੂ, ਵਿੱਕੀ ਗੋਪਾਲੀਆ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਸ਼ਹੀਦੀ ਦਿਹਾੜਾ 23 ਨੂੰ

**ਆਦਮਪੁਰ (ਪਰਮਜੀਤ ਸਿੰਘ)**- ਧੰਨ ਧੰਨ ਸ਼ਹੀਦ ਬਾਬਾ ਮੱਤੀ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਸ਼ਹੀਦੀ ਦਿਹਾੜਾ 23 ਜਨਵਰੀ ਨੂੰ ਗੁਰਦੁਆਰਾ ਸ਼ਹੀਦ ਬਾਬਾ ਮੱਤੀ,ਪਿੰਡ ਡਰੋਲੀ ਕਲਾਂ ਵਿਖੇ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ,ਜਿਸ ਦੌਰਾਨ ਪੰਥ ਦੇ ਪ੍ਰਸਿੱਧ ਰਾਗੀ



ਢਾਡੀ, ਕਥਾ ਵਾਚਕ, ਸਿੱਖ ਬੁੱਧੀਜੀਵੀ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਣ ਕਰਵਾਉਣਗੇ। ਇਸ ਦੌਰਾਨ ਸਮੂਹ ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਗੱਲਬਾਤ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਡਰੋਲੀ ਵਲੋਂ ਦੱਸਿਆ ਗਿਆ ਕਿ ਮਿਤੀ 21 ਅਤੇ 22 ਜਨਵਰੀ ਸ਼ਾਮ ਨੂੰ ਡਰੋਲੀ ਕਲਾਂ ਅਤੇ ਪਧਿਆਣਾ ਪਿੰਡ ਵਿੱਚ ਗੁਰਦੁਆਰਾ ਸਾਹਿਬ ਤੋਂ ਸੰਧਿਆ ਫੇਰੀ ਦਾ ਆਜੋਜਨ ਲਗਾਤਾਰ 2 ਦਿਨ ਹੋਵੇਗਾ । ਜਿਸ ਦੌਰਾਨ ਗੱਤਕਾ ਸਿੰਘ ਪਾਰਟੀਆਂ,ਘੋੜਸਵਾਰ, ਅਤੇ ਫੁੱਲਾਂ ਦੀ ਵਰਖਾ ਸੰਗਤਾਂ ਨੂੰ ਆਕਰਸ਼ਿਤ ਕਰੇਗੀ । ਮਿਤੀ 23 ਨੂੰ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਦੀਵਾਨ ਸਜਾਏ ਜਾਣਗੇ । ਜਥੇਦਾਰ ਵਲੋਂ ਸਮੂਹ ਸੰਗਤਾਂ ਨੂੰ ਵੱਧ ਚੜ੍ਹਕੇ ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਗਈ । ਇਸ ਦੌਰਾਨ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ,ਰਣਵੀਰਪਾਲ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ ਡਰੋਲੀ, ਸਰਪੰਚ ਰਸ਼ਪਾਲ ਸਿੰਘ ਪਾਲਾ, ਮਾਸਟਰ ਸੁਰਜੀਤ ਸਿੰਘ,ਹਰਦੀਪ ਸਿੰਘ ਦੀਪਾ, ਦਲਜੀਤ ਸਿੰਘ ਅਤੇ ਹੋਰ ਪਿੰਡ ਵਾਸੀ ਡਰੋਲੀ ਕਲਾਂ ਮੌਜੂਦ ਸਨ।

# ਸੁਨੰਦਾ ਸੱਭਰਵਾਲ ਆਰਮੀ ਡੇ ਪਰੇਡ 'ਚ ਭਾਗ ਲੈਣ 'ਤੇ ਸਨਮਾਨਤ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ ਐੱਨ ਸੀ ਸੀ ਕੈਡੇਟ ਸੁਨੰਦਾ ਸੱਭਰਵਾਲ ਦੀ ਸ਼ਾਨਦਾਰ ਪ੍ਰਾਪਤੀ 'ਤੇ



ਬਹੁਤ ਮਾਣ ਅਤੇ ਖੁਸ਼ੀ ਪ੍ਰਗਟ ਕੀਤੀ, ਜਿਸ ਨੂੰ ਨੂੰ ਜੈਪੁਰ ਵਿੱਚ ਆਯੋਜਿਤ ਆਰਮੀ ਡੇ ਪਰੇਡ ਵਿੱਚ ਹਿੱਸਾ ਲੈਣ ਦਾ ਸਨਮਾਨ ਮਿਲਿਆ ਸੀ। ਇਸ ਵੱਕਾਰੀ ਕੈਂਪ ਤੋਂ ਉਸ ਦੀ ਵਾਪਸੀ ਤੋਂ ਬਾਅਦ, ਕੈਡੇਟ ਸੁਨੰਦਾ ਸੱਭਰਵਾਲ ਦਾ ਪ੍ਰਿੰਸੀਪਲ ਦੁਆਰਾ ਆਪਣੇ ਦਫ਼ਤਰ ਵਿੱਚ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ 'ਤੇ ਡਾ. ਰਸ਼ਪਾਲ ਸਿੰਘ ਸੰਧੂ ਨੇ ਸੁਨੰਦਾ ਨੂੰ ਉਸ ਦੇ ਸਮਰਪਣ, ਅਨੁਸ਼ਾਸਨ ਤੇ ਸ਼ਾਨਦਾਰ ਪ੍ਰਦਰਸ਼ਨ ਦੇ ਸਨਮਾਨ ਵਿੱਚ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਐੱਨ ਸੀ ਸੀ ਇੰਚਾਰਜ ਡਾ. ਕਰਨਬੀਰ ਸਿੰਘ ਵੀ ਸਨਮਾਨ ਸਮਾਰੋਹ ਦੌਰਾਨ ਮੌਜੂਦ ਸਨ ਤੇ ਕੈਡੇਟ ਦੀ ਸਖ਼ਤ ਮਿਹਨਤ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ। ਕੈਡੇਟ ਸੁਨੰਦਾ ਨੂੰ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਨੇ ਕਿਹਾ ਕਿ ਆਰਮੀ ਡੇ ਪਰੇਡ ਵਿੱਚ ਹਿੱਸਾ ਲੈਣਾ ਇੱਕ ਬਹੁਤ ਵੱਡਾ ਸਨਮਾਨ ਸੀ, ਕਿਉਂਕਿ ਕੈਡੇਟਾਂ ਦੀ ਚੋਣ ਅਨੁਸ਼ਾਸਨ, ਸਰੀਰਕ ਤੰਦਰੁਸਤੀ, ਡ੍ਰਿਲ ਵਿੱਚ ਸ਼ਾਨਦਾਰ ਪ੍ਰਦਰਸ਼ਨ, ਲੀਡਰਸ਼ਿਪ ਯੋਗਤਾਵਾਂ ਤੇ ਸਮੁੱਚੇ ਚੰਗੇ ਆਚਰਣ ਦੇ ਅਧਾਰ ਤੇ ਇੱਕ ਸਖ਼ਤ ਪ੍ਰਕਿਰਿਆ ਤੋਂ ਬਾਅਦ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਦੂਜੇ ਵਿਦਿਆਰਥੀਆਂ ਨੂੰ ਐੱਨ ਸੀ ਸੀ ਵਿੱਚ ਸ਼ਾਮਲ ਹੋਣ ਅਤੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਆਪਣਾ ਅਨੁਭਵ ਸਾਂਝਾ ਕਰਦੇ ਹੋਏ ਸੁਨੰਦਾ ਨੇ ਕਿਹਾ ਕਿ ਪਰੇਡ ਵਿੱਚ ਹਿੱਸਾ ਲੈਣਾ ਇੱਕ ਵਧੀਆ ਅਨੁਭਵ ਸੀ। ਉਸ ਨੇ ਕਾਰਗਿਲ ਦੇ ਨਾਇਕ ਕੈਪਟਨ ਯੋਗੇਂਦਰ ਸਿੰਘ ਯਾਦਵ, ਪਰਮ ਵੀਰ ਚੱਕਰ, ਅਤੇ ਆਪ੍ਰੇਸ਼ਨ ਸਿੰਦੂਰ ਦੇ ਮੀਡੀਆ ਸਹਿ-ਇੰਚਾਰਜ ਕਰਨਲ ਸੋਫੀਆ ਕੁਰੈਸ਼ੀ ਨਾਲ ਵੀ ਮੁਲਾਕਾਤ ਕੀਤੀ ਤੇ ਗੱਲਬਾਤ ਕੀਤੀ।

# ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਚੌਥਾ ਸਾਲਾਨਾ ਧਾਰਮਿਕ ਸਮਾਗਮ

## ਹਜ਼ੂਰੀ ਰਾਗੀ ਭਾਈ ਸਰੂਪ ਸਿੰਘ ਦੇ ਜੱਥੇ ਵੱਲੋਂ ਸ਼ਬਦ ਗਾਇਨ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਇਥੇ ਪੰਜਾਬ ਸਿਵਲ ਸਕੱਤਰੇਤ-1 ਦੇ ਗੁਰਦੁਆਰਾ ਸਾਹਿਬ ਵਿਖੇ ਚੌਥਾ ਸਾਲਾਨਾ ਧਾਰਮਿਕ ਸਮਾਗਮ



ਕਰਵਾਇਆ ਗਿਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਵੇਂ ਸਾਲ ਦੀ ਆਮਦ ਮੌਕੇ ਕਰਵਾਏ ਇਸ ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਰੂਪ ਸਿੰਘ ਜੀ ਦੇ ਜੱਥੇ ਵੱਲੋਂ ਰਸ-ਭਿੰਨਾ ਕੀਰਤਨ ਕੀਤਾ ਗਿਆ। ਇਸ ਤੋਂ ਪਹਿਲਾਂ ਸੰਗਤ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਸਰਵਣ ਕੀਤਾ। ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਧਾਰਮਿਕ ਸਮਾਗਮ ਵਿੱਚ ਪੰਜਾਬ ਦੇ ਕੈਬਨਿਟ ਮੰਤਰੀਆਂ ਐਡਵੋਕੇਟ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਗੁਰਮੀਤ ਸਿੰਘ ਖੁੱਡੀਆਂ ਤੇ ਹਰਦੀਪ ਸਿੰਘ ਮੁੰਡੀਆਂ, ਆਪ ਦੇ ਜਨਰਲ ਸਕੱਤਰ ਤੇ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ, ਲੋਕ ਸੰਪਰਕ ਵਿਭਾਗ ਦੇ ਸਕੱਤਰ ਰਾਮਵੀਰ, ਆਮ ਰਾਜ ਪ੍ਰਬੰਧ ਦੇ ਸਕੱਤਰ ਗੌਰੀ ਪ੍ਰਾਸ਼ਰ ਜੋਸ਼ੀ, ਸਪੈਸ਼ਲ ਡੀ ਜੀ ਪੀ ਅਮਰਦੀਪ ਸਿੰਘ ਰਾਏ, ਮੁੱਖ ਮੰਤਰੀ ਦੇ ਓ ਐੱਸ ਡੀ (ਮੀਡੀਆ) ਅਮਨਜੋਤ ਸਿੰਘ ਤੇ ਡਾਇਰੈਕਟਰ ਮੀਡੀਆ ਕਮਿਊਨੀਕੇਸ਼ਨ ਅਨਿਲ ਸੈਣੀ, ਲੋਕ ਸੰਪਰਕ ਦੇ ਡਾਇਰੈਕਟਰ ਡਾ. ਅਕਸ਼ਿਤਾ ਗੁਪਤਾ, ਵਧੀਕ ਡਾਇਰੈਕਟਰ ਸੰਦੀਪ ਸਿੰਘ ਗੜ੍ਹਾ ਤੇ ਡਿਪਟੀ ਸਕੱਤਰ ਦੀਪਾਂਕਰ ਗਰਗ, ਆਮ ਰਾਜ ਪ੍ਰਬੰਧ ਦੇ ਸੰਯੁਕਤ ਸਕੱਤਰ ਸ੍ਰੀ ਤੇਜਦੀਪ ਸਿੰਘ ਸੈਣੀ, ਏ ਡੀ ਓ-1 ਸੁਖਵਿੰਦਰ ਸਿੰਘ, ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸਿੰਘ ਸੰਧੂ ਤੇ ਡਾ ਨਿਰਮਲ ਜੌੜਾ ਨੇ ਵਿਸ਼ੇਸ਼ ਤੌਰ ਉਤੇ ਹਾਜ਼ਰੀ ਭਰੀ।ਵਿਭਾਗ ਦੇ ਸਮੂਹ ਸਟਾਫ ਵੱਲੋਂ ਲੰਗਰ ਦੀ ਸੇਵਾ ਖੁਦ ਕੀਤੀ ਗਈ।

# ਅਜੈ ਪਾਲ ਵਾਲਮੀਕੀ ਦਲਿਤ ਵਿਕਾਸ ਬੋਰਡ ਦੇ ਉਪ ਚੇਅਰਮੈਨ ਨਿਯੁਕਤ

**ਬਸਤੀ ਸ਼ੇਖ (ਜਲੰਧਰ) (ਲਖਵਿੰਦਰ ਸਿੰਘ)**- ਗਰੀਬ ਪਰਵਾਰ ਨਾਲ ਸਬੰਧਤ ਅਜੈ ਪਾਲ ਵਾਲਮੀਕੀ ਨੂੰ ਪੰਜਾਬ ਸਰਕਾਰ ਵੱਲੋਂ ਦਲਿਤ ਵਿਕਾਸ ਬੋਰਡ ਦਾ ਉਪ ਚੇਅਰਮੈਨ ਨਿਯੁਕਤ ਕੀਤਾ ਗਿਆ।



ਨਿਯੁਕਤੀ ਦੀ ਖਬਰ ਮਿਲਦੇ ਹੀ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਦੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਪਿੰਡ ਆਧੀ ਤੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਸਰਪੰਚ ਮਨਜੀਤ ਰਾਣੀ ਪਤਨੀ ਬਲਦੇਵ ਕੁਮਾਰ , ਅਮਰਜੀਤ ਕੌਰ ਪੰਚ, ਸੁਖਦੇਵ ਸਿੰਘ ਪੰਚ, ਗੁਰਦੀਪ ਚੰਦ, ਬਲਵੀਰ ਸਿੰਘ, ਡਾਕਟਰ ਕਲਵੰਤ ਸਿੰਘ, ਲੱਖੀ ਟੇਲਰ, ਵਾਲਮੀਕ ਨੌਜਵਾਨ ਸਭਾ ਆਗੂ ਪਰਮਜੀਤ ਸਿੰਘ ਪੰਮਾ, ਅਵਤਾਰ ਸਿੰਘ ਤਾਰੀ, ਮੋਹਣ ਸਿੰਘ ਫੌਜੀ, ਸੰਤੋਖ ਸਿੰਘ, ਪਿੰਡ ਆਲੀਚੱਕ ਤੋਂ ਨਛੱਤਰ ਸਿੰਘ ਸਿੱਧੂ, ਹਰਮੇਲ ਸਿੰਘ ਪੰਨੂ,ਰਤਨ ਸਿੰਘ ਸਿੱਧੂ, ਨਿਰਮਲ ਸਿੰਘ ਸਿੱਧੂ, ਪ੍ਰੇਮ ਪਰਵਾਨਾ, ਬਲਵੀਰ ਸਿੰਘ ਦੋਜੀ, ਗੁਰਨਾਮ ਸਿੰਘ ਪੰਨੂ ਸੈਕਟਰੀ, ਜਸਪਾਲ ਸਿੰਘ ਸੇਹਬੀ ਆਦਿ ਹੋਰ ਵੀ ਬਹੁਤ ਸਾਰੇ 'ਆਪ' ਵਰਕਰਾਂ ਨੇ ਜਲੰਧਰ ਖੇਤਰ ਦੇ ਗ਼ਰੀਬ ਪਰਵਾਰ ਦੇ ਨੌਜਵਾਨ ਨੂੰ ਦਲਿਤ ਵਿਕਾਸ ਬੋਰਡ ਦੇ ਉਪ ਚੇਅਰਮੈਨ ਨਿਯੁਕਤ ਕਰਕੇ ਜ਼ਿਲ੍ਹਾ ਜਲੰਧਰ ਨੂੰ ਮਾਣ ਦਿੱਤਾ ਹੈ ਉਨ੍ਹਾਂ ਨੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਦਾ ਧੰਨਵਾਦ ਕੀਤਾ।

# ਮੈਕਸ ਹਸਪਤਾਲ ਨੇ ਰੇਡੀਏਸ਼ਨ ਥੈਰੇਪੀ ਟੈਕਨਾਲੋਜੀ ਐਜ (3.0) ਪੇਸ਼ ਕੀਤੀ

**ਮੋਹਾਲੀ (ਗੁਰਜੀਤ ਬਿੱਲ)**- ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਨੇ ਨੂੰ ਸਭ ਤੋਂ ਉੱਨਤ ਰੇਡੀਏਸ਼ਨ ਥੈਰੇਪੀ ਤਕਨਾਲੋਜੀ ਐਜ (3.0) ਪੇਸ਼ ਕਰਕੇ ਆਪਣੀ ਉੱਨਤ ਕੈਂਸਰ ਦੇਖਭਾਲ ਸੇਵਾ ਨੂੰ ਮਜਬੂਤ ਕੀਤਾ ਹੈ।ਰੇਡੀਏਸ਼ਨ ਓਨਕੋਲੋਜੀ ਦੇ ਡਾਇਰੈਕਟਰ ਡਾ. ਸੱਜਲ ਕੱਕੜ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਹ ਅਤਿ-ਆਧੁਨਿਕ ਟੈਕਨੋਲੋਜੀ ਕੈਂਸਰ ਮਰੀਜ਼ਾਂ ਦੀ ਤੇਜ਼ੀ ਨਾਲ ਰਿਕਵਰੀ ਵਿੱਚ ਸਹਾਇਤਾ ਕਰਦੀ ਹੈ। ਰੇਡੀਏਸ਼ਨ ਓਨਕੋਲੋਜੀ ਦੇ ਡਾਇਰੈਕਟਰ ਡਾ. ਪੰਕਜ ਕੁਮਾਰ ਅਰੋੜਾ ਨੇ ਕਿਹਾ, 'ਐਜ' (3.0) ਰੇਡੀਓਸਰਜਰੀ ਅਤੇ



ਰੇਡੀਓਥੈਰੇਪੀ ਦੇ ਰੇਡੀਏਸ਼ਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਪ੍ਰਣਾਲੀ ਡਾਕਟਰਾਂ ਨੂੰ ਅਸਾਧਾਰਣ ਸ਼ੁੱਧਤਾ ਅਤੇ ਕੁਸ਼ਲਤਾ ਨਾਲ ਕਈ ਕਿਸਮਾਂ ਦੇ ਕੈਂਸਰਾਂ ਦਾ ਇਲਾਜ ਕਰਨ ਦੇ ਯੋਗ ਬਣਾਉਂਦੀ ਹੈ। ਇਸ ਦੀ ਸਬ-ਮਿਲੀਮੀਟਰ ਸ਼ੁੱਧਤਾ, ਹਾਈਪਰਆਰਕ ਦੇ ਆਟੋਮੈਟਿਕ ਰੇਡੀਓਸਰਜਰੀ ਵਰਕਫਲੋ ਦੇ ਨਾਲ ਮਿਲ ਕੇ, ਉੱਚ ਰੇਡੀਏਸ਼ਨ ਕਰਦੀ ਹੈ, ਇਲਾਜ ਦੇ ਸਮੇਂ ਨੂੰ ਘਟਾਉਂਦੀ ਹੈ। ਡਾ. ਕੱਕੜ ਨੇ ਕਿਹਾ ਕਿ ਐਜ (3.0) ਦੀ ਸ਼ੁਰੂਆਤ ਸਾਨੂੰ ਆਪਣੇ ਕੈਂਸਰ ਦੇ ਇਲਾਜ ਦੇ ਪ੍ਰੋਟੋਕੋਲ ਵਿੱਚ ਅਤਿ-ਆਧੁਨਿਕ ਤਕਨਾਲੋਜੀ ਨੂੰ ਏਕੀਕ੍ਰਿਤ ਕਰਨ ਦੀ ਆਗਿਆ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਨਾਲ ਮੈਕਸ ਇੰਸਟੀਚਿਊਟ ਆਫ ਕੈਂਸਰ ਕੇਅਰ, ਮੁਹਾਲੀ ਨੇ ਵਿਸ਼ਵ ਪੱਧਰ 'ਤੇ ਬੈਂਚਮਾਰਕ ਤਕਨਾਲੋਜੀ ਨਾਲ ਲੈਸ ਇੱਕ ਵਿਆਪਕ ਕੈਂਸਰ ਕੇਅਰ ਸੈਂਟਰ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ। ਡਾ. ਅਰੋੜਾ ਨੇ ਕਿਹਾ ਕਿ ਐਜ (3.0) ਸਾਨੂੰ ਕੈਂਸਰ ਦੇ ਸਭ ਤੋਂ ਗੁੰਝਲਦਾਰ ਮਾਮਲਿਆਂ ਵਿੱਚ ਵੀ ਕੁਸ਼ਲਤਾ ਨਾਲ ਸਹੀ ਇਲਾਜ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ। ਡਾ. ਅਰੋੜਾ ਨੇ ਕਿਹਾ ਕਿ ਇਹ ਟੈਕਨੋਲੋਜੀ ਇਲਾਜ ਦੀ ਸ਼ੁੱਧਤਾ ਵਿੱਚ ਮਹੱਤਵਪੂਰਨ ਸੁਧਾਰ ਕਰਦੀ ਹੈ, ਜਿਸ ਨਾਲ ਮਰੀਜ਼ਾਂ ਦੇ ਬਿਹਤਰ ਨਤੀਜੇ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ। ਐਜ ਰੇਡੀਓਸਰਜਰੀ ਸਿਸਟਮ ਕੈਂਸਰ ਦੇ ਚੋਣਵੇਂ ਮਰੀਜ਼ਾਂ ਲਈ ਰਵਾਇਤੀ ਸਰਜਰੀ ਦਾ ਇੱਕ ਪ੍ਰਭਾਵਸ਼ਾਲੀ ਵਿਕਲਪ ਪੇਸ਼ ਕਰਦਾ ਹੈ। ਇਹ ਰੇਡੀਏਸ਼ਨ ਓਨਕੋਲੋਜਿਸਟਾਂ ਨੂੰ ਮਰੀਜ਼ ਦੇ ਲੰਬੇ ਸਮੇਂ ਲਈ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਿਨਾਂ ਸਹੀ ਰੇਡੀਏਸ਼ਨ ਇਲਾਜ ਦਿੰਦੀ ਹੈ। ਇਸ ਦੀ ਉੱਨਤ ਗਤੀਸ਼ੀਲਤਾ ਅਤੇ ਇਮੇਜਿੰਗ ਸਮਰੱਥਾਵਾਂ ਉਨ੍ਹਾਂ ਖੇਤਰਾਂ ਵਿੱਚ ਸਥਿਤ ਟਿਊਮਰਾਂ ਦੇ ਇਲਾਜ ਦੀ ਆਗਿਆ ਦਿੰਦੀਆਂ ਹਨ ਜਿਨ੍ਹਾਂ ਤੱਕ ਸਰਜਰੀ ਨਾਲ ਪਹੁੰਚ ਕਰਨਾ ਮੁਸ਼ਕਲ ਹੈ।

# ਸਾਹਿਤ ਸਭਾ ਵੱਲੋਂ ਸੰਤੋਖ ਸਿੰਘ ਧੀਰ ਦਾ ਜਨਮ ਦਿਨ ਮਨਾਉਣ ਦਾ ਫੈਸਲਾ

**ਬਹਿਰਾਮਪੁਰ ਬੇਟ/ਬੇਲਾ/ ਚਮਕੌਰ ਸਾਹਿਬ: (ਹਰਨਾਮ ਸਿੰਘ ਡੱਲਾ)**- ਸਾਹਿਤ ਸਭਾ ਬਹਿਰਾਮਪੁਰ ਬੇਟ ਨੇ ਪੰਜਾਬੀ ਦੇ ਪ੍ਰਗਤੀਸ਼ੀਲ ਲੇਖਕ ਮਰਹੂਮ ਸੰਤੋਖ ਸਿੰਘ ਧੀਰ ਦਾ ਜਨਮ ਦਿਨ ਮਨਾਉਣ ਦਾ ਫੈਸਲਾ ਕੀਤਾ ਹੈ। ਸਭਾ ਦੇ ਪ੍ਰਧਾਨ ਕੁਲਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਰਬ ਸ੍ਰੀ ਹਰਨਾਮ ਸਿੰਘ ਡੱਲਾ, ਰਘਬੀਰ ਸਿੰਘ ਮਹਿਰਮ, ਭਾਰਤ ਭੂਸ਼ਨ, ਗੁਰਮੇਲ ਸਿੰਘ, ਦਰਸ਼ਨ ਸਿੰਘ, ਸੁਰਿੰਦਰਪਾਲ ਸਿੰਘ, ਸੰਤੋਖ ਸਿੰਘ ਕੰਧੋਲਾ, ਸੁਰਿੰਦਰ ਸਿੰਘ ਕੰਗ, ਰਾਣਾ ਮਨਮੋਹਨ ਸਿੰਘ, ਬੇਬੀ ਰੱਜੀ, ਬਲਜੀਤ ਸਿੰਘ, ਮਾਸਟਰ ਮਨਦੀਪ ਸਿੰਘ,



ਪੰਜਾਬੀ ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਅਮਰਿੰਦਰ ਸਿੰਘ ਸੋਹਲ ਅਤੇ ਅਜੈ ਰਾਣਾ ਨੇ ਭਾਗ ਲਿਆ। ਸਭ ਤੋਂ ਪਹਿਲਾਂ ਲੇਖਕਾਂ ਵਲੋਂ ਪੜ ੀਆਂ ਗਈਆਂ ਪੁਸਤਕਾਂ ਦੀ ਸਮੀਖਿਆ ਵਿੱਚ ਭਾਗ ਲੈਂਦਿਆ ਕੁਲਵਿੰਦਰ ਨੇ ਸੰਤਵੀਰ ਦੇ ਨਾਵਲ 'ਕਾਲੇ ਦੌਰ ਦੀ ਕਾਤਰ' ਬਾਰੇ ਗੱਲਬਾਤ ਕੀਤੀ, ਦਰਸ਼ਨ ਸਿੰਘ ਨੇ ਲੋਹੜੀ ਤਿਉਹਾਰ ਦੇ ਨਾਇਕ ਦੁੱਲਾ ਭੱਟੀ ਦੀ ਲੋਕ ਕਥਾ ਬਾਰੇ ਚਾਨਣਾ ਪਾਇਆ। ਸੰਤੋਖ ਸਿੰਘ ਸੋਖਾ ਨੇ ਚਮਕੌਰ ਦੀ ਗੜ੍ਹੀ ਦੀ ਜੰਗ ਬਾਰੇ ਲੇਖ ਅਤੇ ਹਰਨਾਮ ਸਿੰਘ ਡੱਲਾ ਨੇ ਜਸਬੀਰ ਮੰਡ ਦੇ ਨਾਵਲ 'ਆਖਰੀ ਬਾਬੇ' ਬਾਰੇ ਖੁਲ੍ਹ ਕੇ ਗੱਲਬਾਤ ਕੀਤੀ। ਇਸ ਸਮੇਂ ਡਾਕਟਰ ਤੇਜਪਾਲ ਸਿੰਘ ਕੰਗ ਨੇ ਸਭਾ ਨੂੰ ਭਰੋਸਾ ਦਿਵਾਇਆ ਕਿ ਜਲਦੀ ਹੀ ਉਹਨਾਂ ਦੇ ਪਿਤਾ ਸਵਰਗੀ ਡਾਕਟਰ ਹਰਭਜਨ ਸਿੰਘ ਕੰਗ ਦੀ ਯਾਦ ਵਿੱਚ ਨਾਮਵਰ ਸਾਹਿਤਕਾਰਾਂ ਨੂੰ ਪੁਰਸਕਾਰ ਦੇਣ ਲਈ ਸਭਾ ਨੂੰ ਮਾਲੀ ਸਾਲਾਨਾਂ ਮਦਦ ਸ਼ੁਰੂ ਕਰੇਗੀ। ਸਾਹਿਤਕ ਦੌਰ ਦੌਰਾਨ ਹਾਜ਼ਰ ਸਾਹਿਤਕਾਰ ਸੰਤੋਖ ਸਿੰਘ ਸੋਖਾ ਨੇ ਬਿਦੇਸ਼ ਬੈਠੇ ਧੀਆਂ ਪੁੱਤਰਾਂ ਲਈ ਮਾਪਿਆਂ ਦੀ ਉਡੀਕ ਦੀ ਬਾਤ ਪਾਉਂਦਾ ਗੀਤ ਤਰੰਨਮ ਵਿੱਚ ਪੇਸ਼ ਕੀਤਾ। ਦਰਸ਼ਨ ਸਿੰਘ ਵਲੋਂ ਦੋ ਕਵਿਤਾਵਾਂ, ਕੁਲਵਿੰਦਰ ਨੇ ਕਵਿਤਾ 'ਜੰਗਲ ਦੇ ਵੈਣ' ਸੁਰਿੰਦਰ ਸਿੰਘ ਕੰਗ ਨੇ ਵੀ ਕਵਿਤਾਵਾਂ ਸੁਣਾਈਆਂ। ਅਮਰਿੰਦਰ ਸਿੰਘ ਸੋਹਲ ਨੇ ਗ਼ਜ਼ਲ ਸੁਣਾਈ। ਮਾਸਟਰ ਮਨਦੀਪ ਸਿੰਘ ਰਾਮਪੁਰੀ ਨੇ ਪੜੀਆਂ ਗਈਆਂ। ਰਚਨਾਵਾਂ ਉੱਤੇ ਹੋਈ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਉਹ ਪਹਿਲੀ ਵਾਰ ਸਭਾ ਦੀ ਮੀਟਿੰਗ ਵਿੱਚ ਆਏ ਹਨ, ਪਰ ਹਾਜ਼ਰ ਸਾਹਿਤਕਾਰਾਂ ਵਲੋਂ ਕੀਤੀ ਜਾ ਰਹੀ ਪੁਸਤਕ ਸਮੀਖਿਆ ਦੀ ਸ਼ਲਾਘਾ ਕਰਨੀ ਬਣਦੀ ਹੈ। ਸਭਾ ਦੇ ਕੰਪਲੈਕਸ ਵਿੱਚ ਸੰਤੋਖ ਸਿੰਘ ਧੀਰ ਦੇ ਜਨਮ ਦਿਨ ਦੀ ਮਿਤੀ 15 ਫਰਵਰੀ 2026 ਰੱਖੀ ਗਈ ਹੈ। ਇਸ ਦੌਰਾਨ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ।

# ਵੇਦ ਪ੍ਰਕਾਸ਼ ਕ੍ਰਿਪਾਲ ਨਮਿਤ ਅੰਤਿਮ ਅਰਦਾਸ ਤੇ ਰਸਮ ਪਗੜੀ 27 ਨੂੰ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਐਡਵੋਕੇਟ ਪੰਕਜ ਕ੍ਰਿਪਾਲ ਦੇ ਪਿਤਾ ਵੇਦ ਪ੍ਰਕਾਸ਼ ਕ੍ਰਿਪਾਲ ਜੋ ਕਿ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਨਮਿਤ ਅੰਤਿਮ ਅਰਦਾਸ ਤੇ ਰਸਮ ਪਗੜੀ 27 ਜਨਵਰੀ ਦਿਨ ਮੰਗਲਵਾਰ ਨੂੰ ਸ੍ਰੀ ਵਿਸ਼ਵਕਰਮਾ ਮੰਦਿਰ



ਆਨੰਦਪੁਰ ਸਾਹਿਬ ਰੋਡ ਗੜ੍ਹਸ਼ੰਕਰ ਵਿਖੇ ਦੁਪਹਿਰ 1 ਤੋਂ 2 ਵਜੇ ਬਾਅਦ ਦੁਪਹਿਰ ਕੀਤੀ ਜਾਵੇਗੀ। ਐਡਵੋਕੇਟ ਪੰਕਜ ਕ੍ਰਿਪਾਲ ਤੇ ਉਹਨਾਂ ਦੇ ਸਮੂਹ ਪਰਿਵਾਰ ਨਾਲ ਵੱਖ-ਵੱਖ ਰਾਜਨੀਤਿਕ, ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਆਗੂਆਂ ਸਮੇਤ ਗੜ੍ਹਸ਼ੰਕਰ ਤੇ ਇਲਾਕਾ ਦੀਆਂ ਪ੍ਰਮੁੱਖ ਸ਼ਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

21-JAN-PAGE-10.qxd 1/20/2026 10:43 PM Page 1



## ਨਸ਼ੀਲੇ ਕੈਪਸੂਲਾਂ ਤੇ ਡਰੱਗ ਮਨੀ ਸਮੇਤ 8 ਗ੍ਰਿਫਤਾਰ



**ਮਲੋਟ (ਓਮ ਪ੍ਰਕਾਸ਼ ਸੇਖੂ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਸਿੰਘ ਦੀ ਅਗਵਾਈ ਹੇਠ ਯੁੱਧ ਨਸ਼ਿਆਂ ਵਿਰੁੱਧ ਜੋ ਮੁਹਿੰਮ ਚਲਾਈ ਗਈ ਹੈ, ਉਸੇ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਦੇ ਐੱਸ ਐੱਸ ਪੀ ਅਭਿਮਨਯੂ ਰਾਣਾ ਤੇ ਨਵੀਨ ਪਾਲ ਸਿੰਘ ਡੀਐੱਸਪੀ ਮਲੋਟ ਦੀ ਅਗਵਾਈ ਹੇਠ ਐੱਸ ਐੱਚ ਓ ਵਰੁਣ ਯਾਦਵ ਦੀ ਟੀਮ ਵੱਲੋਂ ਗਸ਼ਤ ਦੌਰਾਨ ਇੱਕ ਪੱਕੀ ਖਬਰ ਮਿਲੀ ਕਿ ਨਸ਼ੇ ਤਸਕਰ ਭਾਰੀ ਗਿਣਤੀ ਵਿੱਚ ਨਸ਼ਾ ਸਪਲਾਈ ਕਰਨ ਦੀ ਤਾਕ ਵਿੱਚ ਹਨ, ਸੂਚਨਾ ਮਿਲਦੇ ਹੀ ਨਾਕਾਬੰਦੀ ਕੀਤੀ ਗਈ। ਇਸੇ ਦੌਰਾਨ ਚਾਰ ਕਾਰਾਂ ਇਕੱਠੀਆਂ ਆਉਂਦੀਆਂ ਦਿਖਾਈ ਦਿੱਤੀਆਂ, ਜਦੋਂ ਉਨ੍ਹਾਂ ਨੂੰ ਰੋਕ ਕੇ ਚੈਕਿੰਗ ਕੀਤੀ ਗਈ ਤਾਂ ਉਨ੍ਹਾਂ ਵਿੱਚ ਭਾਰੀ ਗਿਣਤੀ ਵਿੱਚ (1 ਲੱਖ 80 ਹਜ਼ਾਰ) ਨਸ਼ੀਲੇ ਕੈਪਸੂਲ ਤੇ 1 ਲੱਖ 60 ਹਜ਼ਾਰ ਰੁਪਏ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਇਨ੍ਹਾਂ ਤਸਕਰਾਂ ਦੀ ਪਹਿਚਾਣ ਸਾਹਿਲ ਕੁਮਾਰ ਪੁੱਤਰ ਵਿਜੇ ਕੁਮਾਰ ਵਾਸੀ ਖਰੜ, ਰਾਹੁਲ ਕੁਮਾਰ ਪੁੱਤਰ ਮਹਿੰਦਰ ਕੁਮਾਰ ਫਾਜ਼ਿਲਕਾ, ਅਮਰਜੀਤ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਬਣਵਾਲਾ ਹਨਵੰਤਾ, ਜਗਦੀਸ਼ ਕੁਮਾਰ ਪੁੱਤਰ ਸੂਰਜ ਪ੍ਰਕਾਸ਼ ਵਾਸੀ ਫਾਜ਼ਿਲਕਾ, ਭਜਨ ਲਾਲ ਪੁੱਤਰ ਲਛਮਣ ਦਾਸ ਵਾਸੀ ਫਾਜ਼ਿਲਕਾ, ਵੈਭਵ ਪੁੱਤਰ ਵਿਜੇ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ, ਅਲਫਾਜ਼ ਪੁੱਤਰ ਮੁਹੰਮਦ ਹਫੀਜ਼ ਵਾਸੀ ਸ੍ਰੀ ਮੁਕਤਸਰ ਸਾਹਿਬ, ਸ਼ਕੀਲ ਪੁੱਤਰ ਮੁਹੰਮਦ ਰਫੀਕ ਵਾਸੀ ਮੁਕਤਸਰ ਸਾਹਿਬ ਵਜੋਂ ਹੋਈ। ਪੁਲਸ ਨੇ ਉਕਤ ਦੋਸ਼ੀਆਂ ਖਿਲਾਫ ਮੁਕਦਮਾ ਨੰਬਰ 17 ਧਾਰਾ 223 112 2ਐੱਨ ਐੱਸ ਤਹਿਤ ਥਾਣਾ ਸਿਟੀ ਮਲੋਟ ਵਿੱਚ ਦਰਜ ਕਰ ਲਿਆ ਹੈ।

# ਨਸ਼ਾ ਤਸਕਰੀ ਦੇ ਮੁਲਜ਼ਮ ਨੂੰ ਕਰੋੜਾਂ ਦਾ ਸਰਕਾਰੀ ਟੈਂਡਰ ਦੇਣ 'ਤੇ ਭੜਕੀਆਂ ਮਜ਼ਦੂਰ ਜਥੇਬੰਦੀਆਂ

### ਮਜ਼ਦੂਰਾਂ ਵੱਲੋਂ ਕਾਰਵਾਈ ਨਾ ਹੋਣ 'ਤੇ ਸੰਘਰਸ਼ ਵਿੱਢਣ ਦੀ ਚਿਤਾਵਨੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ 'ਤੇ ਉਸ ਵੇਲੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਗਏ, ਜਦੋਂ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਕਰੋੜਾਂ ਰੁਪਏ ਦਾ ਇੱਕ ਸਰਕਾਰੀ ਟੈਂਡਰ ਅਜਿਹੇ ਵਿਅਕਤੀ ਨੂੰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ, ਜਿਸ 'ਤੇ ਨਸ਼ਾ ਤਸਕਰੀ ਦੇ ਗੰਭੀਰ ਇਲਜ਼ਾਮ ਹਨ। ਮਜ਼ਦੂਰ ਯੂਨੀਅਨਾਂ ਨੇ ਇਸ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਸਰਕਾਰ ਤੇ ਪ੍ਰਸ਼ਾਸਨ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਫਿਰੋਜ਼ਪੁਰ ਦੀ ਸਤਲੁੱਜ ਪ੍ਰੈੱਸ ਕਲੱਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਡੀ. ਕੇ. ਟ੍ਰੇਡਿੰਗ ਕੰਪਨੀ ਦੇ ਮਾਲਕ ਰੋਹਿਤ ਕਟਾਰੀਆ ਦੇ ਨਾਂ 'ਤੇ ਜ਼ੀਰਾ ਮੈਂਬਰ ਦਾ ਠੇਕਾ ਜਾਰੀ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਠੇਕੇਦਾਰ ਵਿਰੁੱਧ ਪਹਿਲਾਂ ਹੀ ਐੱਨਡੀਪੀਐੱਸ ਐਕਟ ਤਹਿਤ ਕਈ ਸੰਗੀਨ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਥਾਣਾ ਸਦਰ ਪੱਟੀ ਵਿੱਚ ਢਾਈ ਕਿੱਲੋ ਅਫ਼ੀਮ ਤੇ ਵਿਦੇਸ਼ੀ ਕਰੰਸੀ ਦੀ ਬਰਾਮਦਗੀ, ਲੁਧਿਆਣਾ ਦੇ ਥਾਣਾ ਡਵੀਜ਼ਨ ਨੰਬਰ 7 ਵਿੱਚ 100 ਗ੍ਰਾਮ ਹੈਰੋਇਨ ਦਾ ਮੁਕੱਦਮਾ ਦਰਜ ਹੈ। ਰੇਲਵੇ ਜਾਂ ਹੋਰ ਸਰਕਾਰੀ ਕੰਮਾਂ ਲਈ ਆਮ ਤੌਰ 'ਤੇ ਪੁਲਸ ਵੈਰੀਫਿਕੇਸ਼ਨ ਲਾਜ਼ਮੀ ਹੁੰਦੀ ਹੈ, ਪਰ ਇੱਥੇ ਸਰਕਾਰੀ ਨਿਯਮਾਂ (ਪਾਲਿਸੀ ਅਨੁਸਾਰ ਅਪਰਾਧਿਕ ਵਿਅਕਤੀ ਟੈਂਡਰ ਨਹੀਂ ਭਰ ਸਕਦਾ) ਨੂੰ ਛਿੱਕੇ ਟੰਗ ਕੇ ਕਰੋੜਾਂ ਦਾ ਕੰਮ ਸੌਂਪ ਦਿੱਤਾ ਗਿਆ। ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਉਕਤ ਠੇਕੇਦਾਰ ਵੱਲੋਂ ਪਿਛਲੇ ਛੇ ਸਾਲਾਂ ਤੋਂ ਮਜ਼ਦੂਰਾਂ ਦਾ (ਫੰਡ) ਨਹੀਂ ਦਿੱਤਾ ਗਿਆ, ਜਦੋਂ ਮਜ਼ਦੂਰਾਂ ਨੇ ਵਿਰੋਧ ਕੀਤਾ ਤਾਂ ਕਥਿਤ ਤੌਰ 'ਤੇ ਪੁਲਸ ਦੀ ਮਦਦ ਨਾਲ ਬਾਹਰੋਂ ਮਜ਼ਦੂਰ ਲਿਆ ਕੇ ਕੰਮ ਚਲਾਉਣ ਦੀ ਕੋਸ਼ਿਸ਼ ਕੀਤੀ ਗਈ। ਯੂਨੀਅਨ ਅਨੁਸਾਰ, ਕਰੀਬ 100 ਪੁਲਸ ਮੁਲਾਜ਼ਮਾਂ ਦੀ ਨਿਗਰਾਨੀ ਹੇਠ ਮਜ਼ਦੂਰਾਂ ਦੇ ਰੋਸ ਪ੍ਰਦਰਸ਼ਨ ਨੂੰ ਦਬਾਇਆ ਜਾ ਰਿਹਾ ਹੈ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਦਿਲਬਾਗ ਸਿੰਘ, ਬਲਵੀਰ ਸਿੰਘ, ਪ੍ਰਕਾਸ਼ ਸਿੰਘ ਤੇ ਹੋਰਨਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਜੇਕਰ ਇਸ ਨਸ਼ਾ ਤਸਕਰ ਠੇਕੇਦਾਰ ਵਿਰੁੱਧ ਤੁਰੰਤ ਕਾਰਵਾਈ ਨਾ ਕੀਤੀ ਗਈ ਅਤੇ ਟੈਂਡਰ ਰੱਦ ਨਾ ਹੋਇਆ, ਤਾਂ ਇਹ ਸੰਘਰਸ਼ ਪੂਰੇ ਪੰਜਾਬ ਪੱਧਰ 'ਤੇ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਖ਼ੂਨਦਾਨ ਤੇ ਅੱਖਾਂ ਦਾ ਕੈਂਪ 28 ਨੂੰ

**ਰਾਜਪੁਰਾ (ਰਮੇਸ਼ ਕਟਾਰੀਆ)**-ਆਈਮਨਜ਼ ਗਰੁੱਪ ਆਫ਼ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਵੱਲੋਂ 28 ਜਨਵਰੀ ਨੂੰ ਆਈਮਨਜ਼ ਕੈਂਪਸ ਵਿਖੇ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀ ਜੀ ਆਈ ਐੱਮ ਈ ਆਰ) ਚੰਡੀਗੜ੍ਹ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਤੇ ਅੱਖਾਂ ਦੀ ਜਾਂਚ ਦੇ ਕੈਂਪ ਦਾ ਆਯੋਜਨ ਕਰੇਗਾ।ਡਾ. ਵਿਪਿਨ ਕੌਸ਼ਲ, ਮੈਡੀਕਲ ਸੁਪਰਡੈਂਟ (ਐੱਮ ਐੱਸ) ਪੀ ਜੀ ਆਈ ਐੱਮ ਈ ਆਰ ਚੰਡੀਗੜ੍ਹ ਟੀਮ ਨਾਲ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਆਈਮਨਜ਼ ਗਰੁੱਪ ਦੇ ਚੇਅਰਮੈਨ ਡਾ. ਅੰਸ਼ੂ ਕਟਾਰੀਆ ਨੇ ਕਿਹਾ ਕਿ ਇਸ ਪਹਿਲ ਦਾ ਉਦੇਸ਼ ਸਵੈ-ਇੱਛਤ ਖ਼ੂਨਦਾਨ ਨੂੰ ਉਤਸ਼ਾਹਤ ਕਰਨਾ ਤੇ ਐਮਰਜੈਂਸੀ ਅਤੇ ਗੰਭੀਰ ਡਾਕਟਰੀ ਜ਼ਰੂਰਤਾਂ ਲਈ ਖ਼ੂਨ ਦੀ ਉਪਲਬਧਤਾ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਬਾਬਾ ਬਲਵੰਤ ਸਿੰਘ ਦੁੱਧਾਧਾਰੀ ਚੈਰੀਟੇਬਲ ਹਸਪਤਾਲ ਤੇ ਪ੍ਰਯੋਗਸ਼ਾਲਾ ਦੇ ਸਹਿਯੋਗ ਨਾਲ ਉਸੇ ਦਿਨ ਇੱਕ ਮੁਫਤ ਅੱਖਾਂ ਦੀ ਜਾਂਚ ਦਾ ਕੈਂਪ ਵੀ ਲਗਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਡਾਕਟਰੀ ਸਿਫਾਰਸ਼ਾਂ 'ਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਲੈਂਜ਼ ਪ੍ਰਦਾਨ ਕੀਤੇ ਜਾਣਗੇ।ਸਾਰੇ ਖ਼ੂਨਦਾਨੀਆਂ ਨੂੰ ਉਨ੍ਹਾਂ ਦੇ ਕੀਮਤੀ ਯੋਗਦਾਨ ਲਈ ਪੀਜੀਆਈਐੱਮਈਆਰ ਚੰਡੀਗੜ੍ਹ ਵੱਲੋਂ ਪ੍ਰਸ਼ੰਸਾ ਪੱਤਰ ਦਿੱਤੇ ਜਾਣਗੇ।

## ਟੈਂਪੂ ਡਰਾਈਵਰ ਨੇ ਬਜ਼ਾਰ 'ਚ ਦਰੜਿਆ ਮੋਟਰਸਾਈਕਲ



**ਬਰੇਟਾ (ਰੀਤਵਾਲ)**-ਬਰੇਟਾ ਮੰਡੀ ਦੇ ਮੇਨ ਬਾਜ਼ਾਰ ਵਿੱਚ ਗਲਤ ਸਾਈਡ ਤੋਂ ਆ ਰਹੇ ਛੋਟਾ ਹਾਥੀ ਗੱਡੀ ਦੇ ਡਰਾਈਵਰ ਨੇ ਇੱਕ ਮੋਟਰਸਾਈਕਲ ਤੇ ਇੱਕ ਮੀਟਰ ਬਕਸੇ ਵਾਲੇ ਖੰਭੇ ਨਾਲ ਸਿੱਧੀ ਟੱਕਰ ਮਾਰ ਦਿੱਤੀ ਅਤੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਮੇਨ ਬਜ਼ਾਰ ਵਿੱਚ ਗੋਡ ਲੈਬੋਰਟਰੀ ਦੇ ਨਜ਼ਦੀਕ ਇੱਕ ਮੋਟਰਸਾਈਕਲ ਸਵਾਰ ਪੋਸਟਰ ਲਾਉਣ ਲਈ ਖੜ੍ਹਾ ਸੀ ਤੇ ਉਸ ਦੇ ਮੋਟਰਸਾਈਕਲ ਨੂੰ ਸਿੱਧੀ ਟੱਕਰ ਮਾਰ ਕੇ ਯੂ ਪੀ ਨੰਬਰ ਦੀ ਛੋਟਾ ਹਾਥੀ ਗੱਡੀ ਨੇ ਬਿਜਲੀ ਦੇ ਮੀਟਰ ਬਕਸੇ ਵਾਲੇ ਖੰਭੇ ਨੂੰ ਤੋੜ ਦਿੱਤਾ।ਬਰੇਟਾ ਥਾਣਾ ਦੇ ਮੁੱਖ ਮੁਨਸ਼ੀ ਅਮਨਦੀਪ ਨੇ ਦੱਸਿਆ ਕਿ ਛੋਟਾ ਹਾਥੀ ਗੱਡੀ ਗਲਤ ਸਾਈਡ ਤੋਂ ਆ ਰਹੀ ਸੀ, ਜਿਸ ਦੇ ਡਰਾਈਵਰ ਨੂੰ ਨੀਂਦ ਆ ਰਹੀ ਸੀ ਕਿਉਂਕਿ ਉਹ ਯੂ ਪੀ ਤੋਂ ਲੰਮਾ ਸਫ਼ਰ ਤੈਅ ਕਰਕੇ ਆ ਰਿਹਾ ਸੀ।ਉਪਰੋਕਤ ਮੌਕੇ 'ਤੇ ਇਕੱਠੇ ਹੋਏ ਵਿਅਕਤੀਆਂ ਨੇ ਜਾਨੀ ਨੁਕਸਾਨ ਤੋਂ ਬਚਾਅ ਹੋਣ ਕਰਕੇ ਦੋਵਾਂ ਧਿਰਾਂ ਦਾ ਸਮਝੌਤਾ ਕਰਵਾਉਣ ਉਪਰੰਤ ਭੇਜ ਦਿੱਤਾ।

## ਐਡਵੋਕੇਟ ਡਾ. ਬੂਟਾ ਸਿੰਘ ਦਾ ਬੈਰਾਗੀ ਭਲਾਈ ਬੋਰਡ ਦਾ ਮੈਂਬਰ ਬਣਨ 'ਤੇ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਰਕਾਰ ਵੱਲੋਂ ਬੈਰਾਗੀ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ 'ਬੈਰਾਗੀ ਭਲਾਈ ਬੋਰਡ ਪੰਜਾਬ' ਦਾ ਗਠਨ ਕੀਤਾ ਗਿਆ ਹੈ।ਬਲਦੇਵ ਬਾਵਾ ਕਨਵੀਨਰ ਬੈਰਾਗੀ ਮਹਾਂ-ਮੰਡਲ ਨੇ 'ਬੈਰਾਗੀ ਭਲਾਈ ਬੋਰਡ ਪੰਜਾਬ' ਦਾ ਗਠਨ ਕਰਨ 'ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਐਡਵੋਕੇਟ ਡਾ. ਬੂਟਾ ਸਿੰਘ ਬੈਰਾਗੀ ਜੋ ਆਲ ਇੰਡੀਆ ਬੈਰਾਗੀ ਮਹਾਂ-ਮੰਡਲ ਦੇ ਲੀਗਲ ਐਡਵਾਈਜ਼ਰ ਹਨ, ਨੂੰ ਪੰਜਾਬ ਸਰਕਾਰ ਵੱਲੋਂ ਇਸ ਬੋਰਡ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ, ਇਸ ਉੱਪਰ ਸਮੂਹ ਭਾਈਚਾਰੇ ਨੇ ਖ਼ੁਸ਼ੀ ਮਨਾਈ। ਅੱਜ ਐਡਵੋਕੇਟ ਡਾ. ਬੂਟਾ ਸਿੰਘ ਬੈਰਾਗੀ ਹੋਟਲ ਫਾਈਵ ਰਿਵਰਜ਼ ਜਗਰਾਉਂ ਵਿਖੇ ਪਹੁੰਚੇ, ਜਿੱਥੇ ਬਲਦੇਵ ਬਾਵਾ ਕਨਵੀਨਰ ਬੈਰਾਗੀ ਮਹਾਂ-ਮੰਡਲ ਤੇ ਬੇਅੰਤ ਬਾਵਾ ਸਕੱਤਰ ਬੈਰਾਗੀ ਮਹਾਂ-ਮੰਡਲ ਵੱਲੋਂ ਡਾ. ਬੂਟਾ ਸਿੰਘ ਬੈਰਾਗੀ ਦਾ ਸਵਾਗਤ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਐਡਵੋਕੇਟ ਡਾ. ਬੂਟਾ ਸਿੰਘ ਬੈਰਾਗੀ ਨੇ ਕਿਹਾ ਕਿ ਉਹ ਸਮੱਚੀ ਬਰਾਦਰੀ ਤੇ ਸਮਾਜ ਦੀ ਬਿਹਤਰੀ, ਇੱਕਜੁੱਟਤਾ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਪਹਿਲ ਕਰਨਗੇ ਅਤੇ ਭਾਈਚਾਰੇ ਦੀਆਂ ਸਮੱਸਿਆਵਾਂ ਸਰਕਾਰ ਤੋਂ ਹੱਲ ਕਰਵਾਉਣ ਦੇ ਹਰ ਸੰਭਵ ਯਤਨ ਕਰਨਗੇ।ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਚੰਡੀਗੜ੍ਹ ਬਾਕੀ ਵੱਖ-ਵੱਖ ਬਰਾਦਰੀਆਂ ਦੇ ਭਵਨਾਂ ਦੀ ਤਰ੍ਹਾਂ ਹੀ ਬੈਰਾਗੀ ਭਵਨ ਲਈ ਵੀ ਜਗ੍ਹਾ ਦਿੱਤੀ ਜਾਵੇ।ਬਲਦੇਵ ਬਾਵਾ ਤੇ ਬੇਅੰਤ ਬਾਬਾ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

## 'ਪੁਲਸ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸੇ'

**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਜਿੱਥੇ ਆਵਾਜਾਈ ਨਿਯਮਾਂ ਨੂੰ ਲਾਗੂ ਕਰਵਾਉਣ ਲਈ ਪੁਲਸ ਵੱਖ-ਵੱਖ ਥਾਵਾਂ 'ਤੇ ਨਾਕੇ ਲਾ ਕੇ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ, ਉੱਥੇ ਹੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀ ਬਿਨਾਂ ਡਰਾਈਵਿੰਗ ਲਾਇਸੈਂਸ ਤੋਂ ਤੇਜ਼ ਰਫ਼ਤਾਰ ਦੋ ਪਹੀਆ ਵਾਹਨ ਚਲਾ ਕੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ ਪਰ ਉਸ ਵੱਲ ਪੁਲਸ ਕੋਈ ਧਿਆਨ ਨਹੀਂ ਦੇ ਰਹੀ। ਜਿਸ ਕਾਰਨ ਆਮ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵਿਦਿਆਰਥੀ ਬੁਲੇਟ ਮੋਟਰਸਾਈਕਲ ਦੇ ਪਟਾਕੇ ਵੀ ਮਾਰਦੇ ਹਨ ਜੋ ਵੱਖ-ਵੱਖ ਬਿਮਾਰੀਆਂ ਨਾਲ ਜੂਝਦੇ ਲੋਕਾਂ ਲਈ ਬਹੁਤ ਹੀ ਘਾਤਕ ਹਨ। ਇਸ ਸਬੰਧੀ ਸਹਿਯੋਗ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸ਼ਹਿਰ 'ਚ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀ ਜੋ ਕਿ ਸਕੂਲਾਂ ਦੀਆਂ ਬੱਸਾਂ ਦੀ ਬਜਾਏ ਆਪਣੇ ਬੁਲੇਟ ਮੋਟਰਸਾਈਕਲਾਂ 'ਤੇ ਆਉਂਦੇ ਹਨ, ਉਹ ਦੁਪਹਿਰ ਵੇਲੇ ਜਦੋਂ ਛੁੱਟੀ ਹੁੰਦੀ ਹੈ ਤਾਂ ਇੱਕ-ਦੂਜੇ ਤੋਂ ਅੱਗੇ ਲੰਘਣ ਲਈ ਰੇਸ ਲਾਉਂਦੇ ਹੋਏ ਪਟਾਕੇ ਮਾਰਦੇ ਹਨ। ਲੋੜ ਹੈ ਪੁਲਸ ਨੂੰ ਅਜਿਹੇ ਸ਼ਰਾਰਤੀ ਅਨਸਰਾਂ ਤੇ ਨਕੇਲ ਕੱਸਣ ਦੀ।

# ਨਾਭਾ ਦੀਆਂ ਆਊਟਰ ਕਲੋਨੀਆਂ ਦੇ ਲੋਕ ਸਹੂਲਤਾਂ ਤੋਂ ਸੱਖਣੇ



**ਨਾਭਾ (ਵਰਿੰਦਰ ਵਰਮਾ)**-ਜਿਵੇਂ-ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ, ਸਿਆਸੀ ਪਾਰਟੀਆਂ ਪ੍ਰਤੀ ਲੋਕਾਂ ਦਾ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ।ਦੱਸਿਆ ਜਾਂਦਾ ਹੈ ਜਿਵੇਂ ਕਿ ਇੱਕ ਆਮ ਕਹਾਵਤ ਹੈ ਕਿ 12 ਸਾਲਾਂ ਬਾਅਦ ਰੂੜ੍ਹੀ ਦਾ ਭਾਗ ਵੀ ਜਾਗਦਾ ਹੈ, ਪ੍ਰੰਤੂ ਨਾਭਾ ਦੀਆਂ ਕਰੀਬ 5 ਬਾਹਰੀ ਕਲੋਨੀਆਂ ਦੇ ਲੋਕ ਪਿਛਲੇ 30 ਸਾਲਾਂ ਤੋਂ ਵਿਕਾਸ ਨੂੰ ਤਰਸ ਰਹੇ ਹਨ।ਕਲੋਨੀਆਂ ਦੀ ਹਾਲਤ ਦੇਖ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ, ਕਿਉਂਕਿ ਇਨ੍ਹਾਂ ਕਲੋਨੀਆਂ ਵਿੱਚ ਨਾ ਤਾਂ ਸੀਵਰੇਜ ਹੈ ਤੇ ਨਾ ਹੀ ਪੀਣ ਵਾਲਾ ਪਾਣੀ।ਇਨ੍ਹਾਂ ਕਲੋਨੀਆਂ ਦੇ ਲੋਕ ਹਰ ਵਾਰ ਹਰ ਸਰਕਾਰ ਦੇ ਉਮੀਦਵਾਰ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਦੇ ਹਨ, ਪਰ ਉਮੀਦਵਾਰ ਕਦੇ ਵੀ ਇਨ੍ਹਾਂ ਕਲੋਨੀਆਂ ਦੀ ਸਾਰ ਨਹੀਂ ਲੈਂਦਾ। ਕਲੋਨੀ ਵਾਸੀ ਮੁਹੰਮਦ ਸਲੀਮ, ਬਹਾਦਰ ਸਿੰਘ, ਇੰਦਰ ਨੂਰ, ਸੋਨੂੰ, ਮਨੋਜ ਕੁਮਾਰ, ਜਗਦੇਵ ਕੁਮਾਰ, ਰਜਨੀ, ਰਾਣੀ ਦੇਵੀ ਨੇ ਦੱਸਿਆ ਕਿ ਕਲੋਨੀ ਵਾਸੀਆਂ ਦਾ ਗੁੱਸਾ ਇਸ ਤਰ੍ਹਾਂ ਦੇਖਣ ਨੂੰ ਮਿਲਿਆ ਕਿ ਕਲੋਨੀ ਵਾਸੀਆਂ ਨੇ ਇਸ ਵਾਰ ਕਿਸੇ ਵੀ ਪਾਰਟੀ ਦੇ ਉਮੀਦਵਾਰ ਨੂੰ ਵੋਟ ਨਾ ਪਾਉਣ ਦੀ ਗੱਲ ਕਹੀ। ਕਲੋਨੀ ਵਾਸੀਆਂ ਦਾ ਕਹਿਣਾ ਹੈ ਕਿ ਸਾਡੀ ਕਲੋਨੀ ਨਾ ਤਾਂ ਨਗਰ ਕੌਂਸਲ ਅਧੀਨ ਆਉਂਦੀ ਹੈ ਤੇ ਨਾ ਹੀ ਪੰਚਾਇਤ। ਇਹ ਕਲੋਨੀ ਲਾਵਾਰਿਸ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸੀ ਮੰਤਰੀ ਧਰਮਸੋਤ ਨੇ ਕਲੋਨੀ ਵਿੱਚ ਸੀਵਰੇਜ ਪਾਇਆ ਸੀ, ਪਰ ਉਨ੍ਹਾਂ ਨੇ ਇਸ ਨੂੰ ਇੰਨਾ ਉੱਚਾ ਪਾ ਦਿੱਤਾ ਸੀ ਕਿ ਲੋਕ ਇਸ ਵਿੱਚ ਡਿੱਗਦੇ ਰਹਿੰਦੇ ਹਨ, ਕਈ ਲੋਕਾਂ ਦੀਆਂ ਲੱਤਾਂ ਟੁੱਟ ਚੁੱਕੀਆਂ ਹਨ। ਕਲੋਨੀ ਵਾਸੀਆਂ ਦੀ ਮੰਗ ਹੈ ਕਿ ਸੀਵਰੇਜ ਦੀ ਮੁਰੰਮਤ ਕਰਵਾਈ ਜਾਵੇ, ਸੀਵਰੇਜ ਦੇ ਮੂੰਹ ਖੁੱਲ੍ਹੇ ਪਏ ਹਨ ਤੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ।ਦੂਸਰਾ ਸਾਡੀ ਕਲੋਨੀ ਸ਼ਹਿਰ ਦੀ ਹੱਦ ਅੰਦਰ ਆਉਣੀ ਚਾਹੀਦੀ ਹੈ ਤਾਂ ਜੋ ਸਾਡੀ ਕਲੋਨੀ ਨੂੰ ਵੀ ਸਫਾਈ, ਪਾਣੀ, ਲਾਈਟਾਂ ਤੇ ਸੀਵਰੇਜ ਆਦਿ ਸਹੂਲਤਾਂ ਮਿਲ ਸਕਣ। ਇਸ ਮੌਕੇ ਜਦੋਂ ਐੱਸ.ਡੀ.ਐੱਮ. ਨਾਭਾ ਕਨੂੰ ਗਰਗ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਕਲੋਨੀਆਂ ਨਗਰ ਕੌਂਸਲ ਦੇ ਹੱਦ ਤੋਂ ਬਾਹਰ ਹੋਣ ਕਾਰਨ ਇਨ੍ਹਾਂ ਨੂੰ ਕਾਫੀ ਮੁਸ਼ਕਲਾਂ ਆਉਂਦੀਆਂ ਹਨ। ਭਾਵੇਂ ਕਿ ਜਿੰਨੇ ਕੁ ਸਾਡੇ ਦਾਇਰੇ ਅੰਦਰ ਕੰਮ ਆਉਂਦੇ ਹਨ, ਅਸੀਂ ਉਨ੍ਹਾਂ ਦੇ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਆਊਟਰ ਕਲੋਨੀਆਂ ਸਬੰਧੀ ਸਰਕਾਰ ਨੂੰ ਪੱਤਰ ਲਿਖ ਚੁੱਕੇ ਹਾਂ ਤੇ ਸਰਕਾਰ ਵੱਲੋਂ ਕੋਈ ਹਦਾਇਤ ਮਿਲਣ 'ਤੇ ਹੀ ਕਲੋਨੀਆਂ ਦਾ ਵਿਕਾਸ ਹੋਵੇਗਾ।

## ਦਿਹਾਤੀ ਜ਼ਿਲ੍ਹਾ ਪ੍ਰਧਾਨ ਵਿਰਕ ਦਾ ਚੇਅਰਮੈਨ ਢਿੱਲੋਂ ਵੱਲੋਂ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਦਿਹਾਤੀ ਦੇ ਨਵਨਿਯੁਕਤ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ. ਹਰਪਾਲ ਸਿੰਘ ਵਿਰਕ ਤੇ ਅਮਨਦੀਪ ਸਿੰਘ ਭੁੱਲਰ ਬਲਾਕ ਸਮਿਤੀ ਮੈਂਬਰ ਨੂੰ ਲੋਕ ਸਭਾ ਦਫਤਰ ਵਿਖੇ ਪਹੁੰਚਣ 'ਤੇ ਚੇਅਰਮੈਨ ਤੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਉਨ੍ਹਾ ਇਸ ਮੌਕੇ ਦੱਸਿਆ ਕਿ ਹਰਪਾਲ ਸਿੰਘ ਵਿਰਕ ਤੇ ਅਮਨਦੀਪ ਸਿੰਘ ਭੁੱਲਰ ਆਮ ਆਦਮੀ ਪਾਰਟੀ ਦੇ ਇਮਾਨਦਾਰ ਤੇ ਮਿਹਨਤੀ ਸਿਪਾਹੀ ਹਨ, ਪਾਰਟੀ ਇਮਾਨਦਾਰ ਤੇ ਮਿਹਨਤੀ ਵਰਕਰਾਂ ਨੂੰ ਅਹੁਦੇ ਤੇ ਸਰਕਾਰ ਵਿੱਚ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਨਿਵਾਜਦੀ ਹੈ ਤਾਂ ਕਿ ਉਨ੍ਹਾਂ ਦਾ ਮਨੋਬਲ ਉੱਚਾ ਹੋਵੇ। ਨਵ-ਨਿਯੁਕਤ ਅਹੁਦੇਦਾਰਾਂ ਨੇ ਪਾਰਟੀ ਸੁਪ੍ਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਦਿਨ ਰਾਤ ਜੀ-ਤੋੜ ਮਿਹਨਤ ਕਰਕੇ ਪਾਰਟੀ ਨੂੰ ਬੁਲੰਦੀਆਂ 'ਤੇ ਪਹੁੰਚਾਉਣਗੇ ਤੇ 2027 ਵਿੱਚ ਪੰਜਾਬ ਵਿੱਚ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਪੁਰਜ਼ੋਰ ਯਤਨ ਕਰਨਗੇ। ਸਨਮਾਨ ਪ੍ਰੋਗ੍ਰਾਮ ਸਮੇਂ ਰਾਜ ਕੁਮਾਰ ਮਿਠਾਰੀਆ ਆਫਿਸ ਇੰਚਾਰਜ, ਗ਼ੱਜਣ ਸਿੰਘ ਜ਼ਿਲ੍ਹਾ ਮੀਡੀਆ ਸਲਾਹਕਾਰ, ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ, ਓਮ ਪ੍ਰਕਾਸ਼, ਹੇਮ ਰਾਜ, ਮਹਿਮਾ ਸਿੰਘ ਆਦਿ ਮੌਜੂਦ ਸਨ।

## ਮਾਈਨਿੰਗ ਰੋਕਣ ਵਾਲੇ ਵਿਅਕਤੀ ਦੀ ਕੁੱਟਮਾਰ ਕਰਨ ਵਾਲਿਆਂ ਖਿਲਾਫ਼ ਮਾਮਲਾ ਦਰਜ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਬੀਤੇ ਦਿਨੀਂ ਰੇਤੇ ਦੀ ਨਾਜਾਇਜ਼ ਮਾਈਨਿੰਗ ਨਾਲ ਭਰੀਆਂ ਟਰਾਲੀਆਂ ਰੋਕਣ 'ਤੇ ਪਪਿੰਦਰ ਸਿੰਘ ਵਾਸੀ ਪਿੰਡ ਨਾਨੋਵਾਲ ਦੀ ਕੁੱਟਮਾਰ ਕਰਨ ਵਾਲੇ ਵਿਅਕਤੀ ਪਿਤਾ ਹੇਮ ਸਿੰਘ, ਪੁੱਤਰ ਹਰਦੀਪ ਸਿੰਘ, ਪਰਦੀਪ ਸਿੰਘ, ਗੁਰਦੀਪ ਸਿੰਘ ਵਾਸੀ ਸ਼ੇਰਪੁਰ ਬਸਤੀ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਕੋਲ ਬਿਆਨ ਦਰਜ ਕਰਵਾਉਂਦਿਆਂ ਪਪਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਚਕਲੀ ਕਾਸਬ, ਜੋ ਮਾਛੀਵਾੜਾ ਥਾਣਾ ਅਧੀਨ ਪੈਂਦਾ ਹੈ, ਜਿੱਥੇ ਉਸ ਤੇ ਸਰਪੰਚ ਸ਼ਰਨਜੀਤ ਸਿੰਘ ਵੱਲੋਂ ਪਿੰਡ 'ਚੋਂ ਲੰਘਣ ਵਾਲੀਆਂ ਰੇਤੇ ਦੀ ਨਾਜਾਇਜ਼ ਮਾਈਨਿੰਗ ਕਰਕੇ ਆਉਣ ਵਾਲੀਆਂ ਟਰਾਲੀਆਂ ਨੂੰ ਰੋਕ ਕੇ ਇਨ੍ਹਾਂ ਨੂੰ ਨਾਜਾਇਜ਼ ਮਾਈਨਿੰਗ ਬੰਦ ਕਰਨ ਲਈ ਕਿਹਾ ਸੀ। ਨਾਜਾਇਜ਼ ਮਾਈਨਿੰਗ ਰੋਕਣ 'ਤੇ ਹੇਮ ਸਿੰਘ, ਉਸ ਦੇ ਲੜਕੇ ਹਰਦੀਪ ਸਿੰਘ, ਪਰਦੀਪ ਸਿੰਘ ਤੇ ਗੁਰਦੀਪ ਸਿੰਘ ਉਸ ਨਾਲ ਗਾਲੀ ਗਲੋਚ ਕਰਨ ਲੱਗੇ ਤੇ ਉਸ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਉਕਤ ਵਿਅਕਤੀਆਂ ਨੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਅਤੇ ਸਿਰ ਵਿੱਚ ਸੱਟ ਲੱਗਣ ਕਾਰਨ ਉਸ ਨੇ ਆਪਣੀ ਜਾਨ ਬਚਾਉਣ ਦਾ ਰੌਲਾ ਪਾਇਆ। ਜ਼ਖ਼ਮੀ ਹਾਲਤ ਵਿੱਚ ਉਸ ਨੂੰ ਸਿਵਲ ਹਸਪਤਾਲ ਸਮਰਾਲਾ ਵਿਖੇ ਇਲਾਜ ਲਈ ਦਾਖਲ ਕਰਵਾਇਆ। ਬਿਆਨਕਰਤਾ ਅਨੁਸਾਰ ਨਾਜਾਇਜ਼ ਮਾਈਨਿੰਗ ਰੋਕਣ ਦੀ ਰੰਜਿਸ਼ ਕਾਰਨ ਉਸ ਉੱਪਰ ਇਹ ਹਮਲਾ ਕੀਤਾ ਗਿਆ। ਪੁਲਸ ਨੇ ਫਿਲਹਾਲ 4 ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

## ਸੋਈ ਦੀਆਂ ਖਿਡਾਰਨਾਂ ਨੇ ਵੇਟ ਲਿਫਟਿੰਗ 'ਚ ਤਮਗੇ ਜਿੱਤੇ



**ਦੋਰਾਹਾ (ਹਰਮਿੰਦਰ ਸੇਠ)**-ਅਸਮੀਤਾ ਖੇਲੋ ਇੰਡੀਆ ਯੋਜਨਾ ਤਹਿਤ 7 ਜਨਵਰੀ 2026 ਨੂੰ ਵੇਟ ਲਿਫਟਿੰਗ ਸੈਂਟਰ ਐੱਸ.ਓ.ਈ. ਸੁਨਾਮ ਵਿਖੇ ਲੜਕੀਆਂ ਦੇ ਵੇਟ ਲਿਫਟਿੰਗ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਆਫ਼ ਐਮੀਨੈਂਸ (ਐੱਸ.ਓ.ਈ.) ਦੋਰਾਹਾ ਦੀਆਂ 11 ਖਿਡਾਰਨਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 7 ਖਿਡਾਰਨਾਂ ਨੇ ਵੱਖ-ਵੱਖ ਭਾਰ ਵਰਗਾਂ ਵਿੱਚ ਤਮਗੇ ਜਿੱਤ ਕੇ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।44 ਕਿਲੋਗ੍ਰਾਮ ਭਾਰ ਵਰਗ ਵਿੱਚ ਪ੍ਰਾਸ਼ਸਟੀ ਯਾਦਵ ਨੇ ਸੋਨੇ ਤੇ ਆਦੀਆ ਯਾਦਵ ਨੇ ਕਾਂਸੀ ਦਾ ਤਮਗਾ ਹਾਸਲ ਕੀਤਾ।48 ਕਿਲੋਗ੍ਰਾਮ ਵਿੱਚ ਖੁਸ਼ੀ ਨੇ ਚਾਂਦੀ, 53 ਕਿਲੋਗ੍ਰਾਮ ਵਿੱਚ ਸ਼ਾਲਿਨੀ ਨੇ ਚਾਂਦੀ, 58 ਕਿਲੋਗ੍ਰਾਮ ਵਿੱਚ ਜਸਮੀਨ ਕੌਰ ਨੇ ਸੋਨੇ ਦਾ ਤਮਗਾ ਜਿੱਤਿਆ, ਜਦਕਿ 77 ਕਿਲੋਗ੍ਰਾਮ ਭਾਰ ਵਰਗ ਵਿੱਚ ਸੁਖਪ੍ਰੀਤ ਨੇ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਹਰਵਿੰਦਰ ਰੂਪ ਰਾਏ ਵੱਲੋਂ ਜੇਤੂ ਖਿਡਾਰਨਾਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਇਸ ਸਾਲ ਸਕੂਲ ਦੀਆਂ ਚਾਰ ਵਿਦਿਆਰਥਣਾਂ ਨੇ ਨੈਸ਼ਨਲ ਪੱਧਰ 'ਤੇ ਭਾਗ ਲਿਆ ਹੈ ਤੇ ਇੱਕ ਵਿਦਿਆਰਥਣ ਅਗਲੇ ਮਹੀਨੇ ਨੈਸ਼ਨਲ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਜਾ ਰਹੀ ਹੈ, ਜੋ ਕਿ ਸਕੂਲ ਲਈ ਵੱਡੀ ਮਾਣ ਦੀ ਗੱਲ ਹੈ।ਪ੍ਰਿੰਸੀਪਲ ਮੈਡਮ ਹਰਵਿੰਦਰ ਰੂਪ ਰਾਏ ਵੱਲੋਂ ਪੀ.ਟੀ.ਆਈ. ਮੈਡਮ ਜਸਬੀਰ ਕੌਰ, ਕੋਚ ਜਤਿੰਦਰ ਸਿੰਘ, ਸਮੂਹ ਸਕੂਲ ਸਟਾਫ਼ ਤੇ ਖਿਡਾਰਨਾਂ ਦੇ ਮਾਤਾ-ਪਿਤਾ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਗਈ।ਉਨ੍ਹਾਂ ਖਿਡਾਰਨਾਂ ਦੇ ਉੱਜਲੇ ਭਵਿੱਖ, ਚੰਗੀ ਸਿਹਤ ਤੇ ਹੋਰ ਵੀ ਬਿਹਤਰ ਨਤੀਜਿਆਂ ਦੀ ਕਾਮਨਾ ਕੀਤੀ।

# ਡੀ ਸੀ ਦਫ਼ਤਰ 'ਚ ਏ ਆਈ ਅਧਾਰਤ ਬ੍ਰੈੱਸਟ ਕੈਂਸਰ ਸਕ੍ਰੀਨਿੰਗ ਕੈਂਪ

### ਸਮੇਂ ਸਿਰ ਜਾਂਚ ਨਾਲ ਬ੍ਰੈੱਸਟ ਕੈਂਸਰ ਤੋਂ ਬਚਾਅ ਸੰਭਵ : ਡਾਕਟਰ ਪ੍ਰਨੀਤ ਕੌਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਹਿਲਾਵਾਂ ਦੀ ਸਿਹਤ ਸੁਰੱਖਿਆ ਤੇ ਬ੍ਰੈਸਟ ਕੈਂਸਰ ਵਰਗੀ ਗੰਭੀਰ ਬਿਮਾਰੀ ਦੀ ਸਮੇਂ ਸਿਰ ਪਛਾਣ ਨੂੰ ਯਕੀਨੀ ਬਣਾਉਣ ਲਈ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਇੱਕ ਵਿਸ਼ੇਸ਼ ਏ ਆਈ ਅਧਾਰਤ ਥਰਮਲਾਈਟਿਕਸ ਬ੍ਰੈਸਟ ਕੈਂਸਰ ਸਕ੍ਰੀਨਿੰਗ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਇਸ ਕੈਂਪ ਦਾ ਮਕਸਦ ਮਹਿਲਾ ਕਰਮਚਾਰੀਆਂ ਵਿੱਚ ਬ੍ਰੈਸਟ ਕੈਂਸਰ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਬਿਨਾਂ ਦਰਦ, ਸੁਰੱਖਿਅਤ ਤੇ ਆਧੁਨਿਕ ਤਕਨੀਕ ਰਾਹੀਂ ਮੁੱਢਲੇ ਪੜਾਅ 'ਤੇ ਬਿਮਾਰੀ ਦੀ ਪਛਾਣ ਕਰਨਾ ਸੀ।

ਇਸ ਸਕ੍ਰੀਨਿੰਗ ਕੈਂਪ ਵਿੱਚ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਦੇ ਸਟਾਫ਼ ਤੋਂ ਇਲਾਵਾ ਹੋਰ ਸੰਬੰਧਤ ਸਰਕਾਰੀ ਦਫ਼ਤਰਾਂ ਵਿੱਚ ਮਹਿਲਾ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਅਧਿਕਾਰੀਆਂ ਦੀ ਰਿਪੋਰਟ ਮੁਤਾਬਿਕ ਇਕ ਕੇਸ ਪੌਜ਼ਟਿਵ ਆਇਆ ਸੀ, ਜਿਸ ਨੂੰ ਪਟਿਆਲਾ ਦੇ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ।ਇਹ ਥਰਮਲਾਈਟਿਕਸ ਤਕਨੀਕ, ਜੋ ਕਿ ਏ ਆਈ ਅਧਾਰਤ ਹੈ, ਸਰੀਰ ਦੇ ਤਾਪਮਾਨ ਦੇ ਪੈਟਰਨਜ਼ ਦਾ ਵਿਸ਼ਲੇਸ਼ਣ ਕਰਕੇ ਸੰਭਾਵਿਤ ਅਸਧਾਰਣਤਾਵਾਂ ਦੀ ਪਛਾਣ ਕਰਦੀ ਹੈ।ਇਹ ਤਕਨੀਕ ਬਿਨਾਂ ਰੇਡੀਏਸ਼ਨ ਦੇ, ਬਿਨਾਂ ਦਰਦ ਤੇ ਬਿਨਾਂ ਕਿਸੇ ਸਾਈਡ ਇਫੈਕਟ ਦੇ ਸਕ੍ਰੀਨਿੰਗ ਕਰਨ ਵਿੱਚ ਸਹਾਇਕ ਸਾਬਿਤ ਹੋ ਰਹੀ ਹੈ।ਕੈਂਪ ਦੀ ਸਮੂਹ ਪ੍ਰਬੰਧਕੀ ਤੇ ਚਿਕਿਤਸਕ ਦੇਖ-ਰੇਖ ਜ਼ਿਲ੍ਹਾ ਡਿਪਟੀ ਹੈਲਥ ਅਫ਼ਸਰ ਡਾ. ਸੁਨੰਦਾ ਗ੍ਰੋਵਰ ਤੇ ਸੀਨੀਅਰ ਮੈਡੀਕਲ ਅਫ਼ਸਰ ਤ੍ਰਿਪੜੀ ਡਾ. ਪ੍ਰਨੀਤ ਕੌਰ ਵੱਲੋਂ ਕੀਤੀ ਗਈ।ਉਨ੍ਹਾਂ ਕੈਂਪ ਦੌਰਾਨ ਮੌਜੂਦ ਮਹਿਲਾਵਾਂ ਨਾਲ ਗੱਲਬਾਤ ਕਰਦੇ ਹੋਏ ਬ੍ਰੈਸਟ ਕੈਂਸਰ ਦੇ ਲੱਛਣਾਂ, ਕਾਰਨਾਂ ਤੇ ਬਚਾਅ ਦੇ ਉਪਾਅ ਬਾਰੇ ਵਿਸਥਾਰਪੂਰਕ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਬ੍ਰੈਸਟ ਕੈਂਸਰ ਦੀ ਸ਼ੁਰੂਆਤੀ ਪੜਾਅ 'ਤੇ ਪਛਾਣ ਹੋ ਜਾਣ ਨਾਲ ਇਲਾਜ ਸੰਭਵ ਤੇ ਜ਼ਿਆਦਾ ਪ੍ਰਭਾਵਸ਼ਾਲੀ ਹੁੰਦਾ ਹੈ।

ਡਾ. ਸੁਨੰਦਾ ਗ੍ਰੋਵਰ ਨੇ ਕਿਹਾ ਕਿ ਮਹਿਲਾਵਾਂ ਨੂੰ ਆਪਣੀ ਸਿਹਤ ਪ੍ਰਤੀ ਜ਼ਿੰਮੇਵਾਰ ਰਹਿਣਾ ਚਾਹੀਦਾ ਹੈ ਤੇ ਨਿਯਮਿਤ ਤੌਰ 'ਤੇ ਸਿਹਤ ਜਾਂਚ ਕਰਵਾਉਣੀ ਚਾਹੀਦੀ ਹੈ।ਡਾ. ਪ੍ਰਨੀਤ ਕੌਰ ਨੇ ਕਿਹਾ ਕਿ ਥਰਮਲਾਈਟਿਕਸ ਵਰਗੀ ਆਧੁਨਿਕ ਤਕਨੀਕ ਬ੍ਰੈਸਟ ਕੈਂਸਰ ਦੀ ਸਕ੍ਰੀਨਿੰਗ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਕੈਂਪ ਵਿੱਚ ਸ਼ਾਮਲ ਹੋਈਆਂ ਮਹਿਲਾਵਾਂ ਨੇ ਇਸ ਪਹਿਲ ਦੀ ਸਾਰਾਹਨਾ ਕੀਤੀ ਤੇ ਕਿਹਾ ਕਿ ਅਜਿਹੇ ਕੈਂਪ ਉਨ੍ਹਾਂ ਨੂੰ ਆਪਣੀ ਸਿਹਤ ਬਾਰੇ ਸੋਚਣ ਤੇ ਜਾਗਰੂਕ ਹੋਣ ਦਾ ਮੌਕਾ ਦਿੰਦੇ ਹਨ।ਇਸ ਮੌਕੇ ਮੈਡੀਕਲ ਅਫ਼ਸਰ ਡਾ. ਅਭਿਦੀਪ ਕੌਰ, ਸਟਾਫ਼ ਨਰਸ ਕਮਲਪ੍ਰੀਤ ਕੌਰ, ਨੇਵਿਗੇਟਰ ਸੋਨੀਆ, ਟੈਕਨੀਸ਼ੀਅਨ ਸ਼ੈਲੀ ਵਾਲੀਆ ਨੇ ਪੂਰੀ ਤਨਦੇਹੀ, ਮਿਹਨਤ ਤੇ ਸੇਵਾ ਭਾਵ ਨਾਲ ਆਪਣੀ ਡਿਊਟੀ ਨਿਭਾਈ।

## ਵਿਧਾਇਕ ਨੇ ਪੱਤਰਕਾਰਾਂ ਨੂੰ ਕਲੱਬ ਬਣਾਉਣ ਲਈ ਜਗ੍ਹਾ ਦੇਣ ਦਾ ਦਿੱਤਾ ਭਰੋਸਾ

### ਮਾਰਚ-ਅਪ੍ਰੈਲ ਮਹੀਨੇ 'ਚ ਸੜਕਾਂ ਪੱਕੀਆਂ ਕਰਵਾ ਦਿੱਤੀਆਂ ਜਾਣਗੀਆਂ : ਜੌੜਾਮਾਜਰਾ



**ਸਮਾਣਾ (ਇਕਬਾਲ ਸਿੰਘ ਬੱਲ)**-ਸਥਾਨਕ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਨਗਰ ਕੌਂਸਲ ਦਫਤਰ ਸਮਾਣਾ ਵਿਖੇ ਪੱਤਰਕਾਰ ਮਿਲਣੀ ਦੌਰਾਨ ਪੱਤਰਕਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਉਨ੍ਹਾਂ ਨੂੰ ਪ੍ਰੈੱਸ ਕਲੱਬ ਬਣਾਉਣ ਦੀ ਜਗ੍ਹਾ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਸਮਾਣਾ ਵਿਖੇ ਪ੍ਰੈੱਸ ਕਲੱਬ ਨੂੰ ਜਗ੍ਹਾ ਦੇਣ ਲਈ ਮਤਾ ਪੈ ਚੁੱਕਾ ਹੈ ਤੇ ਆਉਂਦੇ ਦਿਨਾਂ ਵਿੱਚ ਪੱਤਰਕਾਰਾਂ ਨੂੰ ਪ੍ਰੈੱਸ ਕਲੱਬ ਬਣਾਉਣ ਲਈ ਜਗ੍ਹਾ ਅਲਾਟ ਕਰ ਦਿੱਤੀ ਜਾਵੇਗੀ ਅਤੇ ਜਗ੍ਹਾ ਦੀ ਅਲਾਟਮੈਂਟ ਉਪਰੰਤ ਜਲਦੀ ਹੀ ਪ੍ਰੈੱਸ ਕਲੱਬ ਸਮਾਣਾ ਦੀ ਬਿਲਡਿੰਗ ਵੀ ਤਿਆਰ ਕਰਵਾ ਕੇ ਦਿੱਤੀ ਜਾਵੇਗੀ।ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੱਤਰਕਾਰ ਮਿਲਣੀ ਦੌਰਾਨ ਪੱਤਰਕਾਰਾਂ ਨੂੰ ਖੁੱਲ੍ਹਾ ਟਾਈਮ ਦਿੱਤਾ ਤੇ ਸ਼ਹਿਰ ਦੇ ਵਿਕਾਸ ਤੇ ਸ਼ਹਿਰ ਦੇ ਸੁੰਦਰੀਕਰਨ ਸਬੰਧੀ ਵਿਚਾਰ ਵਟਾਂਦਰੇ ਵੀ ਸਾਂਝੇ ਕੀਤੇ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸਮਾਣਾ ਦੀਆਂ ਕਰੀਬ ਸਾਰੀਆਂ ਸੜਕਾਂ ਦੇ ਨਵੀਨੀਕਰਨ ਦੀ ਮਨਜ਼ੂਰੀ ਮਿਲ ਚੁੱਕੀ ਹੈ, ਟੈਂਡਰ ਪਾਸ ਹੋ ਚੁੱਕੇ ਹਨ ਤੇ ਮਾਰਚ-ਅਪ੍ਰੈਲ ਦੇ ਮਹੀਨੇ ਸਮਾਣਾ ਸ਼ਹਿਰ ਦੀਆਂ ਅੰਦਰਲੀਆਂ ਕਰੀਬ ਸਾਰੀਆਂ ਸੜਕਾਂ ਨਵੀਆਂ ਬਣਵਾ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦਾ ਚੌਥਾ ਪਿੱਲਰ ਹਨ, ਜਿਨ੍ਹਾਂ ਨੇ ਆਪਣੀਆਂ ਖ਼ਬਰਾਂ ਰਾਹੀਂ ਸਮਾਜ ਨੂੰ ਵਧੀਆ ਸੇਧ ਦੇਣੀ ਹੁੰਦੀ ਹੈ, ਇਸ ਲਈ ਪੱਤਰਕਾਰ ਸਮਾਜ ਨੂੰ ਵਧੀਆ ਬਣਾਉਣ ਲਈ ਸਮਾਜ ਨੂੰ ਜਾਗਰੂਕ ਕਰਨ ਵਾਲੀਆਂ ਖ਼ਬਰਾਂ ਲਿਖਿਆ ਕਰਨ।

## ਦਸਮੇਸ਼ ਗਲੋਰੀਅਸ ਸਕੂਲ ਨੇ ਮੈਡਲ ਜਿੱਤੇ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਸਾਇੰਸ ਓਲੰਪੀਅਡ ਪ੍ਰਤੀਯੋਗਤਾ ਵਿੱਚ ਮੈਡਲ ਜਿੱਤੇ।ਦਸਮੇਸ਼ ਗੋਲਰੀਅਸ ਪਬਲਿਕ ਸਕੂਲ ਹਰੀ ਨੌਂ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਸਾਇੰਸ ਓਲੰਪੀਅਡ ਪ੍ਰਤੀਯੋਗਤਾ ਵਿੱਚ 18 ਬੱਚਿਆਂ ਨੇ ਭਾਗ ਲਿਆ, ਜਿਸ ਵਿੱਚ ਪਹਿਲੀ ਜਮਾਤ ਦੇ ਸਾਹਿਬਜੀਤ ਨੇ ਪਹਿਲਾ ਸਥਾਨ ਤੇ ਅਗਮਜੋਤ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ ਅਤੇ ਤੀਸਰਾ ਸਥਾਨ ਦੂਸਰੀ ਜਮਾਤ ਦੇ ਦਿਲਜੀਤ ਸਿੰਘ ਤੇ ਪ੍ਰਭਜੋਤ ਸਿੰਘ ਨੇ ਹਾਸਲ ਕੀਤਾ।ਇਸ ਵਿੱਚ ਹੋਰ ਵੀ ਕਈ ਵਿਦਿਆਰਥੀਆਂ ਨੇ ਭਾਗ ਲਿਆ, ਜਿਵੇਂ ਮਨਜੋਤ ਕੌਰ, ਬਲਸ਼ਾਨ ਸਿੰਘ, ਆਰਵਜੀਤ ਸਿੰਘ, ਹਰਸੀਰਤ ਕੌਰ, ਏਕਮਜੀਤ ਕੌਰ, ਅਭਿਜੋਤ ਸਿੰਘ, ਰਵਿੰਦਰਪਾਲ ਸਿੰਘ, ਅੰਸ਼ਪ੍ਰੀਤ ਕੌਰ, ਸ਼ਿਵਜੋਤ ਸਿੰਘ, ਐਸ਼ਪ੍ਰੀਤ ਕੌਰ, ਐਵਲੀਨ ਕੌਰ, ਜਸਨੀਤ ਕੌਰ ਤੇ ਸੁਖਲਾਲ ਜੀਤ ਸਿੰਘ ਨੇ ਵੀ ਪ੍ਰਤੀਯੋਗਤਾ 'ਚ ਹਿੱਸਾ ਲਿਆ ਅਤੇ ਸ਼ਾਨਦਾਰ ਮੈਡਲ ਜਿੱਤੇ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਧੀਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਵੀ ਪ੍ਰਤੀਯੋਗਤਾਵਾਂ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ।

# 155 ਵਿਦਿਆਰਥੀ ਲਾਲਾ ਲਾਜਪਤ ਰਾਏ ਐਵਾਰਡ ਨਾਲ ਸਨਮਾਨਤ


### ਸੰਸਥਾ ਵਿਦਿਆਰਥੀ ਨੂੰ ਪੜ੍ਹਾਈ 'ਚ ਸਹਿਯੋਗ ਕਰਨ ਲਈ ਵਚਨਬੱਧ : ਬਾਂਸਲ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਲਾਲਾ ਲਾਜਪਤ ਰਾਏ ਪੁਰਸਕਾਰ 2026 ਸਮਾਗਮ ਲਾਲਾ ਜੀ ਦੇ ਜੱਦੀ ਸ਼ਹਿਰ ਜਗਰਾਉਂ ਵਿੱਚ ਆਯੋਜਿਤ ਕੀਤਾ ਗਿਆ।ਲਾਲਾ ਲਾਜਪਤ ਰਾਏ ਚੈਰੀਟੇਬਲ ਵੈੱਲਫੇਅਰ ਸੋਸਾਇਟੀ (ਰਜਿਸਟਰਡ) ਜਗਰਾਉਂ ਦੇ ਸਰਪ੍ਰਸਤ ਅੰਕਿਤ ਬਾਂਸਲ (ਮੁੱਖ ਮੰਤਰੀ ਪੰਜਾਬ ਦੇ ਸਾਬਕਾ ਓਐੱਸਡੀ), ਚੇਅਰਮੈਨ ਪਿਊਸ਼ ਮਿੱਤਲ ਤੇ ਪ੍ਰਧਾਨ ਪੁਨੀਤ ਬਾਂਸਲ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਲਾਲਾ ਲਾਜਪਤ ਰਾਏ ਪ੍ਰਾਈਡ ਆਫ਼ ਜਗਰਾਉਂ ਪੁਰਸਕਾਰ ਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ ਮੁੱਖ ਮਹਿਮਾਨ ਐੱਸ ਐੱਸ ਪੀ ਲੁਧਿਆਣਾ ਦਿਹਾਤੀ ਡਾ. ਅੰਕੁਰ ਗੁਪਤਾ ਆਈਪੀਐੱਸ, ਡਾ. ਸਾਗਰ ਬੱਸੀ ਤੇ ਡਾ. ਗਿਰੀਸ਼ਾ ਬੱਸੀ ਸ਼ਾਮਲ ਹੋਏ।ਐੱਸ ਐੱਸ ਪੀ ਡਾ. ਅੰਕੁਰ ਗੁਪਤਾ ਆਈਪੀਐੱਸ ਨੇ ਸੰਸਥਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਿੱਖਿਆ ਭਾਰਤ ਮੁਹਿੰਮ ਤਹਿਤ ਸੰਸਥਾ ਬੱਚਿਆਂ ਦੀ ਸਿੱਖਿਆ ਦੇਣ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੀ ਹੈ।ਉਨ੍ਹਾਂ ਬੱਚਿਆਂ ਨੂੰ ਸਲਾਹ ਦਿੱਤੀ ਕਿ ਉਹ ਕਿਸੇ ਵੀ ਕੰਮ ਵਿੱਚ ਸ਼ਾਰਟਕੱਟ ਨਾ ਵਰਤਣ, ਸਗੋਂ ਲਾਲਾ ਲਾਜਪਤ ਰਾਏ ਵਰਗੀ ਸੰਸਥਾਵਾਂ ਨਾਲ ਜੁੜ ਕੇ ਸਮਾਜ ਤੇ ਦੇਸ਼ ਦੀ ਸੇਵਾ ਕਰਨ।ਡਾ. ਸਾਗਰ ਬੱਸੀ ਤੇ ਡਾ. ਗਿਰੀਸ਼ਾ ਬੱਸੀ ਨੇ ਵੀ ਸੰਸਥਾ ਨੂੰ ਹਮੇਸ਼ਾ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ।ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਬੱਚਿਆਂ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਦੇ ਹਨ ਤੇ ਉਨ੍ਹਾਂ ਦੇ ਦਿਲਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਦੇ ਹਨ।ਮਲਹੋਤਰਾ ਡਿਜ਼ਾਈਨਰ ਸਟੂਡੀਓ ਵੱਲੋਂ ਬੱਚਿਆਂ ਨੂੰ ਸਰਪ੍ਰਾਈਜ਼ ਤੋਹਫ਼ੇ ਵੀ ਦਿੱਤੇ ਗਏ ਤੇ ਸੰਸਥਾ ਵੱਲੋਂ ਬੱਚਿਆਂ ਲਈ ਵਿਸ਼ੇਸ਼ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।ਸਟੇਜ ਦੇ ਪ੍ਰਬੰਧਨ ਵਿੱਚ ਕੈਪਟਨ ਨਰੇਸ਼ ਵਰਮਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ।ਇਸ ਮੌਕੇ ਸਾਬਕਾ ਚੇਅਰਮੈਨ ਕਾਕਾ ਗਰੇਵਾਲ, ਯੁਵਾ ਆਗੂ ਸੁਖਵਿੰਦਰ ਸਿੰਘ, ਮਨੀ ਗਰਗ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਿੰਦਰ ਸ਼ਰਮਾ, ਸੁਮਿਤ ਅਰੋੜਾ, ਅਰੁਣ ਗਿੱਲ, ਸਤਪਾਲ ਸਿੰਘ, ਕੌਂਸਲਰ ਬੌਬੀ ਕਪੂਰ, ਕੌਂਸਲਰ ਵਿਕਰਮ ਜੱਸੀ, ਵਿਵੇਕ ਭਾਰਦਵਾਜ, ਅਮਿਤ ਅਰੋੜਾ, ਮਦਨ ਅਰੋੜਾ, ਨੀਰਜ ਕਟਾਰੀਆ, ਡਾ. ਕੇਸ਼ਵ ਗੋਇਲ, ਕਮਲਦੀਪ ਬਾਂਸਲ, ਕਮਲ ਸ਼ਰਮਾ, ਮੋਹਿਤ ਗੋਇਲ, ਸ਼ੁਭਮ ਜੈਨ, ਅੰਕੁਸ਼ ਮਿੱਤਲ, ਹਰਸ਼ ਜੈਨ, ਜੋਤੀ ਲੂੰਬਾ, ਵਿਪਨ ਗਰਗ, ਸੰਜੀਵ ਗਰਗ, ਰਿਸ਼ੀ ਮਾਰੀਆ, ਸਕਸ਼ਮ ਜੈਨ, ਜਤਿੰਦਰ ਜੈਨ, ਵੰਸ਼ ਬੱਬਰ, ਨਵੀਨ ਗੋਇਲ, ਸੋਨੂੰ ਮਲਹੋਤਰਾ, ਬਲਵਿੰਦਰ ਬਾਂਸਲ, ਅਜੇ ਗੋਇਲ ਆਦਿ ਹਾਜ਼ਰ ਸਨ।

## ਜ਼ਿਲ੍ਹਾ ਪ੍ਰੀਸ਼ਦ ਮੈਂਬਰ ਕਾਂਝਲਾ ਦਾ ਸਨਮਾਨ

**ਸੰਗਾਲਾ (ਰਣਜੀਤ ਸਿੰਘ ਪੇਧਨੀ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਦੇ ਵਿੱਚ ਪੈਂਦੇ ਪਿੰਡ ਬਾਲੀਆਂ ਜ਼ੋਨ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਣਨ 'ਤੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਦਾ ਉੱਘੇ ਸਮਾਜ ਸੇਵੀ ਇਕਬਾਲ ਸਿੰਘ ਲੱਕੀ ਦੇ ਦਫਤਰ ਵਿਖੇ ਦੋਸਤਾਂ ਮਿੱਤਰਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਕਾਂਝਲਾ ਨੇ ਕਿਹਾ ਕਿ ਉਹ ਜਿੱਥੇ ਪਾਰਟੀ ਦੇ ਲਈ ਦਿਨ ਰਾਤ ਮਿਹਨਤ ਕਰਦੇ ਹਨ ਉੱਥੇ ਆਪਣੇ ਯਾਰਾਂ ਦੋਸਤਾਂ ਦੇ ਲਈ ਹੀ ਵਿਸ਼ੇਸ਼ ਟਾਈਮ ਕੱਢ ਕੇ ਹਰ ਖੁਸ਼ੀ ਗਮੀ ਵਿੱਚ 'ਚ ਪਹੁੰਚਦੇ ਹਨ। ਉਹ ਜੋ ਕੁਝ ਵੀ ਅੱਜ ਹਨ ਉਹ ਆਪਣੇ ਭਰਾਵਾਂ, ਦੋਸਤਾਂ ਮਿੱਤਰਾਂ ਦੇ ਸਿਰ 'ਤੇ ਹਨ। ਇਸ ਮੌਕੇ ਸੁਖਪਾਲ ਸਿੰਘ ਬਡਬਰ ਡਾਇਰੈਕਟਰ (ਰਵਾਬ ਗਰੁੱਪ), ਹਰਵੀਰ ਸਿੰਘ ਕਲੋਨਾਇਜ਼ਰ, ਏ ਪੀ ਸਿੰਘ ਪ੍ਰਧਾਨ ਆਲ ਇੰਡੀਆ ਪੋਸਟਲ ਐਂਡ ਆਰ ਐੱਮ ਐਸ, ਰਾਮ ਸਿੰਘ ਕਲੋਨਾਇਜ਼ਰ, ਰਣਧੀਰ ਸਿੰਘ ਸਮਾਜ ਸੇਵੀ, ਪੰਕਜ, ਲੱਖੀ ਫਰਵਾਹੀ ਅਤੇ ਪੱਤਰਕਾਰ ਰਣਜੀਤ ਸਿੰਘ ਪੇਧਨੀ ਹਾਜ਼ਰ ਸਨ।



## ਲਟਕਦੀਆਂ ਮੰਗਾਂ ਸੰਬੰਧੀ ਮਿਲਕਫੈੱਡ ਚੇਅਰਮੈਨ ਨੂੰ ਸੌਂਪਿਆ ਪੱਤਰ




**ਦੋਰਾਹਾ (ਹਰਮਿੰਦਰ ਸੇਠ)**-ਵੇਰਕਾ ਮਿਲਕ ਤੇ ਕੈਟਲ ਫੀਡ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਪਿਛਲੀ ਦਿਨੀਂ 19 ਜਨਵਰੀ ਨੂੰ ਹੈੱਡ ਆਫਿਸ ਦੇ ਘਿਰਾਓ ਦਾ ਸੱਦਾ ਦਿੱਤਾ ਗਿਆ ਸੀ, ਪ੍ਰੰਤੂ ਹੈੱਡ ਆਫਿਸ ਦੀ ਮੈਨੇਜਮੈਂਟ ਵੱਲੋਂ ਮੰਗਾਂ ਪੂਰੀਆਂ ਕਰਨ ਦੀ ਬਜਾਏ ਵਰਕਰਾਂ ਨੂੰ ਧਮਕਾਇਆ ਤੇ ਡਰਾਉਣ ਦੀ ਨੀਤੀ ਨਾਲ ਹੈੱਡ ਆਫਿਸ ਆਉਣ 'ਤੇ ਕੋਰਟ ਵੱਲੋਂ ਰੋਕ ਲਗਾ ਦਿੱਤੀ। ਇਸ ਦੇ ਰੋਸ ਵਜੋਂ ਵੇਰਕਾ ਆਊਟਸੋਰਸ ਯੂਨੀਅਨ ਵੱਲੋਂ ਮਿਲਕਫੈੱਡ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਦੀ ਕੋਠੀ ਦਾ ਪ੍ਰੋਗਰਾਮ ਕੀਤਾ। ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਵੱਲੋਂ ਵੇਰਕਾ ਮਿਲਕ ਤੇ ਕੈਟਲਫ਼ੀਡ ਪਲਾਂਟ ਆਊਟਸੋਰਸ ਯੂਨੀਅਨ ਪੰਜਾਬ ਨਾਲ ਮੀਟਿੰਗ ਕੀਤੀ ਗਈ ਤੇ ਯੂਨੀਅਨ ਦੇ ਆਗੂਆਂ ਵੱਲੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਦਿੱਤਾ ਗਿਆ। ਸੂਬਾ ਪ੍ਰਧਾਨ ਪਵਨਦੀਪ ਸਿੰਘ ਵੱਲੋਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਅਕਤੂਬਰ ਮਹੀਨੇ ਵਿੱਚ ਵਿੱਤ ਮੰਤਰੀ ਪੰਜਾਬ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਉੱਚ ਪੱਧਰੀ ਕਮੇਟੀ ਬਣਾ ਕੇ ਮੀਟਿੰਗ ਕਰਕੇ ਗੱਲਬਾਤ ਰਾਹੀਂ ਹੱਲ ਮੰਗਾਂ ਮਸਲੇ ਦਾ ਹੱਲ ਕੀਤਾ ਜਾਵੇਗਾ, ਪ੍ਰੰਤੂ ਨਾ ਮੀਟਿੰਗ ਕੀਤੀ ਗਈ ਨਾ ਮਸਲੇ ਹੱਲ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਅੱਜ ਚੇਅਰਮੈਨ ਮਿਲਕਫੈੱਡ ਵੱਲੋਂ 27-28 ਜਨਵਰੀ ਦੀ ਮੀਟਿੰਗ ਦੇ ਕੇ ਮੰਗਾਂ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਜੇਕਰ ਮੀਟਿੰਗ ਕਰਕੇ ਗੱਲਬਾਤ ਰਾਹੀਂ ਮੰਗਾਂ ਮਸਲੇ ਹੱਲ ਨਾ ਕੀਤੇ ਤਾਂ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਜਸਵੀਰ ਸਿੰਘ, ਜੇਤਿੰਦਰ ਸਿੰਘ, ਕੁਲਮਨਵੀਰ ਸਿੰਘ, ਸੁਖਦੀਪ ਸਿੰਘ, ਅਮਨਦੀਪ ਸਿੰਘ, ਬਚਿੱਤਰ ਸਿੰਘ, ਰੁਪਿੰਦਰ ਸਿੰਘ, ਹਰਪ੍ਰੀਤ ਸਿੰਘ, ਜਗਜੋਤ ਸਿੰਘ, ਰਾਜਦੀਪ ਸਿੰਘ, ਅਵਤਾਰ ਸਿੰਘ ਗੁਰਦੀਪ ਸਿੰਘ ਨੀਟਾ ਹਾਜ਼ਰ ਸਨ।

## 40 ਮੁਕਤਿਆਂ ਦੀ ਯਾਦ 'ਚ ਲਗਾਇਆ ਵਿਸ਼ਾਲ ਖ਼ੂਨਦਾਨ ਕੈਂਪ



**ਫ਼ਰੀਦਕੋਟ/ਸ੍ਰੀ ਮੁਕਤਸਰ ਸਾਹਿਬ (ਐਲਿਗਜੈਂਡਰ ਡਿਸੂਜਾ/ਸ਼ਮਿੰਦਰਪਾਲ)**-ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ ਪੰਜਾਬ ਵੱਲੋਂ ਮੇਲਾ ਮਾਘੀ ਦੇ ਪਵਿੱਤਰ ਦਿਹਾੜੇ ਮੌਕੇ 40 ਮੁਕਤਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਦੂਜਾ ਵਿਸ਼ਾਲ ਖ਼ੂਨਦਾਨ ਕੈਂਪ ਸਥਾਨਕ ਮਲੋਟ ਰੋਡ 'ਤੇ ਸਥਿਤ ਬਾਵਾ ਮੋਟਰਜ਼ ਵਿਖੇ ਲਗਾਇਆ ਗਿਆ।ਇਸ ਕੈਂਪ ਦੌਰਾਨ ਖ਼ੂਨਦਾਨੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਕੁੱਲ 150 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਸੁਸਾਇਟੀ ਦੇ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਤੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਬੀਰ ਇੰਦਰ ਨੇ ਦੱਸਿਆ ਕਿ ਇਸ ਕੈਂਪ ਨੂੰ ਸਫ਼ਲ ਬਣਾਉਣ ਵਿੱਚ ਕੈਪਟਨ ਧਰਮ ਸਿੰਘ ਗਿੱਲ (ਮੁੱਖ ਸੇਵਾਦਾਰ, ਗੁਰਦੁਆਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ), ਡਾ. ਨਿਤਨੇਮ ਸਿੰਘ, ਸੰਨੀ ਬਾਵਾ, ਕਿਸਾਨ ਯੂਨੀਅਨ ਏਕਤਾ (ਫ਼ਤਿਹ) ਤੇ ਲੋਕ ਭਲਾਈ ਆਰਮੀ ਗਰੁੱਪ ਘੱਲ ਖੁਰਦ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਇਸ ਤੋਂ ਇਲਾਵਾ ਸਿਹਤ ਵਿਭਾਗ ਸ੍ਰੀ ਮੁਕਤਸਰ ਸਾਹਿਬ, ਦੀਪ ਬਲੱਡ ਸੈਂਟਰ ਫ਼ਰੀਦਕੋਟ, ਸ਼ੇਖ਼ ਫ਼ਰੀਦ ਵੋਕੇਸ਼ਨਲ ਸੈਂਟਰ ਤੇ ਸਿਵਲ ਹਸਪਤਾਲ ਦੀਆਂ ਟੀਮਾਂ ਵੱਲੋਂ ਮਾਨਵਤਾ ਦੀ ਸੇਵਾ ਲਈ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।ਸੁਸਾਇਟੀ ਵੱਲੋਂ ਹਰੇਕ ਖ਼ੂਨਦਾਨੀ ਤੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਸਰਟੀਫ਼ਿਕੇਟ ਤੇ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਖ਼ੂਨਦਾਨੀਆਂ ਲਈ ਰਿਫ਼ਰੈਸ਼ਮੈਂਟ ਦਾ ਵੀ ਸੁਚੱਜਾ ਪ੍ਰਬੰਧ ਸੀ।ਅੰਤ ਵਿੱਚ ਕਿਸਾਨ ਯੂਨੀਅਨ ਏਕਤਾ ਫ਼ਤਿਹ ਦੇ ਸੂਬਾ ਪ੍ਰਧਾਨ ਸ਼ਰਨਜੀਤ ਸਿੰਘ ਸਰਾਂ ਨੇ ਸਭ ਸਹਿਯੋਗੀਆਂ ਅਤੇ ਖ਼ੂਨਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਹਰਦੀਪ ਸਿੰਘ ਸੱਤੂ ਆੜ੍ਹਤੀਆ ਕਿਸਾਨ ਵਿੰਗ ਬਲਾਕ ਪ੍ਰਧਾਨ ਨਿਯੁਕਤ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਮਿਹਨਤੀ ਤੇ ਇਮਾਨਦਾਰ ਵਰਕਰ ਹਰਦੀਪ ਸਿੰਘ ਸੱਤੂ ਆੜ੍ਹਤੀਆ ਮਾਛੀਕੇ ਨੂੰ ਕਿਸਾਨ ਵਿੰਗ ਬਲਾਕ ਪ੍ਰਧਾਨ ਲਗਾਇਆ ਗਿਆ ਹੈ, ਉੱਥੇ ਹੀ ਹਰਦੀਪ ਸਿੰਘ ਨੇ ਸਮੁੱਚੀ ਪਾਰਟੀ ਹਾਈ ਕਮਾਂਡ ਤੇ ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਹਲਕਾ ਨਿਹਾਲ ਸਿੰਘ ਵਾਲਾ ਤੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਤੇ ਦਵਿੰਦਰ ਤਖਤੂਪੁਰਾ ਸੰਗਠਨ ਇੰਚਾਰਜ, ਡਾ. ਜਗਦੇਵ ਸਿੰਘ ਬੱਬੂ ਮਾਛੀਕੇ ਸੋਸ਼ਲ ਮੀਡੀਆ ਹਲਕਾ ਇੰਚਾਰਜ ਦਾ ਧੰਨਵਾਦ ਕੀਤਾ ਤੇ ਕਿਹਾ ਮੈਂ ਪਾਰਟੀ ਲਈ ਦਿਨ ਰਾਤ ਮਿਹਨਤ ਕਰਾਂਗਾ। ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਹਰ ਮਿਹਨਤੀ ਵਰਕਰ ਨੂੰ ਪਾਰਟੀ ਵੱਲੋਂ ਮਾਣ ਸਤਿਕਾਰ ਦਿੱਤਾ ਜਾਵੇਗਾ।

# ਆਲੂਆਂ ਦੇ ਭਾਅ ਡਿੱਗਣ ਨਾਲ ਕਿਸਾਨਾਂ ਦੇ ਚਿਹਰੇ ਮੁਰਝਾਏ

### ਕਿਸਾਨਾਂ ਨੂੰ ਬਚਾਉਣ ਲਈ ਸਰਕਾਰ ਬਾਰਡਰ ਖੋਲ੍ਹੇ : ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)**
ਸਬਜ਼ੀ ਮੰਡੀਆਂ ਵਿੱਚ ਆਲੂਆਂ ਦੀ ਹੋ ਰਹੀ ਬੇਕਦਰੀ ਤੇ ਅਚਾਨਕ ਡਿੱਗੇ ਭਾਅ ਨੇ ਕਿਸਾਨਾਂ ਦੇ ਚਿਹਰੇ ਮੁਰਝਾ ਦਿੱਤੇ ਹਨ।ਪਹਿਲਾਂ ਜ਼ੀਰੀ ਦੀ ਫਸਲ ਵਿੱਚ ਵੀ 33 ਪ੍ਰਤੀਸ਼ਤ ਫਸਲ ਘੱਟ ਗਈ, ਕਿਸਾਨਾਂ ਦੇ ਖਰਚੇ ਵੀ ਪੂਰੇ ਨਹੀਂ ਹੋਏ, ਹੁਣ ਆਲੂਆਂ ਦੀ ਫਸਲ ਦੇ ਮਾੜੇ ਹਾਲ ਹੋਣ ਕਾਰਨ ਕਿਸਾਨ ਦੂਹਰੀ ਮਾਰ ਝੱਲ ਰਹੇ ਹਨ।ਮੰਡੀਆਂ ਵਿੱਚ ਕਿਸਾਨਾਂ ਦੀ ਆਲੂ 3 ਜਾਂ 4 ਰੁਪਏ ਪ੍ਰਤੀ ਕਿੱਲੋ ਵੇਚਣਾ ਮਜਬੂਰੀ ਬਣ ਗਈ ਹੈ।ਹੱਡ ਚੀਰਵੀਂ ਠੰਢ ਵਿੱਚ ਖਰਚਾ ਕਰਕੇ ਪਾਲੀ ਫਸਲ ਨਾਲ ਕਿਸਾਨਾਂ ਨੂੰ ਬਹੁਤ ਵੱਡਾ ਝਟਕਾ ਸਾਬਿਤ ਹੋ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਨ੍ਹਾਂ ਕਿਹਾ ਕਿ ਆਲੂਆਂ ਦੀ ਫਸਲ ਉੱਤੇ ਕੀਤੇ ਖਰਚੇ ਦਾ 50 ਪ੍ਰਤੀਸ਼ਤ ਹਿੱਸਾ ਵੀ ਨਹੀਂ ਮਿਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮਹਿੰਗੇ ਬੀਜ, ਖਾਦਾਂ, ਕੀਟ ਨਾਸ਼ਕ ਦਵਾਈਆਂ ਤੇ ਲੇਬਰ ਨੇ ਕਿਸਾਨਾਂ ਦਾ ਘਰੇਲੂ ਬਜਟ ਵਿਗਾੜ ਕੇ ਰੱਖ ਦਿੱਤਾ ਹੈ, ਜਿਸ ਨਾਲ ਜ਼ੀਰੀ ਦਾ ਘਾਟਾ ਤੇ ਹੁਣ ਆਲੂ ਦੀ ਫਸਲ ਦੇ ਘਾਟੇ ਨੇ ਕਿਸਾਨਾਂ ਨੂੰ ਭਾਰੀ ਕਰਜ਼ੇ ਦੇ ਹੇਠਾਂ ਦੱਬ ਲਿਆ ਹੈ।ਆਲੂਆਂ ਦਾ ਸਟੋਰ ਖਰਚਾ ਵੀ ਮਹਿੰਗਾ ਹੋਣ ਨਾਲ ਤੇ ਹੋਰ ਖਰਚਿਆਂ ਨਾਲ ਆਲੂ ਸਟੋਰ ਕਰਨਾ ਕਿਸਾਨਾਂ ਦੇ ਵਿੱਤ ਤੋਂ ਬਾਹਰ ਹੈ।ਤੰਗੀ ਦੀ ਮਾਰ ਝੱਲਦਾ ਹੋਇਆ ਕਿਸਾਨ ਆਲੂਆਂ ਨੂੰ ਖੇਤਾਂ ਵਿੱਚੋਂ ਪੁੱਟ ਕੇ ਸੁੱਟਣ ਲਈ ਮਜਬੂਰ ਹਨ।ਢੀਂਡਸਾ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਰਵਾਇਤੀ ਫਸਲਾਂ ਵਾਂਗੂੰ ਆਲੂਆਂ ਤੇ ਹੋਰ ਸਬਜ਼ੀਆਂ 'ਤੇ ਵੀ ਐੱਮ ਐੱਸ ਪੀ ਨਿਧਾਰਤ ਕਰੇ ਤਾਂ ਜੋ ਕਿਸਾਨ ਆਪਣੇ ਪੈਰਾਂ ਉਪਰ ਖੜ੍ਹਾ ਹੋ ਸਕੇ ਅਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ, ਪੜ੍ਹਾਈ ਲਿਖਾਈ ਦਾ ਕੰਮ ਕਰਕੇ ਸਮੇਂ ਦੇ ਹਾਣੀ ਬਣਾ ਸਕੇ।ਉਨ੍ਹਾਂ ਸਰਕਾਰਾਂ ਤੋਂ ਇਹ ਵੀ ਮੰਗ ਕੀਤੀ ਕਿ ਆਲੂਆਂ ਨੂੰ ਬਾਰਡਰ ਪਾਰ ਪਾਕਿਸਤਾਨ ਤੇ ਹੋਰ ਅਰਬ ਮੁਲਕਾਂ ਲਈ ਖੋਲ੍ਹਣਾ ਚਾਹੀਦਾ ਹੈ, ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਪੂਰਾ ਮੁੱਲ ਮਿਲ ਸਕੇ, ਜੇਕਰ ਇਹੋ ਹਾਲ ਰਿਹਾ ਤਾਂ ਭਵਿੱਖ ਵਿੱਚ ਆਲੂ ਉਤਪਾਦਕ ਆਲੂ ਬੀਜਣ ਤੋਂ ਤੌਬਾ ਕਰ ਜਾਣਗੇ।



ਚੰਨੂਵਾਲਾ ਰੋਡ ਦੇ ਸਮੂਹ ਦੁਕਾਨਦਾਰਾਂ ਵੱਲੋਂ ਮਿਕਸ ਸਬਜ਼ੀ ਤੇ ਰੋਟੀ ਦਾ ਲੰਗਰ ਲਗਾਇਆ ਗਿਆ। (ਫੋਟੋ ਤੇ ਵੇਰਵਾ : ਮਨੀ ਸਿੰਗਲਾ, ਬਾਘਾ ਪੁਰਾਣਾ)

# ਆਮ ਆਦਮੀ ਪਾਰਟੀ ਆਪਣੀਆਂ ਲੋਕ-ਪੱਖੀ ਨੀਤੀਆਂ ਸਦਕਾ 2027 'ਚ ਦੁਬਾਰਾ ਸਰਕਾਰ ਬਣਾਵੇਗੀ : ਭੁੱਲਰ



**ਪੱਟੀ (ਬਲਦੇਵ ਸਿੰਘ ਸੰਧੂ)**

ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਆਮ ਲੋਕਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰ ਰਹੀ ਹੈ ਅਤੇ ਇਹੀ ਕਾਰਨ ਹੈ ਕਿ ਹਰ ਦਿਨ ਆਮ ਆਦਮੀ ਪਾਰਟੀ ਦਾ ਕਾਫ਼ਲਾ ਹੋਰ ਵੱਡਾ ਹੁੰਦਾ ਜਾ ਰਿਹਾ ਹੈ।ਸੂਬਾ ਵਾਸੀਆਂ ਦੇ ਇਸ ਪਿਆਰ ਅਤੇ ਸਹਿਯੋਗ ਸਦਕਾ ਸਾਲ 2027 ਵਿੱਚ ਆਮ ਆਦਮੀ ਪਾਰਟੀ ਇੱਕ ਵਾਰ ਫਿਰ ਸ਼ਾਨ ਨਾਲ ਜਿੱਤ ਕੇ ਸੂਬੇ ਵਿੱਚ ਲਗਾਤਾਰ ਦੂਜੀ ਵਾਰ ਸਰਕਾਰ ਬਣਾਵੇਗੀ।ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਪੱਟੀ ਦੇ ਵਿਧਾਇਕ ਅਤੇ ਸੂਬੇ ਦੇ ਟਰਾਂਸਪੋਰਟ ਅਤੇ ਜੇਲ੍ਹਾਂ ਬਾਰੇ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਪੱਟੀ ਦੇ ਵਾਰਡ ਨੰਬਰ ਇੱਕ ਤੋਂ ਕਾਂਗਰਸ ਦੇ ਯੂਥ ਆਗੂ ਗੁਰਲਾਲ ਸਿੰਘ ਗੋਲੀ ਨੂੰ ਉਸਦੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਉਣ ਮੌਕੇ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਗੁਰਲਾਲ ਸਿੰਘ ਗੋਲੀ, ਗੁਰਚਰਨ ਸਿੰਘ, ਬਲਵਿੰਦਰ ਸਿੰਘ ਸਹੋਤਾ, ਪਰਗਟ ਸਿੰਘ, ਮੁਖਤਿਆਰ ਸਿੰਘ, ਸ਼ਿੰਦਾ ਸਿੰਘ, ਮੁਖਤਿਆਰ ਸਿੰਘ ਨਿੱਕਾ, ਗੁਰਪ੍ਰੀਤ ਸਿੰਘ ਗੋਪੀ, ਨੀਰਜ ਸਿੰਘ, ਕਰਮਜੀਤ ਸਿੰਘ ਜੇਈ, ਰਾਹੁਲ ਪੱਟੀ, ਲਵ ਰਾਜਪੂਤ, ਅਜੈ, ਸੈਮ, ਪ੍ਰਿੰਸ, ਜੈਦੀਪ, ਵਿਵੇਕ ਮਖੀਜਾ, ਸਨਦੀਪ ਸਿੰਘ, ਜਗਦੀਪ ਸਿੰਘ, ਕਰਨ ਸਹੋਤਾ, ਸੋਨੂੰ ਸ਼ਹੀਦ, ਸੂਰਜ ਕੁਮਾਰ, ਸੰਨੀ, ਭਾਰਤ ਕੁਮਾਰ, ਸੰਨੀ ਹੰਸ ਦਾ ਆਮ ਆਦਮੀ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਇਨ੍ਹਾਂ ਸਾਰੇ ਸਾਥੀਆਂ ਨੂੰ ਪਾਰਟੀ ਵਿਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਕੈਬਨਿਟ ਮੰਤਰੀ ਸ. ਭੁੱਲਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਦੀ ਬਿਹਤਰੀ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਭਲਾਈ ਸਕੀਮਾਂ ਚਲਾ ਕੇ ਇਸ ਦਾ ਲਾਭ ਹਰ ਲੋੜਵੰਦ ਨੂੰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮਾਰਚ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਪਹਿਲਾ ਫੈਸਲਾ 600 ਰੁਪਏ ਮੁਫ਼ਤ ਯੂਨਿਟ ਦਾ ਸੀ ਜਿਸ ਨਾਲ ਅੱਜ ਤੱਕ ਸੂਬੇ ਦੇ 90 ਫ਼ੀਸਦੀ ਘਰਾਂ ਨੂੰ ਮੁਫਤ ਬਿਜਲੀ ਸਹੂਲਤ ਮਿਲ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਸਹੂਲਤ ਬਿਨਾਂ ਕਿਸੇ ਜਾਤ, ਧਰਮ, ਵਰਗ ਤੋਂ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕਿਸਾਨਾਂ ਨੂੰ ਹੁਣ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਠੰਢੀਆਂ ਰਾਤਾਂ ਵਿੱਚ ਆਪਣੇ ਖੇਤਾਂ ਦੀ ਸਿੰਚਾਈ ਲਈ ਬਾਹਰ ਨਹੀਂ ਜਾਣਾ ਪੈਂਦਾ।ਉਨ੍ਹਾਂ ਕਿਹਾ ਕਿ ਪੰਜਾਬ ਬਿਜਲੀ ਦੀ ਬਹੁਤਾਤ ਵਾਲਾ ਸੂਬਾ ਹੈ।ਲੋੜੀਂਦੀ ਕੋਲੇ ਦੀ ਸਪਲਾਈ ਅਤੇ ਪੂਰੀ ਤਰ੍ਹਾਂ ਕਾਰਜਸ਼ੀਲ ਥਰਮਲ ਪਲਾਂਟਾਂ ਦੇ ਨਾਲ, ਪੰਜਾਬ ਦੇਸ਼ ਵਿੱਚ ਮੋਹਰੀ ਸੂਬਾ ਬਣ ਕੇ ਉਭਰ ਰਿਹਾ ਹੈ।ਸੂਬੇ ਭਰ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਸਬੰਧੀ ਇੱਕ ਵਿਆਪਕ ਪ੍ਰੋਗਰਾਮ ਸ਼ੁਰੂ ਕੀਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲਗਭਗ 43,000 ਕਿਲੋਮੀਟਰ ਲਿੰਕ ਸੜਕਾਂ ਹਨ, ਜਿਨ੍ਹਾਂ ਦੀ ਮੁਰੰਮਤ ਦੇ ਨਾਲ-ਨਾਲ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ, ਇੱਕ ਮੁੱਖ ਮੰਤਰੀ ਫਲਾਇੰਗ ਸਕੁਐਡ ਦਾ ਗਠਨ ਕੀਤਾ ਗਿਆ ਹੈ ਅਤੇ ਪ੍ਰਵਾਨਗੀਆਂ ਦੇਣ ਤੋਂ ਪਹਿਲਾਂ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ-ਅਧਾਰਤ ਸਰਵੇਖਣ ਕੀਤਾ ਗਿਆ ਸੀ ਜਿਸ ਨਾਲ 226.89 ਕਰੋੜ ਰੁਪਏ ਦੀ ਬੱਚਤ ਹੋਈ।ਇਸ ਮੌਕੇ ਉਨ੍ਹਾਂ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕਿਟ ਕਮੇਟੀ ਹਰੀਕੇ ਦੇ ਚੇਅਰਮੈਨ ਦਿਲਬਾਗ ਸਿੰਘ, ਲਖਵਿੰਦਰ ਸਿੰਘ, ਸਰਬਜੀਤ ਸਿੰਘ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਤਾਬਦੀ ਸਮਾਗਮਾਂ 'ਚ ਸ਼ਮੂਲੀਅਤ ਲਈ ਮੁੱਖ ਮੰਤਰੀ ਮਾਨ ਨੂੰ ਸੱਦਾ ਪੱਤਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਧੰਨ-ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਮਹਾਂਰਾਸ਼ਟਰ ਵਿਖੇ ਵਿਸ਼ਾਲ ਪੱਧਰ ਤੇ ਹੋਣ ਵਾਲੇ ਤਿੰਨ ਦਿਨਾ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਚੇਅਰਮੈਨ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਭੇਜਿਆ ਗਿਆ।ਦਮਦਮੀ ਟਕਸਾਲ ਵੱਲੋਂ ਮੁੱਖ ਮੰਤਰੀ ਨਿਵਾਸ 'ਤੇ ਪੁੱਜੇ ਗਿਆਨੀ ਸਾਹਬ ਸਿੰਘ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ ਕੋਲੋਂ ਸੱਦਾ ਪੱਤਰ ਸਵੀਕਾਰ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਮਦਮੀ ਟਕਸਾਲ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਬੋਰਡ ਵੱਲੋਂ ਮਹਾਂਰਾਸ਼ਟਰ ਸਰਕਾਰ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਇਸ 350 ਸਾਲਾ ਸ਼ਹੀਦੀ ਸ਼ਤਾਬਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਧਾਰਮਕ ਆਜ਼ਾਦੀ ਲਈ ਬਲੀਦਾਨ ਦਿੱਤਾ ਸੀ, ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਹੋਰ ਕਿਤੇ ਨਹੀਂ ਮਿਲਦੀ।ਨੌਵੇਂ ਪਾਤਸ਼ਾਹ ਸਾਂਝੀਵਾਲਤਾ ਤੇ ਧਰਮ ਨਿਰਪੱਖਤਾ ਦੇ ਮੁੱਦਈ ਸਨ ਅਤੇ ਗੁਰੂ ਸਾਹਿਬ ਜੀ ਦਾ ਮਹਾਨ ਜੀਵਨ ਅਤੇ ਫਲਸਫ਼ਾ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਹੈ।ਮੁੱਖ ਮੰਤਰੀ ਮਾਨ ਨੇ ਇਸ ਸੱਦੇ ਲਈ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਹਜ਼ੂਰ ਸਾਹਿਬ ਵਿਖੇ ਜ਼ਰੂਰ ਨਤਮਸਕ ਹੋਣਗੇ ਤੇ ਸਮਾਗਮਾਂ 'ਚ ਹਾਜ਼ਰੀ ਭਰਨਗੇ।

# ਲੋਕ ਭਲਾਈ ਹਿੱਤ ਸੈਂਕੜੇ ਸਾਥੀਆਂ ਵੱਲੋਂ ਇਕਮੁੱਠਤਾ ਦਾ ਅਹਿਦ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਜਰਮਸਤਪੁਰ ਵਿੱਚ ਸੈਂਕੜੇ ਸਾਥੀਆਂ ਨੇ ਵਿਸ਼ਾਲ ਇਕੱਠ ਕਰਕੇ ਪੰਜਾਬ ਅਤੇ ਹਲਕਾ ਖਡੂਰ ਸਾਹਿਬ ਵਿੱਚ ਲੋਕ ਭਲਾਈ ਦੇ ਕੰਮ ਕਰਨ ਲਈ ਇੱਕਮੁੱਠ ਹੋ ਕੇ ਤੁਰਨ ਦਾ ਪ੍ਰਣ ਲਿਆ।ਪ੍ਰੋ. ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਰੇ ਸਾਥੀਆਂ ਨੂੰ ਜੀ ਆਇਆਂ ਆਖਿਆ ਅਤੇ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿੱਚ ਆਪਣਾ ਯੋਗਦਾਨ ਪਾਉਣ ਲਈ ਸਾਰਿਆਂ ਨੂੰ ਪ੍ਰੇਰਿਆ ਅਤੇ ਸਾਰੇ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ।ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਨੌਜਵਾਨਾਂ, ਸਮਾਜਿਕ, ਧਾਰਮਿਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਨਾਲ ਲੈ ਕੇ ਸਮਾਜਿਕ ਬੁਰਾਈਆਂ ਖਿਲਾਫ ਲੜਾਂਗੇ।ਉਨ੍ਹਾਂ ਦੱਸਿਆ ਕਿ ਹਰ ਪਿੰਡ ਵਿੱਚ ਸਾਡੀ ਟੀਮ ਨਾਲ ਜੁੜਨ ਲਈ ਬਹੁਤ ਉਤਸ਼ਾਹ ਪਾਇਆ ਜਾ ਰਿਹਾ ਹੈ।ਸਾਡੀ ਵੀ ਕੋਸ਼ਿਸ਼ ਹੈ ਕਿ ਅਸੀਂ ਹਰ ਸਾਥੀ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਇੱਕਮੁੱਠ ਕਰੀਏ। ਬਹੁਤ ਜਲਦੀ ਆਉਣ ਵਾਲੇ ਦਿਨਾਂ ਵਿਚ ਅਸੀਂ ਹਰ ਘਰ ਤੱਕ ਪਹੁੰਚ ਕਰਾਂਗੇ।ਹਲਕੇ ਦੇ ਹਰ ਵਸਨੀਕ ਨਾਲ ਸਾਡੀ ਟੀਮ ਦਾ ਸਿੱਧਾ ਸੰਪਰਕ ਹੋਵੇਗਾ।ਹਰ ਵਸਨੀਕ ਨਾਲ ਅਸੀਂ ਦਿਨ ਰਾਤ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਾਂਗੇ।ਇਸ ਮੌਕੇ ਜਤਿੰਦਰਪਾਲ ਸਿੰਘ, ਗੁਰਬੀਰ ਸਿੰਘ, ਨਿਸ਼ਾਨ ਸਿੰਘ, ਭੁਪਿੰਦਰ ਸਿੰਘ, ਮੰਗਲ, ਦਲਜੀਤ ਸਿੰਘ, ਇੰਦਰਜੀਤ ਸਿੰਘ, ਪਾਲ ਸਿੰਘ, ਰਵਿੰਦਰ ਰਵੀ, ਜਸਪਾਲ ਸਿੰਘ, ਰਵਿੰਦਰ ਰਵੀ, ਜੱਥੇਦਾਰ ਜਸਵਿੰਦਰ ਸਿੰਘ, ਦਰਸ਼ਨ ਸਿੰਘ, ਗੁਰਨਾਮ ਸਿੰਘ ਫੌਜੀ, ਸੂਬੇਦਾਰ ਪ੍ਰੀਤਮ ਸਿੰਘ, ਗੱਜਣ ਸਿੰਘ ਆਦਿ ਸਾਥੀ ਹਾਜ਼ਰ ਸਨ।

# ਐੱਚਡੀਐੱਫਸੀ ਬੈਂਕ ਆਪਣੇ ਸਮਾਜਿਕ ਪ੍ਰਭਾਵ ਵਾਲੇ ਸਟਾਰਟਅੱਪਸ ਨੂੰ 20 ਕਰੋੜ ਪ੍ਰਦਾਨ ਕਰੇਗਾ

**ਜਲੰਧਰ** : ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਐੱਚਡੀਐੱਫਸੀ ਬੈਂਕ ਨੇ ਆਪਣੇ ਫਲੈਗਸ਼ਿਪ ਪ੍ਰੋਗਰਾਮ, ਪਰਿਵਰਤਨ ਸਟਾਰਟਅੱਪ ਗ੍ਰਾਂਟਸ ਪ੍ਰੋਗਰਾਮ ਦੇ ਵਿੱਤੀ ਸਾਲ 2026 (6.26) ਐਡੀਸ਼ਨ ਦੀ ਸ਼ੁਰੂਆਤ ਦਾ ਐਲਾਨ ਕੀਤਾ।ਇਸ ਐਲਾਨ 'ਤੇ ਟਿੱਪਣੀ ਕਰਦੇ ਹੋਏ ਐੱਚਡੀਐੱਫਸੀ ਬੈਂਕ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਕੈਜ਼ਾਦ ਭਰੂਚਾ ਨੇ ਕਿਹਾ ਕਿ ਪਰਿਵਰਤਨ ਸਟਾਰਟ-ਅੱਪ ਗ੍ਰਾਂਟਸ ਉਦਯੋਗ ਵਿੱਚ ਇੱਕ ਮਾਪਦੰਡ ਵਜੋਂ ਉਭਰਿਆ ਹੈ ਜੋ ਕਿ ਸਮਾਜਿਕ ਅਤੇ ਵਾਤਾਵਰਣ ਸੰਬੰਧੀ ਚੁਣੌਤੀਆਂ ਨੂੰ ਸਪਸ਼ਟ ਤੌਰ 'ਤੇ ਪਛਾਣੀਆਂ ਗਈਆਂ ਨਵੀਨਤਾਵਾਂ ਦਾ ਸਮਰਥਨ ਕਰਨ ਲਈ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ ।ਐੱਚਡੀਐੱਫਸੀ ਬੈਂਕ ਦੇ ਗਰੁੱਪ ਹੈੱਡ - ਖਜ਼ਾਨਾ ਅਰੂਪ ਰਕਸ਼ਿਤ ਨੇ ਕਿਹਾ ਕਿ ਇਹ ਪ੍ਰੋਗਰਾਮ ਸਾਡੇ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਸ਼ੁਰੂਆਤੀ-ਪੜਾਅ ਦੇ ਸਮਾਜਿਕ ਪ੍ਰਭਾਵ ਨਵੀਨਤਾਵਾਂ ਨੂੰ ਮਜ਼ਬੂਤ ਸੰਸਥਾਗਤ ਸਹਾਇਤਾ ਤੋਂ ਲਾਭ ਹੁੰਦਾ ਹੈ ਜੋ ਸਲਾਹ, ਨੈੱਟਵਰਕ ਅਤੇ ਯੋਜਨਾਬੱਧ ਸਹਾਇਤਾ ਪ੍ਰਦਾਨ ਕਰ ਸਕਦਾ ਹੈ।

# ਲੋਕ ਮਿਲਣੀ 'ਚ ਵੱਖ-ਵੱਖ ਸ਼ਿਕਾਇਤਾਂ ਦਾ ਭੁੱਲਰ ਨੇ ਮੌਕੇ 'ਤੇ ਕੀਤਾ ਨਿਪਟਾਰਾ



**ਪੱਟੀ (ਬਲਦੇਵ ਸਿੰਘ ਸੰਧੂ)**

ਪੰਜਾਬ ਦੇ ਟਰਾਂਸਪੋਰਟ ਅਤੇ ਜੇਲ੍ਹਾਂ ਬਾਰੇ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਪੱਟੀ ਸਥਿਤ ਆਪਣੇ ਕੈਂਪ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਕੀਤਾ ਗਿਆ।ਇਸ ਦਾ ਉਦੇਸ਼ ਪੱਟੀ ਵਿਧਾਨ ਸਭਾ ਹਲਕੇ ਦੇ ਵਸਨੀਕਾਂ ਦੀਆਂ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦੇ ਮੁੱਦਿਆਂ ਦਾ ਨਿਪਟਾਰਾ ਕਰਨਾ ਸੀ।ਇਸ ਮੌਕੇ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਤੋਂ ਆਏ ਲੋਕਾਂ ਨੇ ਕੈਬਨਿਟ ਮੰਤਰੀ ਨਾਲ ਸਿੱਧੀ ਮੁਲਾਕਾਤ ਕਰਕੇ ਸਿਹਤ ਸੇਵਾਵਾਂ, ਹੜ੍ਹ ਪ੍ਰਭਾਵਿਤ ਇਲਾਕਿਆਂ, ਡਰੇਨੇਜ, ਸਟ੍ਰੀਟ ਲਾਈਟਾਂ, ਪਾਣੀ ਸਪਲਾਈ, ਬਿਜਲੀ ਸਪਲਾਈ, ਸੜਕਾਂ, ਰੈਵੇਨਿਊ ਮਾਮਲਿਆਂ, ਸਮਾਜਿਕ ਭਲਾਈ ਸਕੀਮਾਂ ਅਤੇ ਹੋਰ ਨਾਗਰਿਕ ਮੁੱਦਿਆਂ ਸਬੰਧੀ ਆਪਣੀਆਂ ਸਮੱਸਿਆਵਾਂ ਰੱਖੀਆਂ।ਕੈਬਨਿਟ ਮੰਤਰੀ ਨੇ ਧਿਆਨ ਨਾਲ ਹਰ ਸ਼ਿਕਾਇਤ ਸੁਣੀ ਅਤੇ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਸਮੇਂ-ਬੱਧ ਨਿਪਟਾਰੇ ਲਈ ਮੌਕੇ 'ਤੇ ਹੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਇਸ ਮੌਕੇ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਉਹ ਨਿਰੰਤਰ ਜਨ ਸੰਪਰਕ ਪ੍ਰੋਗਰਾਮ ਆਯੋਜਿਤ ਕਰ ਰਹੇ ਹਨ, ਜਿਸ ਨੂੰ ਲੋਕਾਂ ਵੱਲੋਂ ਬੇਹੱਦ ਚੰਗਾ ਹੁੰਗਾਰਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੀ ਦੂਰਦਰਸ਼ੀ ਸੋਚ ਅਧੀਨ ਸਰਕਾਰ ਤੁਹਾਡੇ ਦੁਆਰ ਵਰਗੀਆਂ ਕਈ ਲੋਕ-ਹਿਤੈਸ਼ੀ ਪਹਿਲਕਦਮੀਆਂ ਲਾਗੂ ਕੀਤੀਆਂ ਗਈਆਂ ਹਨ।ਇਨ੍ਹਾਂ ਪਹਿਲ ਕਦਮੀਆਂ ਰਾਹੀਂ ਉਹ ਖੁਦ ਹਲਕੇ ਦੇ ਸੈਂਕੜੇ ਪਿੰਡਾਂ ਦਾ ਦੌਰਾ ਕਰ ਚੁੱਕੇ ਹਨ ਤਾਂ ਜੋ ਵਸਨੀਕਾਂ ਨਾਲ ਸਿੱਧਾ ਸੰਪਰਕ ਬਣਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਇਨ੍ਹਾਂ ਮੁਲਾਕਾਤਾਂ ਨਾਲ ਸਰਕਾਰ ਨੂੰ ਜ਼ਮੀਨੀ ਪੱਧਰ ਦੇ ਮੁੱਦਿਆਂ ਦੀ ਸਮਝ ਬਣੀ ਹੈ ਅਤੇ ਵਿਕਾਸ ਲਈ ਤਰਜੀਹਾਂ ਨਿਰਧਾਰਤ ਕਰਨ ਵਿੱਚ ਮੱਦਦ ਮਿਲੀ ਹੈ।ਇਸ ਦੇ ਨਾਲ ਹੀ ਕਈ ਵਾਰ ਲੋਕਾਂ ਦੇ ਨਿੱਜੀ ਝਗੜੇ ਸੁਲਝਾਉਣ ਦਾ ਸਬੱਬ ਵੀ ਇਹ ਲੋਕ ਮਿਲਣੀ ਬਣ ਰਹੀ ਹੈ।ਕੈਬਨਿਟ ਮੰਤਰੀ ਸ. ਭੁੱਲਰ ਨੇ ਕਿਹਾ ਕਿ ਲੋਕ ਮਿਲਣੀ ਦੇ ਇਹ ਪ੍ਰੋਗਰਾਮ ਖ਼ਾਸ ਕਰਕੇ ਮਜ਼ਦੂਰ ਵਰਗ, ਵੱਡੀ ਉਮਰ ਦੇ ਨਾਗਰਿਕਾਂ ਲਈ ਬਹੁਤ ਲਾਭਕਾਰੀ ਹਨ, ਕਿਉਂਕਿ ਉਨ੍ਹਾਂ ਨੂੰ ਵਾਰ-ਵਾਰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਂਦੇ। ਇਸ ਦੀ ਬਜਾਏ ਉਨ੍ਹਾਂ ਨੂੰ ਆਪਣੇ ਚੁਣੇ ਹੋਏ ਪ੍ਰਤੀਨਿਧੀ ਨਾਲ ਸਿੱਧੀ ਮੁਲਾਕਾਤ ਕਰਕੇ ਤੁਰੰਤ ਹੱਲ ਪ੍ਰਾਪਤ ਕਰਨ ਲਈ ਇੱਕ ਮੰਚ ਮਿਲਦਾ ਹੈ।ਇਹ ਜਨਤਕ ਮਿਲਣੀਆਂ ਪੰਜਾਬ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ, ਜਿਸ ਨਾਲ ਲੋਕ ਬਿਨਾਂ ਕਿਸੇ ਰੁਕਾਵਟ ਦੇ ਲਾਭ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਿਹਾ ਸਕਾਰਾਤਮਕ ਫੀਡਬੈਕ ਇਹ ਸਾਬਤ ਕਰਦਾ ਹੈ ਕਿ ਇਨ੍ਹਾਂ ਪਹਿਲਕਦਮੀਆਂ ਨਾਲ ਸ਼ਾਸਨ ਵਿੱਚ ਪਾਰਦਰਸ਼ਤਾ, ਭਰੋਸਾ ਅਤੇ ਪਹੁੰਚ ਹੋਰ ਮਜ਼ਬੂਤ ਹੋਈ ਹੈ।ਉਨ੍ਹਾਂ ਕਿਹਾ ਕਿ ਸਾਡਾ ਮਕਸਦ ਸਰਕਾਰ ਨੂੰ ਲੋਕਾਂ ਤੱਕ ਲਿਜਾਣਾ, ਸ਼ਿਕਾਇਤਾਂ ਦਾ ਤੇਜ਼ੀ ਨਾਲ ਨਿਪਟਾਰਾ ਯਕੀਨੀ ਬਣਾਉਣਾ ਅਤੇ ਇਹ ਯਕੀਨ ਬਣਾਉਣਾ ਹੈ ਕਿ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਨਾਗਰਿਕ ਤੱਕ ਪਹੁੰਚੇ।

# 26 ਲੱਖ ਰੁਪਏ ਦੀ ਠੱਗੀ ਮਾਰੀ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਠੱਗੀ ਮਾਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਪੀੜਤ ਸੁਲੱਖਣ ਸਿੰਘ ਪੁੱਤਰ ਮੁਨਸ਼ਾ ਸਿੰਘ ਵਾਸੀ ਨਵਾਂ ਪਿੰਡ ਗੁਰਦਾਸ ਨੰਗਲ ਖੇਤੀਬਾੜੀ ਦਾ ਕੰਮ ਕਰਦਾ ਹੈ, ਜੋ ਆਪਣੀ ਜ਼ਮੀਨ 'ਤੇ ਲਿਮਟ ਬਣਾਉਣੀ ਚਾਹੁੰਦਾ ਸੀ। ਕਥਿਤ ਦੋਸ਼ੀ ਰਜੇਸ਼ ਕੁਮਾਰ ਪੁੱਤਰ ਰਾਜ ਪਾਲ ਵਾਸੀ ਜਲੰਧਰ ਜੋ ਬੈਂਕ ਦੀਆਂ ਲਿਮਟਾਂ ਬਣਾਉਣ ਦਾ ਕੰਮ ਕਰਦਾ ਸੀ ਜਿਸ ਵੱਲੋਂ 10 ਕਰੋੜ ਰੁਪਏ ਦੀ ਲਿਮਟ ਬਣਾ ਕੇ ਦੇਣ ਦਾ ਝਾਂਸਾ ਦੇ ਕੇ ਪੀੜਤ ਨਾਲ 26 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਰਜੇਸ਼ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਚੇਅਰਮੈਨ ਸੁਸ਼ੀਲ ਸ਼ਰਮਾ ਦਾ ਨਿਕਲਿਆ ਲੱਕੀ ਡਰਾਅ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਇੰਡੀਅਨ ਆਇਲ ਕੰਪਨੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਲੱਕੀ ਡਰਾਅ ਸਕੀਮ ਚਲਾਈ ਜਾ ਰਹੀ ਹੈ ਜਿੱਥੇ ਗਾਹਕਾਂ ਲਈ ਤੇਲ ਭਰਵਾਉਣ 'ਤੇ ਗਾਹਕਾਂ ਨੂੰ ਇੱਕ ਲੱਕੀ ਡਰਾਅ ਕੂਪਨ ਦਿੱਤਾ ਜਾਂਦਾ ਸੀ ਜਿਸ ਦਾ ਮਹਾਂਵੀਰ ਇੰਟਰਨੈਸ਼ਨਲ ਸਕੂਲ ਦੇ ਮਾਲਕ



ਚੇਅਰਮੈਨ ਸੁਸ਼ੀਲ ਸ਼ਰਮਾ ਦਾ ਸਵਰਾਜ ਟਰੈਕਟਰ ਬੰਪਰ ਪ੍ਰਾਈਜ਼ ਨਿਕਲਿਆ ਹੈ। ਇੰਡੀਅਨ ਆਇਲ ਤੋਂ ਡੀ. ਆਰ. ਐੱਸ. ਐੱਚ. ਦੁਰਗੇਸ਼ ਤਿਵਾਰੀ ਪਰਵੇਜ਼ ਖਾਨ, ਏਰੀਆ ਫੀਲਡ ਅਫਸਰ ਭਾਵੇਸ਼ ਸਿੰਘ ਨੇ ਟਰੈਕਟਰ ਮਾਲਕ ਨੂੰ ਵਧਾਈ ਦਿੱਤੀ ਅਤੇ ਟਰੈਕਟਰ ਦੀਆਂ ਚਾਬੀਆਂ ਸੌਂਪੀਆਂ।ਇਸ ਮੌਕੇ ਸੁਸ਼ੀਲ ਕੁਮਾਰ ਨੇ ਕਿਹਾ ਕਿ ਇੰਡੀਅਨ ਆਇਲ ਦਾ ਤੇਲ ਬਹੁਤ ਵਧੀਆ ਹਾ ਅਤੇ ਅਸੀਂ ਧੰਨਵਾਦੀ ਹਾਂ ਇੰਡੀਅਨ ਆਇਲ ਦੇ ਜੋ ਲੋਕਾਂ ਲਈ ਤੇਲ ਪਵਾਉਣ 'ਤੇ ਗਿਫਟ ਵੀ ਦੇ ਰਿਹਾ। ਇਸ ਮੌਕੇ ਪੰਪ ਦੇ ਮਾਲਕ ਹਰਦੀਪ ਬੱਤਰਾ (ਗੌਰਵ), ਅਮਰਜੀਤ ਨਾਗਰਾ, ਹਰਜੀਤ ਸਿੰਘ, ਪੰਪ ਮੈਨੇਜਰ ਪ੍ਰਗਟ ਸਿੰਘ, ਤਿਲਕਰਾਜ ਅਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।



**ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿਚ 26 ਜਨਵਰੀ ਨੂੰ ਡਾ. ਅੰਬੇਡਕਰ ਚੌਕ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਵਿਖੇ ਲਗਾਏ ਜਾ ਰਹੇ ਲੰਗਰ ਸਬੰਧੀ ਭਾਜਪਾ ਸਪੋਰਟਸ ਸੈੱਲ ਦੇ ਸੂਬਾ ਕੋ-ਕਨਵੀਨਰ ਅਰੁਣ ਭੱਲਾ ਨੂੰ ਸੱਦਾ ਪੱਤਰ ਦਿੰਦੇ ਹੋਏ ਧੰਨ-ਧੰਨ ਬਾਬਾ ਦੀਪ ਸਿੰਘ ਜੀ ਸਪੋਰਟਸ ਐਂਡ ਵੈੱਲਫੇਅਰ ਸੁਸਾਇਟੀ, ਅੰਮ੍ਰਿਤਸਰ ਦੇ ਪ੍ਰਧਾਨ ਵਿੱਕੀ ਖੋਖਰ, ਅਜੈ ਪਹਿਲਵਾਨ, ਸੁਰਜੀਤ ਸਿੰਘ ਤੇ ਲੱਕੀ ਪਹਿਲਵਾਨ।**

(ਫੋਟੋ ਤੇ ਵੇਰਵਾ: ਮਨੋਜ ਕੁਮਾਰ, ਛੇਹਰਟਾ)

# ਸ਼ੂਗਰ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਮੁਜ਼ਾਹਰਾ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਵਿਚ ਕੰਮ ਕਰਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਵਿਖੇ ਵਿਸ਼ਾਲ ਰੋਸ ਰੈਲੀ ਕੀਤੀ ਗਈ। ਪ੍ਰਦਰਸ਼ਨ ਵਿੱਚ ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ, ਕੌਮੀ ਕਿਸਾਨੀ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਟਾਂਡਾ, ਬੀਕੇਯੂ ਕਾਦੀਆਂ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਪੰਨੂੰ ਆਦਿ ਕਿਸਾਨ ਜਥੇਬੰਦੀਆਂ ਨੇ ਭਾਗ ਲਿਆ।ਇਸ ਸਮੇਂ ਬੋਲਦਿਆਂ ਹਰਦੀਪ ਸਿੰਘ ਕੱਦਗਿਲ, ਤਰਸੇਮ ਸਿੰਘ ਲੁਹਾਰ, ਦਲਜੀਤ ਸਿੰਘ ਦਿਆਲਪੁਰ, ਰਤਨ ਸਿੰਘ ਢੰਡ, ਮਹਾਵੀਰ ਸਿੰਘ ਗਿੱਲ ਅਤੇ ਨਛੱਤਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਸ਼ੂਗਰ ਮਿੱਲ ਸ਼ੇਰੋਂ ਦੀ 98 ਏਕੜ ਮਾਲਕੀ ਜੋ ਕਿ ਕਿਸਾਨਾਂ ਦੇ 60 ਫੀਸਦੀ ਸ਼ੇਅਰ ਹਨ, ਨੂੰ ਇੱਕ ਕਾਰਪੋਰੇਸ਼ਨ ਦੇ ਨਾਂਅ ਮਾਲਕੀ ਨੂੰ ਤਬਦੀਲ ਕਰ ਦਿੱਤਾ ਹੈ। ਇਸ ਦੀ ਕਿਸਾਨ ਆਗੂਆਂ ਵੱਲੋਂ ਸਖਤ ਸ਼ਬਦਾਂ ਵਿੱਚ ਪੰਜਾਬ ਸਰਕਾਰ ਨਦੀ ਨਿੰਦਾ ਕੀਤੀ ਗਈ। ਜੇਕਰ ਸਰਕਾਰ ਨੇ ਕਿਸਾਨਾਂ ਦੀ ਮਾਲਕੀ ਵਾਲੀ ਇਹ ਸਹਿਕਾਰੀ ਸ਼ੂਗਰ ਮਿੱਲ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਕੋਸ਼ਿਸ਼ ਕੀਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਇਲਾਕੇ ਅੰਦਰ ਸਮਾਜਿਕ ਰਾਜਨੀਤਿਕ ਕਾਰਕੁਨ ਵੱਡੀ ਗਿਣਤੀ ਵਿੱਚ ਸਰਕਾਰ ਦਾ ਵਿਰੋਧ ਕਰਨਗੇ।ਇਸ ਸਬੰਧੀ 22 ਜਨਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਵੱਲੋਂ ਸਥਾਨਕ ਗਾਂਧੀ ਪਾਰਕ ਵਿਖੇ 11 ਵਜੇ ਸਭ ਜਥੇਬੰਦੀਆਂ ਦੀ ਮੀਟਿੰਗ ਸੱਦ ਲਈ ਹੈ ਜਿਸ ਵਿੱਚ ਅਗਲੇ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ ।ਰੋਸ ਪ੍ਰਦਰਸ਼ਨ ਤੋਂ ਬਾਅਦ ਕਿਸਾਨਾਂ ਵੱਲੋਂ ਜ਼ਬਰਦਸਤ ਮਾਰਚ ਕਰਕੇ ਸਹਿਕਾਰੀ ਖੰਡ ਮਿੱਲ ਦੇ ਗੇਟ ਸਾਹਮਣੇ ਰੋਸ ਪ੍ਰਦਸ਼ਨ ਕੀਤਾ। ਇਸ ਮੌਕੇ ਮਹਾਂਵੀਰ ਸਿੰਘ ਗਿੱਲ, ਗੁਰਚਰਨ ਸਿੰਘ ਸਭਰਾ, ਮਨਜੀਤ ਸਿੰਘ ਬੱਗੂ, ਸੂਬੇਦਾਰ ਤਾਰਾ ਸਿੰਘ ਸਾਬਕਾ ਸੈਨਿਕ ਕਮੇਟੀ, ਕੇਵਲ ਸਿੰਘ ਕੰਬੋਕੇ, ਹਰਭਜਨ ਸਿੰਘ ਭੱਟੀ, ਜੱਸਾ ਸਿੰਘ ਕੱਦਗਿਲ, ਪੂਰਨ ਸਿੰਘ ਮਾੜੀਮੇਘਾ, ਸਰਦਾਰਾ ਸਿੰਘ ਸਖੀਰਾ, ਕਾਰਜ ਸਿੰਘ ਕੈਰੋਂ, ਪ੍ਰਗਟ ਸਿੰਘ ਸ਼ੇਰੋਂ, ਡਾਕਟਰ ਪਰਮਜੀਤ ਸਿੰਘ ਕੋਟ ਮੁਹੰਮਦ, ਸੁਖਦੇਵ ਸਿੰਘ ਮੈਂਬਰ, ਗੁਰਨਾਮ ਸਿੰਘ, ਜਗਵੰਤ ਸਿੰਘ ਸਖੀਰਾ, ਹਰਭਜਨ ਸਿੰਘ ਪੱਟੀ ਅਤੇ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਖੇਤੀਬਾੜੀ ਵਿਭਾਗ ਨੇ ਸਰਾਂ ਅਮਾਨਤ ਖਾਂ ਵਿਖੇ ਆਤਮਾ ਸਕੀਮ ਅਧੀਨ ਕਰਵਾਈ ਕਿਸਾਨ ਗੋਸ਼ਟੀ



**ਤਰਨ ਤਾਰਨ, (ਪ੍ਰਿਤਪਾਲ ਸਿੰਘ)**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਆਈਏਐੱਸ ਦੀ ਰਹਿਨੁਮਾਈ ਹੇਠ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੀ ਯੋਗ ਅਗਵਾਈ ਹੇਠ ਆਤਮਾ ਸਕੀਮ ਅਧੀਨ ਬਲਾਕ ਗੰਡੀਵਿੰਡ ਦੇ ਪਿੰਡ ਸਰਾਂ ਅਮਾਨਤ ਖਾਂ ਵਿਖੇ ਕਿਸਾਨ ਗੋਸ਼ਟੀ ਕਰਵਾਈ ਗਈ।ਗੋਸ਼ਟੀ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਤੋਂ ਡਾ. ਨਵਜੋਤ ਸਿੰਘ ਬਰਾੜ ਨੇ ਕਣਕ, ਸਰ੍ਹੋਂ, ਬਰਸੀਮ ਦੀਆਂ ਮੌਜੂਦਾ ਫਸਲਾਂ ਤੋਂ ਮਿਆਰੀ ਅਤੇ ਵੱਧ ਝਾੜ ਲੈਣ ਦੇ ਨੁਕਤੇ ਕਿਸਾਨਾਂ ਨਾਲ ਸਾਂਝੇ ਕੀਤੇ।ਪ੍ਰਭਜਿੰਦਰ ਸਿੰਘ ਮਾਨ ਨੇ ਪਸ਼ੂ ਪਾਲਣ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਸ਼੍ਰੀ ਸਾਹਿਲ ਨੇ ਮੱਛੀ ਪਾਲਣ ਧੰਦੇ ਅਤੇ ਸਰਕਾਰ ਵੱਲੋਂ ਇਸ ਧੰਦੇ ਤੇ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ।ਡਾ. ਬਿਕਰਮਜੀਤ ਸਿੰਘ ਬਾਗਬਾਨੀ ਵਿਕਾਸ ਅਫਸਰ ਝਬਾਲ ਨੇ ਕਿਸਾਨਾਂ ਨੂੰ ਵੱਖ-ਵੱਖ ਸਹਾਇਕ ਧੰਦਿਆਂ ਅਤੇ ਇਨ੍ਹਾਂ 'ਤੇ ਬਾਗ਼ਬਾਨੀ ਵਿਭਾਗ ਪੰਜਾਬ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ।ਬਲਾਕ ਖੇਤੀਬਾੜੀ ਅਫ਼ਸਰ ਡਾ. ਗੁਰਿੰਦਰਜੀਤ ਸਿੰਘ ਨੇ ਖੇਤੀਬਾੜੀ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦੀ ਜਾਣਕਾਰੀ ਦਿੱਤੀ ਅਤੇ ਆਏ ਹੋਏ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਮਨਪ੍ਰੀਤ ਸਿੰਘ ਏਟੀਐੱਮ ਨੇ ਸਟੇਜ ਸੈਕਟਰੀ ਦੀ ਭੂਮਿਕਾ ਬਾਖ਼ੂਬੀ ਨਿਭਾਈ ਅਤੇ ਅਤੇ ਆਤਮਾ ਸਕੀਮ ਵਿਚ ਕਰਵਾਈਆਂ ਜਾਣ ਵਾਲੀਆਂ ਟ੍ਰੇਨਿੰਗਾਂ ਅਤੇ ਸਹਾਇਕ ਧੰਦਿਆਂ ਬਾਰੇ ਜਾਣਕਾਰੀ ਦਿੱਤੀ।ਇਸ ਕੈਂਪ ਵਿੱਚ ਗੁਰਮੀਤ ਸਿੰਘ ਏਈਓ, ਪ੍ਰਦੀਪ ਕੁਮਾਰ ਏਐੱਸਆਈ, ਵਰਿੰਦਰਬੀਰ ਸਿੰਘ ਅਤੇ ਵਿਜੇ ਸਿੰਘ ਏਟੀਐੱਮ, ਅਵਤਾਰ ਸਿੰਘ ਫੀਲਡ ਵਰਕਰ ਅਤੇ ਆਂਗਹਵਧੂ ਕਿਸਾਨ ਲਖਬੀਰ ਸਿੰਘ, ਸਰਪੰਚ ਹਰਪ੍ਰੀਤ ਸਿੰਘ, ਗੁਰਦੇਵ ਸਿੰਘ, ਬਲਜੀਤ ਸਿੰਘ, ਬਲਜਿੰਦਰ ਸਿੰਘ ਭੁੱਸੇ, ਜਗਦੀਪ ਸਿੰਘ ਭੁੱਸੇ, ਗੁਰਜੀਤ ਸਿੰਘ, ਹਰਵੰਤ ਸਿੰਘ, ਬਲਕਾਰ ਸਿੰਘ, ਹਰਚੰਦ ਸਿੰਘ ਆਦਿ ਹੋਰ ਬਹੁਤ ਸਾਰੇ ਕਿਸਾਨ ਹਾਜ਼ਰ ਸਨ।

# 29 ਨੂੰ ਕੁਲਵਿੰਦਰ ਸਿੰਘ ਵਲਟੋਹਾ ਦੀ 19ਵੀਂ ਬਰਸੀ ਮਨਾਉਣ ਦਾ ਫੈਸਲਾ



**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਭਾਰਤੀ ਕਮਿਊਨਿਸਟ ਪਾਰਟੀ ਬਲਾਕ ਵਲਟੋਹਾ ਦੀ ਮੀਟਿੰਗ ਪਾਰਟੀ ਦਫਤਰ ਵਲਟੋਹਾ ਵਿਖੇ ਹੋਈ ਜਿਸ ਵਿੱਚ ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਦੀ 19ਵੀਂ ਬਰਸੀ ਉਨ੍ਹਾਂ ਦੇ ਗ੍ਰਹਿ ਵਲਟੋਹਾ ਵਿਖੇ ਮਨਾਏ ਜਾਣ ਦਾ ਫੈਸਲਾ ਕੀਤਾ ਗਿਆ।ਮੀਟਿੰਗ ਦੀ ਪ੍ਰਧਾਨਗੀ ਦਲੀਪ ਸਿੰਘ ਲਾਖਣਾ ਵੱਲੋਂ ਕੀਤੀ ਗਈ। ਆਗੂਆਂ ਨੇ ਬੋਲਦਿਆਂ ਦੱਸਿਆ ਕਿ ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਲੜਾਈ ਲੜਦੇ ਹੋਏ ਬਿਤਾਈ, ਹਰ ਲੋੜਵੰਦ ਦੀ ਮਦਦ ਕੀਤੀ, 2007 ਵਿੱਚ ਐੱਮਐੱਲਏ ਦੀ ਇਲੈਕਸ਼ਨ ਲੜਦਿਆਂ ਇੱਕ ਸੜਕ ਹਾਦਸੇ ਵਿੱਚ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਹਰ ਸਾਲ ਬਰਸੀ ਮਨਾਈ ਜਾਂਦੀ ਹੈ। ਇਸ ਸਾਲ ਵੀ ਜ਼ਿਲ੍ਹੇ ਦੇ ਆਗੂਆਂ ਵੱਲੋਂ ਅਤੇ ਬਲਾਕ ਦੇ ਸਾਥੀਆਂ ਵੱਲੋਂ ਪਰਿਵਾਰ ਵੱਲੋਂ ਬਰਸੀ ਵਾਲੇ ਦਿਨ ਆਪਣੇ ਵਿਛੜ ਚੁੱਕੇ ਆਗੂ ਨੂੰ ਯਾਦ ਕੀਤਾ ਜਾਵੇਗਾ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਬਰਸੀ 'ਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਨੂੰ ਸਮਰਪਿਤ ਨੌਜਵਾਨਾਂ ਦਾ ਸਕੂਲ ਲਾਇਆ ਜਾਵੇਗਾ ਜਿਸ ਵਿੱਚ ਨੌਜਵਾਨਾਂ ਨੂੰ ਅਜੋਕੇ ਸਮਾਜ ਵਿੱਚ ਚੱਲ ਰਹੀਆਂ ਕੁਰੀਤੀਆਂ ਤੋਂ ਦੂਰ ਰਹਿ ਕੇ ਇੱਕ ਵਧੀਆ ਸਮਾਜ ਸਿਰਜਣ ਦੀ ਸਿੱਖਿਆ ਦਿੱਤੀ ਜਾਵੇਗੀ। ਬਲਾਕ ਸਕੱਤਰ ਕਿਰਨਜੀਤ ਕੌਰ ਵਲਟੋਹਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਕਿਸਾਨਾਂ, ਮਜ਼ਦੂਰਾਂ ਦਾ ਜਿਊਣਾ ਮੁਸ਼ਕਿਲ ਹੋ ਚੁੱਕਾ ਹੈ। ਸਰਕਾਰਾਂ ਪੂਰੀ ਤਰ੍ਹਾਂ ਕਾਰਪੋਰੇਟ ਪੱਖੀ ਹੋ ਚੁੱਕੀਆਂ ਹਨ ਜੋ ਆਮ ਆਦਮੀ ਦਾ ਖੂਨ ਨਿਚੋੜ ਰਹੀਆਂ ਹਨ। ਇਸ ਲਈ ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਵੱਲੋਂ ਲੜੀ ਜਾਣ ਵਾਲੀ ਲੜਾਈ ਲੜਨੀ ਹੋਰ ਵੀ ਅਹਿਮ ਹੋ ਗਈ ਹੈ। ਭਾਰਤੀ ਕਮਿਊਨਿਸਟ ਪਾਰਟੀ ਇਸ ਆਗੂ ਦੇ ਪਾਏ ਹੋਏ ਪੂਰਨਿਆਂ ਉਤੇ ਤਨਦੇਹੀ ਨਾਲ ਚੱਲੇਗੀ ਤੇ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਦੀ ਆਵਾਜ਼ ਬਣ ਕੇ ਰਹੇਗੀ। ਇਸ ਮੌਕੇ ਆਗੂਆਂ ਵੱਲੋਂ ਕੇਂਦਰ ਸਰਕਾਰ ਵੱਲੋਂ ਬੀਜ ਸੋਧ ਬਿੱਲ, ਬਿਜਲੀ ਬਿੱਲ, ਲੇਬਰ ਕੋਡ, ਨਰੇਗਾ ਕਾਨੂੰਨ ਦੀ ਨਿਖੇਧੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਵਲਟੋਹਾ, ਲਾਲ ਸਿੰਘ ਵਲਟੋਹਾ, ਗੁਰਵੇਲ ਸਿੰਘ ਵਲਟੋਹਾ, ਗੁਰ ਪ੍ਰਤਾਪ ਸਿੰਘ ਵਲਟੋਹਾ, ਗੁਰਲਾਲ ਸਿੰਘ ਵਲਟੋਹਾ, ਵਿਸ਼ਾਲਦੀਪ ਸਿੰਘ ਵਲਟੋਹਾ, ਰਣਜੀਤ ਸਿੰਘ, ਮੇਜਰ ਸਿੰਘ ਜੋਧ ਸਿੰਘ ਵਾਲਾ, ਦਲੀਪ ਸਿੰਘ ਲਾਖਨਾ, ਲੱਖਾ ਸਿੰਘ, ਸੁਖਦੇਵ ਸਿੰਘ ਮਨਾਵਾਂ, ਕਾਬਲ ਸਿੰਘ ਆਸਲ ਆਦਿ ਹਾਜ਼ਰ ਸਨ।

# ਹੀਰਾ ਵਾਲੀਆ ਨੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨੂੰ ਦਿੱਤੀ ਵਧਾਈ



**ਬਟਾਲਾ (ਤਰਲੋਕ ਬੱਗਾ)**

ਭਾਰਤੀ ਜਨਤਾ ਪਾਰਟੀ ਦੇ ਨਵ-ਨਿਯੁਕਤ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਨੂੰ ਭਾਜਪਾ ਜ਼ਿਲ੍ਹਾ ਬਟਾਲਾ ਦੇ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਹੀਰਾ ਵਾਲੀਆ ਨੇ ਕਿਹਾ ਕਿ ਇਹ ਪਲ ਸਿਰਫ ਪਾਰਟੀ ਲਈ ਹੀ ਨਹੀਂ, ਸਗੋਂ ਦੇਸ਼ ਦੇ ਨੌਜਵਾਨ ਵਰਗ ਲਈ ਵੀ ਬਹੁਤ ਮਾਣ ਅਤੇ ਪ੍ਰੇਰਣਾ ਭਰਿਆ ਹੈ।ਉਨ੍ਹਾਂ ਕਿਹਾ ਕਿ ਨਿਤਿਨ ਨਵੀਨ ਇੱਕ ਗਤੀਸ਼ੀਲ, ਸਮਰਪਿਤ ਅਤੇ ਦੂਰਦਰਸ਼ੀ ਯੁਵਾ ਨੇਤਾ ਹਨ, ਜਿਨ੍ਹਾਂ ਨੂੰ ਇੰਨੀ ਵੱਡੀ ਜ਼ਿੰਮੇਵਾਰੀ ਸੌਂਪਣੀ ਭਾਜਪਾ ਦੀ ਮਜ਼ਬੂਤ ਸੋਚ ਅਤੇ ਭਵਿੱਖੀ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਨਿਤਿਨ ਨਵੀਨ ਦੇ ਅਗਵਾਈ ਵਾਲੇ ਗੁਣ, ਨਿਸ਼ਠਾ, ਵਚਨਬੱਧਤਾ, ਮਿਲਣਸਾਰਤਾ ਅਤੇ ਦੇਸ਼ ਦੇ ਸਰਬਪੱਖੀ ਵਿਕਾਸ ਅਤੇ ਮਹਿਲਾਵਾਂ, ਪੁਰਸ਼ਾਂ ਅਤੇ ਨੌਜਵਾਨ ਪੀੜ੍ਹੀ ਦੇ ਰੌਸ਼ਨ ਭਵਿੱਖ ਲਈ ਉਨ੍ਹਾਂ ਦੀ ਪੱਕੀ ਪ੍ਰਤੀਬੱਧਤਾ ਨੂੰ ਪ੍ਰਗਟ ਕਰਦੀ ਹੈ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਨਿਤਿਨ ਨਵੀਨ ਦੀ ਅਗਵਾਈ ਹੇਠ ਭਾਜਪਾ ਨਵੀਂ ਊਰਜਾ, ਏਕਤਾ ਅਤੇ ਸਪੱਸ਼ਟ ਉਦੇਸ਼ ਨਾਲ ਅੱਗੇ ਵਧੇਗੀ ਅਤੇ ਨੌਜਵਾਨ ਵਰਗ ਨੂੰ ਦੇਸ਼ ਸੇਵਾ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ।ਉਨ੍ਹਾਂ ਕਿਹਾ ਕਿ ਅੱਜ ਦੇ ਯੁਗ ਵਿੱਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਅਹਿਮ ਹੈ ਅਤੇ ਐਸੀ ਨੌਜਵਾਨ ਲੀਡਰਸ਼ਿਪ ਨਾਲ ਦੇਸ਼ ਦੀ ਤਰੱਕੀ ਨੂੰ ਹੋਰ ਗਤੀ ਮਿਲੇਗੀ।ਹੀਰਾ ਵਾਲੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਮੂਹ ਭਾਜਪਾ ਲੀਡਰਸ਼ਿਪ ਨੂੰ ਵੀ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਨੌਜਵਾਨਾਂ ਨੂੰ ਉਤਸ਼ਾਹਿਤ ਕਰਨਾ ਦੇਸ਼ ਅਤੇ ਪਾਰਟੀ ਦੋਵਾਂ ਲਈ ਸ਼ੁਭ ਸੰਕੇਤ ਹੈ।ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾ ਨੌਜਵਾਨਾਂ ਨੂੰ ਅੱਗੇ ਲਿਆਉਣ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਸੌਂਪਣ ਵਿੱਚ ਲੱਗੀ ਹੋਈ ਹੈ।ਉਨ੍ਹਾਂ ਨੇ ਨਿਤਿਨ ਨਵੀਨ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਭਾਰਤ ਅਤੇ ਇਸ ਦੇ ਲੋਕਾਂ ਦੀ ਸੇਵਾ ਲਈ ਇਸ ਮਹੱਤਵਪੂਰਨ ਭੂਮਿਕਾ ਨੂੰ ਨਿਭਾਉਣ ਵਾਸਤੇ ਉਨ੍ਹਾਂ ਨੂੰ ਪੂਰਾ ਸਮਰਥਨ ਦਿੱਤਾ ਜਾਵੇਗਾ।ਉਨ੍ਹਾਂ ਆਸ ਜਤਾਈ ਕਿ ਨਵੀਂ ਲੀਡਰਸ਼ਿਪ ਮੁਲਕ ਨੂੰ ਨਵੀਂ ਦਿਸ਼ਾ ਅਤੇ ਤਾਕਤ ਪ੍ਰਦਾਨ ਕਰੇਗੀ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਵਿਆਹ ਮੌਕੇ ਨਗਰ ਕੀਰਤਨ ਦਾ ਆਯੋਜਨ



**ਅੰਮ੍ਰਿਤਸਰ (ਜਗਦੀਸ਼ ਕਮਲੇਸ਼)**

ਮੀਰੀ ਪੀਰੀ ਦੇ ਮਾਲਿਕ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਵਿਆਹ ਦੀ ਯਾਦ ਵਿੱਚ ਇੱਕ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ।ਇਹ ਸਮਾਗਮ ਸ੍ਰੀ ਗੁਰੂ ਹਰਗੋਬਿੰਦ ਵਿਆਹ ਪਰਬ ਸੇਵਾ ਸੁਸਾਇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ।ਇਸ ਵਿੱਚ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਸ਼ਰਧਾ ਨਾਲ ਹਿੱਸਾ ਲਿਆ।ਸੁਸਾਇਟੀ ਦੇ ਮੁੱਖ ਸੇਵਾਦਾਰਾਂ ਜਸਵਿੰਦਰ ਸਿੰਘ ਪੱਪੀ ਅਤੇ ਸੁਖਰਾਜ ਸਿੰਘ ਦੀ ਨਿਗਰਾਨੀ ਹੇਠ ਨਗਰ ਕੀਰਤਨ ਇਤਿਹਾਸਕ ਗੁਰਦੁਆਰਾ ਗੁਰੂ ਕੇ ਮਹਿਲ ਤੋਂ ਸ਼ੁਰੂ ਹੋਇਆ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਸੁਨਹਿਰੀ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ ਗਿਆ ਅਤੇ ਫਿਰ ਅੱਗੇ ਵਧਾਇਆ ਗਿਆ।ਗਤਕਾ ਜਥਿਆਂ ਦੇ ਸ਼ਾਨਦਾਰ ਅਤੇ ਬਹਾਦਰੀ ਭਰੇ ਪ੍ਰਦਰਸ਼ਨ ਅਤੇ ਰਾਗੀ ਜਥਿਆਂ ਦੁਆਰਾ ਗੁਰਬਾਣੀ ਦੀਆਂ ਸੁਰੀਲੀਆਂ ਕੀਰਤਨ ਧੁਨਾਂ ਮੁੱਖ ਆਕਰਸ਼ਣ ਸਨ।ਨਗਰ ਕੀਰਤਨ ਗੁਰਦੁਆਰਾ ਅਟਾਰੀ ਸਾਹਿਬ ਵਿਖੇ ਸਮਾਪਤ ਹੋਇਆ, ਜਿੱਥੇ ਗੁਰੂ ਜੀ ਦਾ ਅਟੁੱਟ ਲੰਗਰ ਵਰਤਾਇਆ ਗਿਆ।

# ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਗਣਤੰਤਰ ਦਿਵਸ ਮੌਕੇ ਸੂਬਾ ਸਰਕਾਰ ਦੇ ਨਾਂਅ ਰੋਸ ਪੱਤਰ ਭੇਜਣ ਦਾ ਫ਼ੈਸਲਾ

**ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)**

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫ਼ਤਿਹਗੜ੍ਹ ਸਾਹਿਬ, ਪ.ਸ.ਸ. ਫ. 1680/22 ਬੀ (ਮੁੱਖ ਦਫ਼ਤਰ ਚੰਡੀਗੜ੍ਹ) ਦੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਸਰ ਅਜੇ ਕੁਮਾਰ ਸਨੋਤਰਾ ਤੇ ਜ਼ਿਲ੍ਹਾ ਸਕੱਤਰ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਰਾਕੇਸ਼ ਧਵਨ ਦੀ ਸਾਂਝੀ ਅਗਵਾਈ ਹੇਠ ਸੂਬਾ ਪੱਧਰੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਯਾਦਗਾਰੀ ਹਾਲ ਮੋਗਾ ਵਿਚ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਜੇ ਕੁਮਾਰ ਸਨੋਤਰਾ ਤੇ ਰਾਕੇਸ਼ ਧਵਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 01-01-2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਉਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਕੀਤੀ ਜਾ ਰਹੀ ਟਾਲ-ਮਟੋਲ ਦੀ ਨੀਤੀ ਦੇ ਰੋਸ ਵਜੋਂ ਗਣਤੰਤਰ ਦਿਵਸ ਮੌਕੇ ਸਾਰੇ ਜ਼ਿਲ੍ਹਿਆਂ ਵਿਚੋਂ ਪੰਜਾਬ ਸਰਕਾਰ ਦੇ ਨਾਮ ਰੋਸ ਪੱਤਰ ਭੇਜੇ ਜਾਣਗੇ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ 2021 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਦੇ 2 ਲੱਖ ਐੱਨ.ਪੀ. ਐੱਸ. ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ 01-01-2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ ਪਰ ਸਰਕਾਰ ਦੇ ਚਾਰ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਦੇ ਇਕ ਵੀ ਮੁਲਾਜ਼ਮ ਦਾ ਜੀਪੀਐੱਫ ਖਾਤਾ ਨਹੀਂ ਖੋਲ੍ਹਿਆ ਗਿਆ। ਜਦਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ, ਹਿਮਾਚਲ ਪ੍ਰਦੇਸ਼ ਦੀਆਂ ਸੂਬਾ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਬੰਦ ਕਰ ਕੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਗਈ ਹੈ। ਆਗੂਆਂ ਨੇ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੂਜੇ ਰਾਜਾਂ ਵਿਚ ਜਾ ਕੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਪ੍ਰਚਾਰ ਤਾਂ ਜ਼ੋਰ-ਸ਼ੋਰ ਨਾਲ ਕਰਦੀ ਹੈ, ਪਰ ਦੂਜੇ ਪਾਸੇ ਪੰਜਾਬ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਨਾਲ ਬੇਇਨਸਾਫੀ ਵਾਲੀ ਨੀਤੀ 'ਤੇ ਚੱਲ ਰਹੇ ਹਨ। ਇਸ ਕਾਰਨ ਪੰਜਾਬ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਵਿਚ ਵਿਆਪਕ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਦਸਿਆ ਕਿ ਪੰਜਾਬ ਸਰਕਾਰ ਵੱਲੋਂ 18-11-2022 ਨੂੰ ਪੰਜਾਬ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਉਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਪਰ ਇਸ ਨੂੰ ਲਾਗੂ ਕਰਨ ਤੋਂ ਡਰ ਰਹੀ ਹੈ। ਮੁਲਾਜ਼ਮਾਂ ਵਿਚ ਬੇਚੈਨੀ ਫੈਲੀ ਹੋਈ ਹੈ ਕਿ ਪੰਜਾਬ ਸਰਕਾਰ ਉੱਪਰ ਇਹ ਨੋਟੀਫਿਕੇਸ਼ਨ ਨਾ ਲਾਗੂ ਕਰਨ ਲਈ ਕਿਸ ਦਾ ਦਬਾਅ ਹੈ ? ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਜਾ ਰਹੀ ਯੂਨੀਫਾਈਡ ਪੈਨਸ਼ਨ ਸਕੀਮ ਨੂੰ ਰੱਦ ਕਰਦੇ ਹੋਏ ਪੰਜਾਬ ਸਰਕਾਰ ਤੋਂ 1972 ਦੇ ਪੈਨਸ਼ਨ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਕੀਤੀ।





# ਬਾਵਾ ਲਾਲ ਦਿਆਲ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ





**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸਥਾਨਕ ਕਸਬੇ ਦੇ ਬਾਜ਼ਾਰ ਜੋੜੀਆਂ ਵਾਲਾ ਸਥਿਤ ਪੁਰਾਤਨ ਦੁਰਗਾ ਮਾਤਾ ਮੰਦਿਰ, ਸ਼੍ਰੀ ਬਾਵਾ ਲਾਲ ਦਿਆਲ ਜੀ ਮੰਦਿਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਸ਼੍ਰੀ ਬਾਵਾ ਲਾਲ ਦਿਆਲ ਜੀ ਦਾ 671ਵਾਂ ਜਨਮ ਦਿਹਾੜਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ ।ਇਸ ਮੌਕੇ ਪਹਿਲਾਂ ਮੰਦਰ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਝੰਡਾ ਝੜਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਮਹਿਲਾਂ ਕੀਰਤਨ ਮੰਡਲੀ ਵੱਲੋਂ ਬਾਵਾ ਲਾਲ ਦਿਆਲ ਜੀ ਦੀ ਮਹਿਮਾ ਦਾ ਭਜਨਾਂ ਰਾਹੀਂ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕੀਰਤਨ ਦੇ ਭੋਗ ਪੈਣ ਉਪਰੰਤ ਮੰਦਰ ਦੇ ਮੁੱਖ ਪੁਜਾਰੀ ਪੰਡਤ ਮੁਕੇਸ਼ ਸ਼ਰਮਾ ਵੱਲੋਂ ਸ਼੍ਰੀ ਬਾਵਾ ਲਾਲ ਜੀ ਦੀ ਆਰਤੀ ਗਾਇਨ ਕਰਕੇ ਪਾਵਨ ਸਰੂਪ ਤੇ ਫੁੱਲਾਂ ਦੀ ਵਰਖਾ ਕੀਤੀ ਗਈ ।ਇਸ ਮੌਕੇ ਪ੍ਰਬੰਧਕਾਂ ਵੱਲੋਂ ਕੇਕ ਕੱਟ ਕੇ ਸ਼੍ਰੀ ਬਾਵਾ ਲਾਲ ਦਿਆਲ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ ਅਤੇ ਸੰਗਤਾਂ ਨੂੰ ਇਸ ਪਾਵਨ ਦਿਹਾੜੇ ਦੀ ਵਧਾਈ ਦਿੱਤੀ ਗਈ ।ਇਸ ਮੌਕੇ ਪ੍ਰਬੰਧਕਾਂ ਵੱਲੋਂ ਸੰਗਤਾਂ ਲਈ ਲੰਗਰ ਭੰਡਾਰਾ ਲਗਾਇਆ ਗਿਆ ।ਇਲਾਕੇ ਦੀਆਂ ਸੰਗਤਾਂ ਨੇ ਹੁੰਮ -ਹੁੰਮਾ ਕੇ ਸ਼੍ਰੀ ਬਾਵਾ ਲਾਲ ਦਿਆਲ ਜੀ ਜਨਮ ਦਿਹਾੜੇ ਮੌਕੇ ਹਾਜ਼ਰੀ ਭਰੀ ਤੇ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਮੰਦਿਰ ਦੇ ਸੇਵਾਦਾਰ ਵਿਜੇ ਕੁਮਾਰ ਸ਼ਰਮਾਂ, ਸਿਟੀ ਵੈੱਲਫੇਅਰ ਕਲੱਬ ਦੇ ਪ੍ਰਧਾਨ ਰਾਜੇਸ਼ ਹਾਂਡਾ,ਅਸ਼ਵਨੀ ਕੁਮਾਰ ਬਿੱਟੂ, ਸਮੀਰ ਸ਼ਰਮਾ, ਰਾਜਨ ਡੋਗਰਾ, ਸਤੀਸ਼ ਕੁਮਾਰ ਸ਼ਰਮਾ, ਰਾਜ ਕੁਮਾਰ ਸ਼ਰਮਾ ਧਰਮਕੋਟ ਰੰਧਾਵਾ, ਬਾਬਾ ਹਰਜੀਤ ਸਿੰਘ ਪਾਂਡੀ, ਮੋਨੂੰ ਚੰਦੂ ਨੰਗਲ, ਮਾਤਾ ਮਾਇਆ ਦੇਵੀ, ਨੀਲਮ ਸ਼ਰਮਾ, ਹੈਪੀ ਹਾਂਡਾ, ਰਿੰਕੂ ਮਰਵਾਹਾ, ਪੰਡਤ ਸਤ ਪ੍ਰਕਾਸ਼ ਸ਼ਰਮਾ, ਮੂਲ ਰਾਜ ਭੱਟੀ, ਬੋਧ ਰਾਜ, ਚੇਤਨ ਕੁਮਾਰ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪਿੰਡਾਂ ਦੇ ਵਿਕਾਸ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਕੰਗ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-** ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਵੱਲੋਂ ਹਲਕੇ ਦੇ ਪਿੰਡ ਸੰਧੂਆਂ, ਬਹਿਡਾਲੀ, ਸਹੇੜੀ, ਕੋਟਲਾ, ਰਸੂਲਪੁਰ, ਅਤੇ ਭਗਵੰਤਪੁਰਾ ਵਿਖੇ ਨਵੇਂ ਓਪਨ ਤੇ ਇਨਡੋਰ ਜਿੰਮਾ ਤੇ ਇੱਥੇ ਪਹਿਲਵਾਨਾਂ ਦੇ ਅਖਾੜੇ ਦਾ ਉਦਘਾਟਨ ਕੀਤਾ। ਕੰਗ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਵਿੱਚ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮੰਤਵ ਤਹਿਤ ਇਹ ਓਪਨ ਜਿੰਮ ਸਥਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਓਪਨ ਜਿੰਮ ਨੌਜਵਾਨਾਂ ਤੋਂ ਇਲਾਵਾ ਬਜ਼ੁਰਗਾਂ, ਔਰਤਾਂ ਤੇ ਆਮ ਲੋਕਾਂ ਲਈ ਵੀ ਸਹਾਈ ਸਿੱਧ ਹੋਣਗੇ, ਜਿਸ ਨਾਲ ਲੋਕ ਸਿਹਤਮੰਦ ਅਤੇ ਸਰਗਰਮ ਜੀਵਨ ਵੱਲ ਮੋੜ ਲੈ ਸਕਣਗੇ।



ਉਨ੍ਹਾਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਤੰਦਰੁਸਤੀ ਹੀ ਸਭ ਤੋਂ ਵੱਡਾ ਧਨ ਹੈ ਅਤੇ ਸਰਕਾਰ ਇਸ ਧਨ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਓਪਨ ਜਿੰਮਾ ਰਾਹੀਂ ਨੌਜਵਾਨਾਂ ਨੂੰ ਰੋਜ਼ਾਨਾ ਕਸਰਤ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ, ਜਿਸ ਨਾਲ ਨਾ ਕੇਵਲ ਸਰੀਰਕ ਤੰਦਰੁਸਤੀ ਸਗੋਂ ਮਾਨਸਿਕ ਤੰਦਰੁਸਤੀ ਵੀ ਸੁਧਰੇਗੀ। ਉਨ੍ਹਾਂ ਦੱਸਿਆ ਕਿ ਪਿੰਡ ਬਹਿਡਾਲੀ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ, ਪਿੰਡ ਸਹੇੜੀ ਵਿਖੇ 2 ਲੱਖ, ਪਿੰਡ ਕੋਟਲਾ ਵਿਖੇ 3 ਲੱਖ ਅਤੇ ਪਿੰਡ ਰਸੂਲਪੁਰ ਵਿਖੇ 3 ਲੱਖ ਦੀ ਲਾਗਤ ਨਾਲ ਓਪਨ ਜਿੰਮ ਦਾ ਉਦਘਾਟਨ, 4 ਲੱਖ ਦੀ ਲਾਗਤ ਨਾਲ ਪਹਿਲਵਾਨਾਂ ਦੇ ਅਖਾੜੇ ਦਾ ਉਦਘਾਟਨ, ਪਿੰਡ ਸੰਧੂਆਂ ਵਿਖੇ 3 ਲੱਖ ਰੁਪਏ ਤੇ ਪਿੰਡ ਭਗਵੰਤਪੁਰਾ ਵਿਖੇ 3 ਲੱਖ ਰੁਪਏ ਦੀ ਲਾਗਤ ਨਾਲ ਇਨਡੋਰ ਜਿੰਮ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਬੀਰਦਵਿੰਦਰ ਸਿੰਘ, ਚੇਅਰਮੈਨ ਐੱਨ ਪੀ ਰਾਣਾ, ਚੇਅਰਮੈਨ ਸਕਿੰਦਰ ਸਿੰਘ ਸਹੇੜੀ, ਸਿਆਸੀ ਸਕੱਤਰ ਜਗਤਾਰ ਸਿੰਘ ਘੜੂੰਆ, ਕੌਂਸਲਰ ਭੁਪਿੰਦਰ ਸਿੰਘ ਭੂਰਾ, ਸਰਪੰਚ ਹਰਿੰਦਰ ਸਿੰਘ ਕਾਕਾ ਤੇ ਸਰਪੰਚ ਜਗਦੇਵ ਸਿੰਘ ਜੱਸੜਾਂ ਹਾਜ਼ਰ ਸਨ।

# ਜੀ ਰਾਮ ਜੀ ਕਾਨੂੰਨ ਵਿਰੁੱਧ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਰੈਲੀ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਕੇਂਦਰ ਸਰਕਾਰ ਦੇ ਲਿਆਂਦੇ ਜਾ ਰਹੇ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ, ਬਿਜਲੀ ਸੋਧ ਬਿਲ, ਕਿਰਤ ਕਾਨੂੰਨ ਵਿੱਚ ਕੀਤੀਆਂ ਸੋਧਾਂ, ਬੀਜ ਬਿੱਲ ਵਰਗੇ ਕਾਲੇ ਕਾਨੂੰਨਾਂ ਵਿਰੁੱਧ ਤਿੱਖੇ ਹੋ ਰਹੇ ਸੰਘਰਸ਼ਾਂ ਨੂੰ ਦਬਾਉਣ ਲਈ ਕਿਰਤੀ ਲੋਕਾਂ ਦੇ ਆਗੂ ਮੁਕੇਸ਼ ਮਲੌਦ ਨੂੰ ਜੇਲੀ ਡੱਕਣ ਦੇ ਵਿਰੋਧ ਵਿੱਚ ਵੱਖ-ਵੱਖ ਪਿੰਡਾਂ ਵਿੱਚ ਕੀਤੀਆਂ ਗਈਆਂ ਰੈਲੀਆਂ ਦੀ ਕੜੀ ਵਜੋਂ ਨਕੋਦਰ ਤਹਿਸੀਲ ਦੀ ਆਗੂ ਬਖਸ਼ੋ ਕਰਸ਼ੈਦਪੁਰ ਦੀ ਅਗਵਾਈ ਹੇਠ ਰੈਲੀ ਕੀਤੀ ਗਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਿਰਕਤ ਕੀਤੀ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਤੇ ਜ਼ਿਲ੍ਹਾ ਆਗੂ ਕਸ਼ਮੀਰ ਮੰਡਿਆਲਾ ਨੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਪਾਸੇ ਸਰਕਾਰ ਵਿਕਸਿਤ ਭਾਰਤ ਜੀਅ ਰਾਮ ਜੀ ਕਾਨੂੰਨ ਨੂੰ ਨਾ ਲਾਗੂ ਕਰਨ ਲਈ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਮਤਾ ਪਾਸ ਕਰ ਰਹੀ ਹੈ। ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ 14 ਫਰਵਰੀ ਨੂੰ ਜਾਰੀ ਪੱਤਰ ਰਾਹੀਂ ਨੀਤੀ ਆਯੋਗ ਦੇ ਵਿਕਾਸ ਨਿਗਰਾਨੀ ਅਤੇ ਮੁਲੰਕਣ ਲਈ ਮਨਰੇਗਾ ਸਬੰਧੀ ਕੀਤੇ ਜਾ ਰਹੇ ਜਨਵਰੀ ਤੇ ਫਰਵਰੀ ਦੇ ਸਰਵੇਖਣ ਦੌਰਿਆਂ ਵਿੱਚ ਪੰਜਾਬ ਦੇ 23 ਜ਼ਿਲ੍ਹਿਆਂ ਚੋਂ ਅੱਠ ਜਿਲ੍ਹਿਆਂ ਜਿਨਾਂ ਵਿੱਚ ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਮੋਗਾ, ਮਲੇਰਕੋਟਲਾ, ਸ਼ਹੀਦ ਭਗਤ ਸਿੰਘ ਨਗਰ ,ਸੰਗਰੂਰ ਨੂੰ ਹੀ ਕੇਵਲ ਸਰਵੇਖਣ ਲਈ ਚੁਣਿਆ ਗਿਆ ਹੈ। ਉਹਨਾਂ ਨੇ ਕਿਹਾ ਕਿ ਯੂਨੀਅਨ ਕੇਂਦਰ ਸਰਕਾਰ ਵੱਲੋਂ ਅਪ੍ਰੈਲ ਤੋਂ ਆਗੂ ਕੀਤੇ ਜਾ ਰਹੇ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ ਦੀ ਤਿਆਰੀ ਵਜੋਂ ਦੇਖਦੀ ਹੈ।ਇਸੇ ਲਈ ਕੇਂਦਰ ਦੇ ਇਸ ਪੱਤਰ ਵਿੱਚ ਮਨਰੇਗਾ ਦੇ ਮੁਲਾਂਕਣ ਚੋ ਗ੍ਰਾਮ ਰੁਜ਼ਗਾਰ ਸੇਵਕਾਂ ਨੂੰ ਬਾਹਰ ਕਰਨਾ ਮਨਰੇਗਾ ਮੁਲਾਜ਼ਮਾਂ ਲਈ ਰੋਜ਼ਗਾਰ ਲਈ ਖਤਰੇ ਦੀ ਘੰਟੀ ਹੈ।ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੇ ਬਹੁ ਗਿਣਤੀ ਜ਼ਿਲਿਆ ਦੇ ਮਨਰੇਗਾ ਮਜ਼ਦੂਰਾਂ ਨੂੰ ਇਸ ਸਰਵੇਖਣ ਚੋਂ ਬਾਹਰ ਰੱਖ ਕੇ ਪੰਜਾਬ ਦੇ ਕਿਰਤੀਆਂ ਨੂੰ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਲੋਕ ਵਿਰੋਧੀ ਕਾਨੂੰਨਾਂ ਦੀ ਵਿਰੋਧਤਾ ਕਰਨ ਦੀ ਸਜ਼ਾ ਦੇਣਾ ਚਾਹੁੰਦੀ ਹੈ। ਉਹਨਾਂ ਨੇ ਕੀਰਤੀ ਔਰਤਾਂ ਨੂੰ ਸੱਦਾ ਦਿੱਤਾ ਉਹ ਇਹਨਾਂ ਕਾਲੇ ਕਾਨੂੰਨਾਂ ਵਿਰੁੱਧ ਅਤੇ ਆਪਣੇ ਆਗੂ ਦੀ ਰਿਹਾਈ ਲਈ 27 ਜਨਵਰੀ ਨੂੰ ਸੰਗਰੂਰ ਪਹੁੰਚਣ।



# ਯੂਰੀਆ ਦੀ ਡਾਈਵਰਜ਼ਨ ਰੋਕਣ ਲਈ ਜ਼ਿਲ੍ਹਾ ਪੱਧਰੀ ਵਿਜੀਲੈਂਸ ਕਮੇਟੀ ਦੀ ਮੀਟਿੰਗ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)-** ਡਿਪਟੀ ਕਮਿਸ਼ਨਰ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਐੱਸ.ਏ.ਐੱਸ.ਨਗਰ ਦੀ ਪ੍ਰਧਾਨਗੀ ਹੇਠ ਭਾਰਤ ਸਰਕਾਰ ਦੇ ਖਾਦ ਮੰਤਰਾਲਾ ਵੱਲੋਂ ਖੇਤੀਬਾੜੀ ਗ੍ਰੇਡ ਯੂਰੀਆ ਦੀ ਡਾਈਵਰਜ਼ਨ ਨੂੰ ਰੋਕਣ ਲਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਗ੍ਰੇਡ ਯੂਰੀਆ ਦੀ ਡਾਈਵਰਜ਼ਨ ਨੂੰ ਰੋਕਣ ਲਈ ਡਿਪਟੀ ਕਮਿਸ਼ਨਰ ਐੱਸ ਏ ਐੱਸ ਨਗਰ ਵੱਲੋਂ ਜ਼ਿਲ੍ਹਾ ਪੱਧਰੀ ਵਿਜੀਲੈਂਸ ਕਮੇਟੀ ਗਠਿਤ ਕੀਤੀ ਗਈ ਹੈ ਜਿਸ ਵਿੱਚ ਜ਼ਿਲ੍ਹੇ ਦੇ ਸੀਨੀਅਰ ਸੁਪਰਡੈਂਟ ਆਫ ਪੁਲਿਸ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਮੁੱਖ ਖੇਤੀਬਾੜੀ ਅਫਸਰ, ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਸਹਾਇਕ ਕਮਿਸ਼ਨਰ (ਜੀ.ਐਸ.ਟੀ.) ਡਿਪਟੀ ਡਾਇਰੈਕਟਰ ਡੇਅਰੀ ਅਤੇ ਡਿਪਟੀ ਰਜਿਸਟਰ ਸਹਿਕਾਰੀ ਸਭਾਵਾਂ ਮੈਂਬਰ ਹਨ। ਇਸ ਗਠਿਤ ਕੀਤੀ ਗਈ ਟੀਮ ਵੱਲੋਂ ਉਦਯੋਗਿਕ ਯੂਨਿਟਾਂ ਖਾਸ ਕਰਕੇ ਪਲਾਈ ਵੁੱਡ/ਰੇਜ਼ਿਨ ਨਿਰਮਾਤਾ ਯੂਨਿਟਾਂ, ਹੋਲ ਸੇਲ ਡੀਲਰਾਂ ਅਤੇ ਰੀਟੇਲਰਾਂ ਦੀ ਚੈਕਿੰਗ ਕੀਤੀ ਜਾਵੇਗੀ। ਚੈਕਿੰਗ ਦੌਰਾਨ ਜੇਕਰ ਕਿਸੇ ਵੀ ਤਰ੍ਹਾਂ ਊਣਤਾਈ ਪਾਈ ਜਾਂਦੀ ਹੈ ਤਾਂ ਖਾਦ ਕੰਟਰੋਲ ਆਰਡਰ 1985, ਜ਼ਰੂਰੀ ਵਸਤਾਂ ਐਕਟ 1955 ਅਤੇ ਭਾਰਤ ਨਿਆਂ ਸਹਿਤਾ 2023 ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਬਲਾਕ ਪੱਧਰ ਤੇ ਵੀ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ। ਇਸ ਮੀਟਿੰਗ ਵਿੱਚ ਸ਼੍ਰੀ ਭੁਪਿੰਦਰ ਸਿੰਘ ਉਪ ਕਪਤਾਨ ਪੁਲਿਸ, ਸ਼੍ਰੀ ਗੁਰਬੀਰ ਸਿੰਘ ਢਿਲੋਂ, ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼੍ਰੀਮਤੀ ਦਪਿੰਦਰ ਕੌਰ, ਈ.ਟੀ.ਓ., ਡਾ. ਜਸਵਿੰਦਰ ਸਿੰਘ, ਖੇਤੀਬਾੜੀ ਵਿਕਾਸ ਅਫਸਰ ਅਤੇ ਸ਼੍ਰੀ ਕਰਨਵੀਰ ਸਿੰਘ ਡੇਅਰੀ ਇੰਸਪੈਕਟਰ ਨੇ ਭਾਗ ਲਿਆ।



# ਵਿਧਾਇਕ ਵੱਲੋਂ ਪੀਣ ਵਾਲੇ ਪਾਣੀ ਦੀ ਗੁਣਵੱਤਾ ਘਟਣ 'ਤੇ ਗੰਭੀਰ ਚਿੰਤਾ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)-** ਪੰਜਾਬ ਵਿਧਾਨ ਸਭਾ ਦੀ ਬੁੱਢਾ ਦਰਿਆ ਅਤੇ ਘੱਗਰ ਦਰਿਆ ਨਾਲ ਸੰਬੰਧਿਤ ਮਾਮਲਿਆਂ ਦੀ ਕਮੇਟੀ ਦੀ ਮੀਟਿੰਗ ਦੌਰਾਨ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਆਪਣੇ ਹਲਕੇ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਵਿੱਚ ਲਗਾਤਾਰ ਆ ਰਹੀ ਗਿਰਾਵਟ ਬਾਰੇ ਗੰਭੀਰ ਚਿੰਤਾ ਜਤਾਈ ਗਈ ਸੀ।ਉਕਤ ਮੁੱਦੇ ਨੂੰ ਧਿਆਨ ਵਿੱਚ ਰੱਖਦਿਆਂ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ ਨੋਡਲ ਅਫ਼ਸਰ ਤਹਿਸੀਲਦਾਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਥਾਪਰ ਲੈਬੋਰਟਰੀ ਦੇ ਅਧਿਕਾਰੀਆਂ ਵੱਲੋਂ ਪਿੰਡ ਬਾਕਰਪੁਰ ਤੋਂ ਪੀਣ ਵਾਲੇ ਪਾਣੀ ਦੇ ਨਮੂਨੇ ਇਕੱਠੇ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਵਿਧਾਇਕ ਰੰਧਾਵਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਾਣੀ ਦੀ ਗੁਣਵੱਤਾ ਦੀ ਜਾਂਚ ਪੂਰੀ ਪਾਰਦਰਸ਼ਤਾ ਨਾਲ ਕੀਤੀ ਜਾਵੇ ਤੇ ਜੇਕਰ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਜਾਂ ਪ੍ਰਦੂਸ਼ਣ ਸਾਹਮਣੇ ਆਉਂਦਾ ਹੈ ਤਾਂ ਤੁਰੰਤ ਠੋਸ ਕਾਰਵਾਈ ਯਕੀਨੀ ਬਣਾਈ ਜਾਵੇ, ਤਾਂ ਜੋ ਇਲਾਕੇ ਦੇ ਵਸਨੀਕਾਂ ਨੂੰ ਸਾਫ਼ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ ਉਪਲਬਧ ਕਰਵਾਇਆ ਜਾ ਸਕੇ।

# ਬਾਲ ਭਿਖਿਆ ਵਿੱਚ ਲੱਗੇ ਦੋ ਬੱਚਿਆਂ ਨੂੰ ਕੀਤਾ ਰੈਸਕਿਊ

**ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋਂ ਪ੍ਰਾਪਤ ਹਿਦਾਇਤਾਂ ਅਨੁਸਾਰ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਸਖ਼ਤਾਈ ਨਾਲ ਲਾਗੂ ਕਰਦੇ ਹੋਏ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਜਿਲਾ ਨਵਾਂ ਸ਼ਹਿਰ ਦੇ ਬਲੌਕ ਬਲਾਚੌਰ ਵਿੱਚ ਸਬ ਡਵੀਜ਼ਨਲ ਕਮੇਟੀ ਨਾਲ ਬੱਸ ਸਟੈਂਡ ਰੋਡ, ਭੱਦੀ ਰੋਡ, ਮੰਡਿਆਣੀ ਮੋੜ, ਬੁੱਲੇਵਾਲ ਮੋੜ, ਦਾਣਾ ਮੰਡੀ ਅਤੇ ਸਬਜ਼ੀ ਮੰਡੀ ਦੇ ਨਾਲ ਨਾਲ ਕੰਗਨਾ ਪੁੱਲ ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ। ਇਸ ਮੌਕੇ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋਂ ਦੱਸਿਆ ਗਿਆ ਕਿ ਬਲਾਚੌਰ ਵਿੱਚਚੈਕਿੰਗ ਟੀਮ ਨੂੰ ਦੋ ਬੱਚੇ (ਇਕ ਲੜਕਾ ਉਮਰ ਤਕਰੀਬਨ 6 ਸਾਲ ਅਤੇ ਇਕ ਲੜਕੀ ਉਮਰ ਤਕਰੀਬਨ 14 ਸਾਲ) ਨੂੰ ਰੈਸਕਿਊ ਕੀਤਾ ਗਿਆ ਜੋ ਕਿ ਆਪਣੀ ਮਾਂ ਨਾਲ ਭੀਖ ਮੰਗਦੇ ਤੇ ਗੁਬਾਰੇ ਵੇਚਦੀ ਵੀ ਪਾਏ ਗਏ। ਬੱਚਿਆ ਨੂੰ ਰੇਸਕਿਉ ਕਰ ਕੇ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤਾ ਗਿਆ। ਬੱਚਿਆ ਦੇ ਕਿਸੀ ਵੀ ਕਿਸਮ ਦੇ ਦਸਤਾਵੇਜ਼ ਨਾ ਪਾਏ ਜਾਣ ਤੇ ਫਿਲਹਾਲ ਬੱਚਿਆਂ ਨੂੰ ਸੁਰੱਖਿਅਤ ਸ਼ੈਲਟਰ ਦਿੱਤਾ ਗਿਆ ਹੈ ਅਤੇ ਸੋਸ਼ਲ ਇਨਵੈਸਟੀਗੇਸ਼ਨ ਉਪਰੰਤ ਅਗਲੇਰੀ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ। ਇਸ ਮੌਕੇ ਜਿਲਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਆਮ ਜਨਤਾ ਨੂੰ ਦਸਿਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਅਤੇ ਮਜ਼ਦੂਰੀ ਨਾ ਕਰਵਾਉਣ ਅਤੇ ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾ ਬਾਲ ਸੁਰੱਖਿਆ ਯੂਨਿਟ ਨੂੰ ਚਾਈਲਡ ਹੈਲਪਲਾਈਨ ਨੰਬਰ1098 ਤੇ ਸੂਚਿਤ ਕੀਤਾ ਜਾਵੇ ਤਾਂ ਜੋ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾ ਸਕੇ ਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਵੱਲੋਂ ਦੁਕਾਨਦਾਰਾਂ ਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਅਤੇ ਮਜ਼ਦੂਰੀ ਕਰਵਾਣਾ ਕਾਨੂੰਨੀ ਤੌਰ ਤੇ ਅਪਰਾਧ ਹੈ। ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਬੱਚਿਆਂ ਅਤੇ ਉਹਨਾਂ ਦੇ ਮਾਂ ਪਿਓ ਦੀ ਕਾਉਂਸਲਿੰਗ ਕੀਤੀ ਜਾਣੀ ਬਣਦੀ ਹੈ ਤਾਂ ਜੋ ਬੱਚਿਆਂ ਦੇ ਮਾਂ ਪਿਓ ਬੱਚਿਆਂ ਤੋ ਭੀਖ ਮੰਗਵਾਉਣ ਦੀ ਬਜਾਏ ਉਹਨਾਂ ਨੂੰ ਸਿੱਖਿਆ ਨਾਲ ਜੋੜਨ ਲਈ ਸਕੂਲ ਭੇਜਣ ਅਤੇ ਉਹਨਾਂ ਦੇ ਉੱਜਵਲ ਭਵਿੱਖ ਦੀ ਸਿਰਜਣਾ ਹੋ ਸਕੇ। ਕੰਚਨ ਅਰੋੜਾ ਵੱਲੋਂ ਕਿਹਾ ਗਿਆ ਕਿ ਬੱਚਿਆਂ ਤੋਂ ਭੀਖ ਮੰਗਵਾਉਣ ਵਾਲਿਆਂ ਤੇ ਜੁਵੇਨਾਈਲ ਜਸਟਿਸ ਐਕਟ ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਗੌਰਵ ਸ਼ਰਮਾ ਸੀ ਪੀ ਓ ਵੱਲੋਂ ਅਪੀਲ ਕੀਤੀ ਗਈ ਕਿ ਬੱਚਿਆਂ ਨਾਲ ਸੰਬੰਧਤ ਕਿਸੀ ਤਰ੍ਹਾ ਦੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 416 ਤੀਜੀ ਮੰਜ਼ਿਲ ਡੀਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਗੌਰਵ ਸ਼ਰਮਾ (ਸੀ ਪੀ ਓ),ਸੰਤੋਸ਼ ਡੀਈਓ, ਸੀ ਡੀ ਪੀ ਓ ਦਫਤਰ ਤੋ ਨੀਲਮ ਕੁਮਾਰੀ ਸੁਪਰਵਾਈਜ਼ਰ, ਸਿੱਖਿਆ ਵਿਭਾਗ ਤੋਂ ਪ੍ਰਿੰਸ ਕੁਮਾਰ ਈ ਟੀ ਟੀ ਟੀਚਰ, ਸਿਹਤ ਵਿਭਾਗ ਤੋ ਸਤੀਸ਼ ਕੁਮਾਰ, ਸਿੰਘ, ਪੁਲਿਸ ਵਿਭਾਗ ਤੋਂ ਕਰਮਜੀਤ ਕੌਰ ਮੌਜੂਦ ਸਨ।



# ਪ੍ਰਕਾਸ਼ ਪੁਰਬ ਤੇ ਨਗਰ ਕੀਰਤਨ 25 ਨੂੰ ਸਜਾਇਆ ਜਾਵੇਗਾ



**ਤਲਵਾੜਾ/ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸਥਾਨਕ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਸੈਕਟਰ-3 ਦੀ ਮੀਟਿੰਗ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਪ੍ਰਧਾਨ ਕਮਲ ਕਿਸ਼ੋਰ ਸੰਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਅਗਾਮੀ ਪਹਿਲੀ ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ 'ਤੇ ਕਰਵਾਏ ਜਾਣ ਵਾਲੇ ਸਮਾਗਮ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਸਭਾ ਦੇ ਸਕੱਤਰ ਵਿਜੈ ਪਾਲ ਸਿੰਘ ਨੇ ਦਸਿਆ ਪ੍ਰਕਾਸ਼ ਪੁਰਬ ਦੀ ਆਰੰਭਤਾ 19 ਤੋਂ 29 ਜਨਵਰੀ ਤੱਕ ਪ੍ਰਭਾਤ ਫੇਰੀਆਂ ਨਾਲ ਸ਼ੁਰੂ ਹੋਵੇਗੀ। 25 ਜਨਵਰੀ ਨੂੰ ਸ਼ਹਿਰ ਵਿਚ ਨਗਰ ਕੀਰਤਨ ਸਜਾਏ ਜਾਣਗੇ। ਉਪਰੰਤ 30 ਜਨਵਰੀ ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਸੈਕਟਰ-3 ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। ਜਿੰਨ੍ਹਾ ਦਾ ਭੋਗ ਪਹਿਲੀ ਫਰਵਰੀ ਨੂੰ ਪਾਇਆ ਜਾਵੇਗਾ। ਸਭਾ ਦੇ ਉਪ ਪ੍ਰਧਾਨ ਕਰਨੈਲ ਸਿੰਘ ਅਤੇ ਰਾਜਿੰਦਰ ਸਿੰਘ ਨੇ ਨਗਰ ਕੀਰਤਨ ਵਾਲੇ ਦਿਨ ਸ਼ੇਤਰ ਦੀਆਂ ਸਮੂਹ ਸੰਗਤਾਂ ਨੂੰ ਵਧ ਚੜ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਮੀਟਿੰਗ 'ਚ ਤਲਵਾੜਾ ਖ਼ੇਤਰ ਨਾਲ ਵੱਖ ਵੱਖ ਇਲਾਕਿਆਂ ਦੀ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾਵਾਂ ਦੇ ਨੁਮਾਇਦੇ ਸ਼ਾਮਲ ਹੋਏ। ਹੋਰਨਾਂ ਤੋਂ ਇਲਾਵਾ ਇਸ ਮੌਕੇ ਜਰਨੈਲ ਸਿੰਘ ਭਾਟੀਆ ਅਤੇ ਨਰਿੰਦਰ ਸਿੰਘ ਭੂਰਾ ਨੇ ਵੀ ਸੰਬੋਧਨ ਕੀਤਾ।

# ਸਾਲਾਨਾ ਮੇਲਾ ਤੇ ਭੰਡਾਰਾ ਧੂਮਧਾਮ ਨਾਲ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਮੁਸਾਪੁਰ ਰੋਡ ਡੀ ਏ ਵੀ ਸਕੂਲ ਦੀ ਬੈਕ ਸਾਈਡ ਬਾਪੂ ਕੁੰਭ ਦਾਸ ਨਗਰੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਸ਼ਾਲ ਮੇਲਾ ਤੇ ਭੰਡਾਰਾ ਧੂਮਧਾਮ ਦੇ ਨਾਲ ਕਰਵਾਇਆ ਗਿਆ। ਇਸ ਮੌਕੇ ਤੇ ਦਰਬਾਰ ਦੇ ਮੁੱਖ ਸੇਵਾਦਾਰ ਵਰੁਣ ਸੋਬਤੀ ਨੇ ਦੱਸਿਆ ਹੈ ਕਿ ਦਰਬਾਰ ਦੇ ਵਿੱਚ ਮਹਿੰਦੀ ਦੀ ਰਸਮ ਅਦਾ ਕੀਤੀ ਤੇ ਰਾਤ ਨੂੰ ਮਹਿਫਿਲ ਕਵਾਲੀ ਦਾ ਆਗਾਜ਼ ਕੀਤਾ ਗਿਆ ਉਸ ਤੋਂ ਬਾਅਦ ਮਹੰਤਾ ਵਲੋ ਦਰਬਾਰ ਵਿੱਚ ਗਿੱਧਾ ਪਾਇਆ ਗਿਆ ਅਤੇ ਦਰਬਾਰ 'ਚ ਧੂਣਾ ਵੀ ਚੇਤਨ ਕੀਤਾ ਗਿਆ। ਇਸੇ ਤਰ੍ਹਾਂ ਮੇਲੇ ਦੇ ਦੂਜੇ ਦਿਨ ਸਵੇਰੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਗਈ ਕਲਾਕਾਰ ਗਾਇਕ ਮਹੇਸ਼ ਸਾਜਨ ਵਲੋ ਗਣੇਸ਼ ਵੰਦਨਾ ਕਰ ਸੂਫੀ ਗੀਤ ਪੇਸ਼ ਕੀਤੇ। ਨਜੀਮਾ ਖਾਨ, ਗਿੱਲ ਸੀਸਟਰ, ਸਮੀਰ ਮਾਹੀ, ਪ੍ਰਵੇਜ ਆਲਮ,ਬੰਟੀ ਕਵਾਲ, ਰਾਜਨ ਅਲੀ, ਮਨੀ ਗਿੱਲ। ਇਹਨਾ ਤੋ ਇਲਾਵਾ ਦਰਬਾਰ ਵਿੱਚ ਆਸ਼ੀਰਵਾਦ ਲੈਣ ਲਈ ਫਿਲਮੀ ਅਦਾਕਾਰ ਨਿਸ਼ਾ ਬਾਨੋ ਵੀ ਹਾਜਰ ਹੋਏ ਜਿਹਨਾ ਨੇ ਲੱਗੀਆ ਰੋਣਕਾ ਜੀ ਬਾਪੂ ਕੁੰਭ ਦਾਸ ਦੇ ਵੇੜੇ, ਕੀ, ਕੀ ਸਿਫਤ ਸੁਣਾਵਾ ਮੈ ਬਾਪੂ ਕੁੰਭ ਦਾਸ ਦੀ, ਨੋਕਰ ਰੱਖ ਲੋ ਦਰ ਦਾ, ਖੁਸ਼ੀਆਂ ਨੇ ਵੇੜੇ, ਮੇਰੀ ਨਾ ਕੋਈ ਔਕਾਤ ਸੀ ਬਾਪੂ ਦੀ ਕ੍ਰਿਪਾ ਹੋਗੀ ਗਾਕੇ ਸੰਗਤਾਂ ਨੂੰ ਮਸਤੀ ਚ ਝੂਮਣ ਲਗਾ ਦਿੱਤਾ। ਇਸੇ ਤਰਾਂ ਜੱਸਾ ਫਤਿਹਪੂਰੀਆ ਵਲੋ ਗੱਦੀ ਵਾਲੀਆ ਬਜੁਰਗਾ ਵੇ ਆਜਾ ਮਾਰ ਗੱਦੀ ਤੇ ਗੇੜਾ, ਸਾਡਾ ਕੀ ਏ ਫੱਕਰਾ ਦਾ, ਦੋ ਫੱਕਰ ਸੁਣੀਦੇ ਜੀ, ਆਦਿ ਗਾਕੇ ਦਰਬਾਰ ਚ ਹਾਜਰੀ ਭਰੀ ਤੇ। ਇਸ ਮੇਲੇ ਦੀ ਸਟੇਜ ਦੀ ਭੂਮਿਕਾ ਕੁਲਰਾਜ ਮੁਹੰਮਦ ਰਾਜੀ ਵਲੋ ਆਏ ਸੰਤ ਫੱਕੀਰਾ ਦਾ ਧੰਨਵਾਦ ਕੀਤਾ। ਇਸ ਮੇਲੇ ਵਿੱਚ ਸੰਗਤਾ ਨੂੰ ਆਸ਼ਿਰਵਾਦ ਦੇਣ ਲਈ ਸੰਤ ਫਕੀਰਾ ਨੇ ਸ਼ਿਰਕਤ ਕੀਤੀ। ਜਿਹਨਾ ਵਿਚ ਬਾਬਾ ਮਨਜੀਤ ਸਾਬਰੀ, ਬਾਬਾ ਰਾਜੂ, ਬਾਬਾ ਸਾਧੂ ਸ਼ਾਹ, ਪੰਜ ਪੀਰ ਤੋਂ ਬਾਬਾ ਮਹਿਤਾਬ ਕਾਦਰੀ, ਬਾਬਾ ਕੱਕੂ ਭਗਤ, ਬਲਵਿੰਦਰ ਲੱਡੂ, ਗੱਗੂ ਬਾਬਾ, ਵਿਜੈ ਸਾਈ, ਲਖਵੀਰ ਸ਼ਾਹ, ਬਲਦੇਵ ਸ਼ਾਹ, ਸਤਪਾਲ ਬਾਬਾ, ਪ੍ਰੋਸ਼ਤਮ ਦਾਸ, ਬੋਬੀ, ਰੀਨਾ, ਬੀਬੀ ਬਲਜੀਤ ਕੋਰ ਕਾਦਰੀ, ਬਾਬਾ ਵਿਨੋਦ, ਬਾਬਾ ਜਸਵੀਰ ਸਬਰੀ, ਕਸ਼ਮੀਰ ਸ਼ਾਹ, ਦੀਪਾ ਸ਼ਾਹ, ਸਾਹਿਲ ਲੁਧਿਆਣਾ, ਦਰਵੇਸ਼ ਕਾਲੂ ਸ਼ਾਹ, ਨਰਿੰਦਰ ਰਾਠੋਰ, ਮਹਿੰਦਰ ਸਾਈ, ਸਾਈ ਪੱਪਲ ਸ਼ਾਹ, ਬਾਬਾ ਸੁਰਜੀਤ, ਸਾਭੀ ਕਲੰਦਰ, ਆਦਿ ਹਾਜ਼ਰ ਸਨ।



# ਦਲਵਿੰਦਰ ਦਿਆਲਪੁਰੀ ਦਾ ਨਵਾਂ ਟਰੈਕ 'ਬੁੱਲਟ' ਰਿਲੀਜ਼



**ਕਰਤਾਰਪੁਰ (ਹਰਮੇਸ਼ ਦੱਤ)-** ਲੋਕ ਗਾਇਕ ਮੇਲਿਆਂ ਦੇ ਬਾਦਸ਼ਾਹ ਨ੍ਹੇਰੀਆਂ ਫੇਮ ਦਲਵਿੰਦਰ ਦਿਆਲਪੁਰੀ ਦਾ ਲੰਬੇ ਅਰਸੇ ਤੋ ਬਾਅਦ ਰੋਮਾਂਟਿਕ ਗੀਤ ਬੁੱਲੇਟ ਅੱਜ ਇਥੇ ਵੱਖ ਵੱਖ ਮਾਇਆਨਾਜ ਹਸਤੀਆਂ ਵੱਲੋਂ ਸਥਾਨਕ ਹੋਟਲ ਵਿਖੇ ਰਿਲੀਜ਼ ਕੀਤਾ ਗਿਆ।ਜਿਸ ਵਿੱਚ ਲੋਕ ਗਾਇਕ ਦਲਵਿੰਦਰ ਦਿਆਲਪੁਰੀ, ਇੰਡੀਅਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਕਰਮਪਾਲ ਸਿੰਘ ਢਿੱਲੋਂ, ਰਾਜ ਕੁਮਾਰ ਰਾਜੂ ਸਾਬਕਾ ਮਾਰਕੀਟ ਕਮੇਟੀ ਜਲੰਧਰ ਦੇ ਪ੍ਰਧਾਨ, ਗਾਇਕ ਤਜਿੰਦਰ ਤਾਜ਼, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਲੰਧਰ ਰਵੀ ਦਾਰਾ, ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ, ਟਰਾਂਟੋ ਮਿਊਜ਼ਕ ਕੰਪਨੀ ਦੇ ਮਾਲਕ ਮਨਜੀਤ ਸਿੰਘ ਸੰਘਵਾਲ, ਸੂਬਾ ਉਦੇਸੀਆ ਗੁਰਬਖਸ਼ ਸਿੰਘ ਬਲਾਕ ਜੰਗਲਾਤ ਅਫ਼ਸਰ, ਜਸਪਾਲ ਸਿੰਘ ਮੈਂਬਰ ਪੁਲਸ ਸਾਂਝ ਕਮੇਟੀ ਕਰਤਾਰਪੁਰ, ਗਾਇਕ ਸਿਤਾਸੂ ਜੋਸ਼ੀ, ਵਿੱਕੀ ਕਰਤਾਰਪੁਰੀ, ਸੁਰਿੰਦਰ ਭੱਟੀ, ਸਤਵਿੰਦਰ ਸਿੰਘ ਸੈਣੀ ਤੋਂ ਇਲਾਵਾ ਪ੍ਰੈਸ ਮੀਡੀਆ ਹਾਜ਼ਰ ਸਨ। ਇਸ ਮੌਕੇ ਗਾਇਕ ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਬੁੱਲੇਟ ਟਰੈਕ ਦਾ ਮਿਊਜ਼ਿਕ ਹੈਰੀ ਬੀ ਬਟਾਲਾ, ਗੀਤਕਾਰ ਤੇਜਿੰਦਰ ਕਲਾ, ਵੀਡਿਉ ਦ ਵਾਈਡ ਪ੍ਰੋਡਕਸ਼ਨ ਜਗਰਾਵਾਂ, ਮਾਡਲ ਕਮਲਜੀਤ ਹੁਸ਼ਿਆਰਪੁਰ ਅਦਾਕਾਰਾ ਸਿਮਰਨਜੀਤ ਕੌਰ ਚੰਡੀਗੜ੍ਹ ਹਨ।ਇਹ ਟਰੈਕ ਸੋਸ਼ਲ ਸਾਈਟਾਂ ਯੂ ਟਿਊਬ ਤੇ ਵਰਲਡ ਵਾਈਡ ਰਿਲੀਜ਼ ਕੀਤਾ ਗਿਆ ਹੈ ਅਤੇ ਇਸ ਨੂੰ ਹਰ ਵਰਗ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਵਿਰੋਧੀ ਪਾਰਟੀਆਂ ਨੂੰ ਛੱਡ ਕੇ ਕਈ ਪਰਵਾਰ 'ਆਪ' 'ਚ ਸ਼ਾਮਲ

**ਮੋਹਾਲੀ, (ਗੁਰਜੀਤ ਬਿੱਲਾ)**

ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਵਾਰਡਾਂ ਵਿੱਚੋਂ ਆਏ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਉਹਨਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਆਮ ਆਦਮੀ ਪਾਰਟੀ ਦੇ ਵਿੱਚ ਉਹਨਾਂ ਦਾ ਮਾਣ ਸਤਿਕਾਰ ਹਰ ਹੀਲੇ ਬਰਕਰਾਰ ਰੱਖਿਆ ਜਾਵੇਗਾ। ਆਮ ਆਦਮੀ ਪਾਰਟੀ ਦੇ ਸੈਕਟਰ-79 ਸਥਿਤ ਦਫਤਰ ਵਿਖੇ ਸ੍ਰੀਮਤੀ ਸ਼ਰਨਜੀਤ, ਬਲਾਕ ਪ੍ਰਧਾਨ ਤੇ ਕੁਲਦੀਪ ਕੌਰ ਦੀ ਅਗਵਾਈ ਵਿੱਚ ਕਾਂਗਰਸ ਅਤੇ ਹੋਰ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਨਵੇਂ ਮੈਂਬਰਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਦੀਆਂ ਲਾਰੇ-ਲੱਪੇ ਵਾਲੀ ਰਾਜਨੀਤੀ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਇਮਾਨਦਾਰ ਕੰਮਾਂ 'ਤੇ ਮੋਹਰ ਲਗਾ ਰਹੇ ਹਨ। ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਅਰਜਨ ਸਿੰਘ ਸ਼ੇਰ ਗਿੱਲ, ਪਰਮਜੀਤ ਸਿੰਘ ਮਾਵੀ, ਦੀਪਵਿੰਦਰ ਸਿੰਘ, ਸੁਖਬੀਰ ਸਿੰਘ, ਰਵੀ ਟਿਵਾਣਾ, ਹਰਵਿੰਦਰ ਸਿੰਘ, ਸੁਖਦੇਵ ਰਹਿਲ, ਜੀਤਪਾਲ ਸਿੰਘ, ਹਰਮੇਸ਼, ਜਗਜੀਤ ਕੌਰ, ਜਗਤਾਰ ਸਿੰਘ, ਪਰਮਜੀਤ ਕੌਰ, ਰਾਜ ਅਰੋੜਾ, ਸਰਬਜੀਤ ਸਿੰਘ, ਤਰਨਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਰਵੀ, ਅਤਿੰਦਰ ਪਾਲ ਸਿੰਘ ਸਨ।



# ਸਾਲਾਨਾ ਭੰਡਾਰਾ ਕਰਵਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਸਿੱਧ ਯੋਗੀ ਬਾਬਾ ਬਾਲਕ ਨਾਥ ਮੰਦਿਰ ਪਿੰਡ ਲਲਵਾਣ ਵਿਖੇ ਸਾਲਾਨਾ ਭੰਡਾਰਾ ਇਸ ਅਸਥਾਨ ਦੇ ਮੁੱਖ ਸੰਚਾਲਕ ਭਗਤ ਸੋਢੀ ਰਾਮ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਤੇ ਡਾਕਟਰ ਪ੍ਰਭ ਹੀਰ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਡਾਕਟਰੀ ਟੀਮ ਵਿੱਚ ਸ਼ਾਮਿਲ ਹਰਜਿੰਦਰ ਕੁਮਾਰੀ, ਨਵਜੋਤ ਕੌਰ, ਭੁਪਿੰਦਰ ਕੁਮਾਰ, ਅਤੇ ਕਿਸ਼ਨ ਚੰਦ ਨੇ ਮਰੀਜ਼ਾਂ ਦਾ ਚੈਕ ਅੱਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਢਿੱਲੋਂ ਕਲੀਨੀਕਲ ਲਬੋਰਟਰੀ ਮਾਹਿਲਪੁਰ ਵੱਲੋਂ ਡਾਕਟਰ ਮੱਖਣ ਸਿੰਘ ਢਿੱਲੋਂ, ਡਾਕਟਰ ਨਰਿੰਦਰ ਸਿੰਘ ਅਤੇ ਸੰਯੋਤ ਦੀ ਸਮੁੱਚੀ ਟੀਮ ਵੱਲੋਂ ਮਰੀਜ਼ਾਂ ਦਾ ਫਰੀ ਸ਼ੂਗਰ ਟੈਸਟ ਕੀਤਾ ਗਿਆ। ਇਸ ਮੌਕੇ ਇੱਕ ਖੂਨਦਾਨ ਕੈਂਪ ਵੀ ਲਗਾਇਆ ਗਿਆ। ਜਿਸ ਵਿੱਚ ਜਲੰਧਰ ਤੋਂ ਸਤਿੰਦਰ ਸਿੰਘ, ਵਿਕਾਸ ਕਪੂਰ, ਰਾਜਾ ਬਿਕਰਮ ਸਿੰਘ ਅਤੇ ਕ੍ਰਿਸਟ ਆਫਰ ਸ਼ਾਮਿਲ ਹੋਏ।ਇਸ ਅਸਥਾਨ ਦੇ ਗੱਦੀ ਨਸ਼ੀਨ ਸੰਤ ਸਾਂਈ ਸੋਢੀ ਸ਼ਾਹ, ਰਿੰਕੂ ਬਾਬਾ, ਕਿਸ਼ੋਰ ਕੁਮਾਰ, ਯਸ਼, ਸਾਂਈ ਪ੍ਰੇਮ ਦਾਸ, ਸਾਂਈ ਚਰਨਜੀਤ, ਜੈ ਭਗਵਾਨ, ਜਤਿੰਦਰ ਭਾਜੀ, ਅਮਰਜੀਤ ਭਾਜੀ, ਆਰ ਜੋਗੀ ਆਦਿ ਸ਼ਾਮਿਲ ਸਨ।

# ਸੀਤ ਲਹਿਰ ਤੇ ਸੰਘਣੀ ਧੁੰਦ ਦੌਰਾਨ ਸਾਵਧਾਨੀ ਵਰਤੀ ਜਾਵੇ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-** ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਠੰਢ ਦੇ ਮੌਸਮ ਦੌਰਾਨ ਪੂਰੀ ਅਹਿਤਿਆਤ ਵਰਤਣ, ਤਾਂ ਜੋ ਕਿਸੇ ਵੀ ਅਣਸੁਖਾਵੀਂ ਹਾਲਤ ਤੋਂ ਬਚਿਆ ਜਾ ਸਕੇ। ਸੀਤ ਲਹਿਰ ਤੋਂ ਬਚਾਅ ਲਈ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਸ ਮੌਸਮ ਵਿੱਚ ਲੋਕ ਖਾਸਕਰ ਬਜ਼ੁਰਗਾਂ, ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੇ ਨਾਲ-ਨਾਲ ਪਸ਼ੂਆਂ, ਫ਼ਸਲਾਂ ਅਤੇ ਹੋਰ ਵਸਤੂਆਂ ਦੀ ਸੰਭਾਲ ਨੂੰ ਤਰਜ਼ੀਹ ਦੇਣ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵੇਲੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਹੀਂ ਵਰਤਣੀ ਚਾਹੀਦੀ ਤੇ ਆਪਣੇ ਘਰਾਂ ਆਦਿ ਵਿਚ ਵੀ ਠੰਢੀਆਂ ਹਵਾਵਾਂ ਤੋਂ ਬਚਾਅ ਲਈ ਪੂਰੀ ਸਾਵਧਾਨੀ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਠੰਢ ਕਾਰਨ ਕੋਈ ਸਰੀਰਕ ਸਮੱਸਿਆ ਪੇਸ਼ ਆਉਂਦੀ ਹੈ ਤਾਂ ਫੌਰੀ ਡਾਕਟਰ ਦੀ ਸਲਾਹ ਲਈ ਜਾਵੇ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਧੁੰਦ ਦੌਰਾਨ ਵਾਹਨਾਂ ਦੀ ਰਫ਼ਤਾਰ ਮੱਠੀ ਰੱਖਣ ਦੇ ਨਾਲ-ਨਾਲ ਗੱਡੀਆਂ ਦੀਆਂ ਲਾਈਟਾਂ ਅਤੇ ਇਸ਼ਾਰੇ ਪੂਰੀ ਤਰ੍ਹਾਂ ਕੰਮ ਕਰਦੇ ਰੱਖੇ ਜਾਣ, ਤਾਂ ਜੋ ਕਿਸੇ ਵੀ ਅਣਹੋਣੀ ਘਟਨਾ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਅਤੇ ਓਵਰਟੇਕਿੰਗ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਦਿਆਂ ਹਮੇਸ਼ਾ ਸੁਰੱਖਿਅਤ ਡਰਾਈਵਿੰਗ ਵੱਲ ਧਿਆਨ ਦੇਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਸ਼ੂਆਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਬੰਨ੍ਹਣ ਵਾਲੀ ਥਾਂ 'ਤੇ ਠੰਢ ਦੀ ਰੋਕਥਾਮ ਲਈ ਢੁੱਕਵੇਂ ਇੰਤਜ਼ਾਮ ਰੱਖੇ ਜਾਣ।



## ਬੁਨਿਆਦੀ ਢਾਂਚਾ ਪ੍ਰੋਜੈਕਟ 'ਚ ਡਰੇਨੇਜ ਪਲਾਨਿੰਗ ਜ਼ਰੂਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਅਨੁਸਾਰ ਕੁਆਲਿਟੀ ਏਸ਼ੋਰੇਂਸ ਅਥਾਰਿਟੀ (ਕਿਊ ਏ ਏ)- ਹਰਿਆਣਾ ਰਾਜਭਰ ਵਿੱਚ ਇੰਜੀਨੀਅਰਿੰਗ ਬੁਨਿਆਦੀ ਢਾਂਚਾ ਯੋਜਨਾਵਾਂ ਵਿੱਚ ਗੁਣਵੱਤਾ, ਪਾਰਦਰਸ਼ਿਤਾ ਅਤੇ ਜਵਾਬਦੇਹੀ ਨੂੰ ਮਜਬੂਤ ਕਰਨ ਦੇ ਵਿਆਪਕ ਜ਼ਿੰਮੇਵਾਰੀ ਦੇ ਨਾਲ ਕੰਮ ਕਰ ਰਹੀ ਹੈ।ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਕੁਆਲਿਟੀ ਏਸ਼ੋਰੇਂਸ ਅਥਾਰਿਟੀ ਦੇ ਚੇਅਰਮੈਨ ਸ੍ਰੀ ਰਾਜੀਵ ਅਰੋੜਾ (ਸੇਵਾਮੁਕਤ ਆਈ ਏ ਐਸ) ਨੇ ਦਸਿਆ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਦੇ ਅਨੁਰੂਪ, ਕਿਊ ਏ ਏ ਨੇ ਵੱਖ-ਵੱਖ ਵਿਭਾਗਾਂ ਦੀ ਪ੍ਰਮੁੱਖ ਢਾਂਚਾ ਪ੍ਰੋਜੈਕਟਾਂ ਦਾ ਦੋ ਪੜਾਆਂ ਵਿੱਚ ਵਿਸਤਾਰ ਤਕਨੀਕੀ ਆਡਿਟ ਕੀਤਾ ਹੈ, ਜਿਸ ਵਿੱਚ 25 ਵੱਡੇ ਪ੍ਰੋਜੈਕਟ ਸ਼ਾਮਿਲ ਹਨ।

## ਕੌਮੀ ਵੋਟਰ ਦਿਵਸ ਸੰਬੰਧੀ ਤਿਆਰੀਆਂ ਦੀ ਸਮੀਖਿਆ

**ਮੋਹਾਲੀ, (ਗੁਰਜੀਤ ਬਿੱਲਾ)-** ਕੌਮੀ ਵੋਟਰ ਦਿਵਸ ਮੌਕੇ 25 ਜਨਵਰੀ ਨੂੰ ਐਮਿਟੀ ਯੂਨੀਵਰਸਿਟੀ, ਸੈਕਟਰ-82, ਮੋਹਾਲੀ ਵਿਖੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਦੀ ਸਮੀਖਿਆ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਕੀਤੀ ਗਈ।ਸਮੀਖਿਆ ਦੌਰਾਨ ਏ.ਡੀ.ਸੀ. ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਲਈ ਇਹ ਮਾਣ ਦੀ ਗੱਲ ਹੈ ਕਿ ਕੌਮੀ ਵੋਟਰ ਦਿਵਸ ਦਾ ਰਾਜ ਪੱਧਰੀ ਸਮਾਗਮ ਐਸ.ਏ.ਐਸ. ਨਗਰ ਜ਼ਿਲ੍ਹੇ ਵਿੱਚ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਮਾਗਮ ਨੂੰ ਸੁਚੱਜੇ ਅਤੇ ਬੇਹਤਰੀਨ ਢੰਗ ਨਾਲ ਆਯੋਜਿਤ ਕਰਨ ਲਈ ਹਰ ਪੱਧਰ 'ਤੇ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਸਰਕਾਰ ਨੇ ਜ਼ਮੀਨ ਦੀ ਨਿਸ਼ਾਨਦੇਹੀ ਦਾ ਮਸਲਾ ਜਲਦ ਹੱਲ ਕਰਵਾਉਣ ਦਾ ਦਿਵਾਇਆ ਭਰੋਸਾ : ਗੜ੍ਹੀ

**ਜਲੰਧਰ (ਸੁਰਿੰਦਰ ਕੁਮਾਰ)**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸੰਤ ਸਮਾਜ ਨੂੰ ਪਿੰਡ ਮਹਿੰਦਪੁਰ, ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਵਿਖੇ 36 ਏਕੜ ਜ਼ਮੀਨ ਦੀ ਨਿਸ਼ਾਨਦੇਹੀ ਦਾ ਮਸਲਾ ਜਲਦ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ।ਸੰਤ ਸਮਾਜ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਉਕਤ ਜ਼ਮੀਨ ਦੀ ਨਿਸ਼ਾਨਦੇਹੀ ਦੇ ਮਸਲੇ ਨੂੰ ਹੱਲ ਕਰਵਾਉਣ ਦੀ ਅਪੀਲ ਕੀਤੀ ਗਈ ਸੀ।ਜਿਸ 'ਤੇ ਸ਼੍ਰੀ ਗੜ੍ਹੀ ਇਥੇ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਜੀ, ਬਾਬੇ ਜੋੜੇ, ਰਾਏਪੁਰ ਰਸੂਲਪੁਰ ਵਿਖੇ ਪਹੁੰਚੇ ਸਨ, ਜਿਥੇ ਉਨ੍ਹਾਂ ਨਤਮਸਤਕ ਹੋਣ ਉਪਰੰਤ ਸੰਤ ਸਮਾਜ ਦੀ ਗੱਲ ਨੂੰ ਬੜੇ ਗਹੁ ਨਾਲ ਸੁਣਿਆ ਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਮਸਲਾ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਅਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਪ੍ਰਕਿਰਿਆ ਵਿੱਚ ਸ਼ਾਮਲ ਕਰਕੇ ਜ਼ਮੀਨ ਦੀ ਨਿਸ਼ਾਨਦੇਹੀ ਸਬੰਧੀ ਸਾਰੀ ਕਾਰਵਾਈ ਜਲਦ ਤੋਂ ਜਲਦ ਪੂਰੀ ਕਰਵਾਈ ਜਾਵੇਗੀ। ਇਸ ਤੋਂ ਪਹਿਲਾਂ ਸ਼੍ਰੀ ਗੜ੍ਹੀ ਨੇ ਸੰਤ ਬਾਬਾ ਨਿਰਮਲ ਦਾਸ ਜੀ ਤੋਂ ਆਸ਼ੀਰਵਾਦ ਲਿਆ। ਉਨ੍ਹਾਂ ਰਵਿਦਾਸ ਭਾਈਚਾਰੇ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਇਕਜੁੱਟ ਹੋਣ ਦਾ ਸੱਦਾ ਦਿੱਤਾ ਤਾਂ ਜੋ ਗੁਰੂ ਜੀ ਦੀਆਂ ਸਿੱਖਿਆਵਾਂ ਦਾ ਦੁਨੀਆ ਦੇ ਹਰ ਕੋਨੇ ਤੱਕ ਪ੍ਰਚਾਰ ਪਸਾਰ ਕੀਤਾ ਜਾ ਸਕੇ।ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਚੇਅਰਮੈਨ ਸੰਤ ਬਾਬਾ ਸਰਵਣ ਦਾਸ ਜੀ ਬੋਹਣ, ਜਨਰਲ ਸਕੱਤਰ ਸੰਤ ਬਾਬਾ ਇੰਦਰਦਾਸ, ਸੰਤ ਬਾਬਾ ਪਰਮਜੀਤ ਦਾਸ ਨਗਰ ਖ਼ਜ਼ਾਨਚੀ, ਸੰਤ ਪ੍ਰਸ਼ੋਤਮ ਦਾਸ, ਸੰਤ ਜਗੀਰ ਸਿੰਘ, ਸੰਤ ਧਰਮਪਾਲ, ਸੰਤ ਸਰਵਣ ਦਾਸ ਸਲੇਮ ਟਾਬਰੀ, ਸੰਤ ਬਾਬਾ ਰਮੇਸ਼ ਦਾਸ, ਸੰਤ ਬਾਬਾ ਰਾਮ ਸੇਵਕ, ਸੰਤ ਬਾਬਾ ਬਲਕਾਰ ਸਿੰਘ, ਸੰਤ ਬਾਬਾ ਕੁਲਦੀਪ ਸਿੰਘ, ਸੰਤ ਬਾਬਾ ਮਨਜੀਤ ਸਿੰਘ, ਸੰਤ ਬਾਬਾ ਮਨਹੋਰ ਦਾਸ, ਸੰਤ ਸੰਸਾਰ ਦਾਸ, ਭੈਣ ਸੰਤੋਸ਼ ਕੁਮਾਰੀ, ਸੰਤ ਸਤਵਿੰਦਰ ਸਿੰਘ ਹੀਰਾ ਪ੍ਰਧਾਨ ਆਦਿ ਧਰਮ ਮਿਸ਼ਨ ਸਮੇਤ ਸਾਧੂ ਸੰਪਰਦਾਇ ਦੇ ਸਮੂਹ ਮੈਂਬਰ ਸਹਿਬਾਨ, ਸਰਪੰਚ ਵਿਜੇ ਨੰਗਲ, ਜਥੇਦਾਰ ਸੰਤ ਮਾਨ ਸਿੰਘ, ਜਥੇਦਾਰ ਜਗਮੋਹਨ ਸਿੰਘ, ਗੁਰਲਾਲ ਸੈਲਾ ਆਦਿ ਵੀ ਮੌਜੂਦ ਸਨ।

# ਜੇ ਈ ਦੀ ਮੁਅੱਤਲੀ ਨੂੰ ਲੈ ਕੇ ਸਾਂਝੀ ਤਾਲਮੇਲ ਕਮੇਟੀ ਵੱਲੋਂ ਧਰਨਾ

**ਮੋਹਾਲੀ (ਗੁਰਜੀਤ ਬਿੱਲਾ)-** ਇੰਜੀ. ਪਰਮਿੰਦਰ ਸਿੰਘ ਜੇ.ਈ. ਦੀ ਨਜ਼ਾਇਜ਼ ਮੁਅੱਤਲੀ ਨੂੰ ਲੈ ਕੇ ਸਾਂਝੀ ਤਾਲਮੇਲ ਕਮੇਟੀ ਸਰਕਲ ਮੁਹਾਲੀ ਵੱਲੋਂ ਧਰਨਾ ਦਿੱਤਾ ਗਿਆ। ਇਸ ਧਰਨੇ ਵਿੱਚ ਵਿੱਚ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਏਟਕ), ਟੈਕਨੀਕਲ ਸਰਵਿਸ ਯੂਨੀਅਨ (ਭੰਗਲ), ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਪੈਨਸ਼ਨਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਵੱਲੋਂ ਹਿੱਸਾ ਲਿਆ ਗਿਆ। ਇਸ ਧਰਨੇ ਵਿੱਚ ਹਰਵਿੰਦਰ ਸਿੰਘ ਗਿੱਲ ਕਨਵਿਨਰ ਸਾਂਝੀ ਤਾਲਮੇਲ ਕਮੇਟੀ ਵੰਡ ਸਰਕਲ ਮੁਹਾਲੀ ਨੇ ਬੋਲਦਿਆਂ ਇਹ ਜਾਣਕਾਰੀ ਦਿੱਤੀ ਕਿ ਇਨਫੋਰਮੈਂਟ ਮੁਹਾਲੀ ਵੱਲੋਂ ਚੈਕਿੰਗ ਦੌਰਾਨ ਮੈਸ. ਅਲਕਨੰਦਾ ਇੰਟਰਪ੍ਰਾਈਜ਼ ਪ੍ਰਾਈਵੇਟ ਲਿਮਟਡ ਸਾਇਡ ਦੀ ਚੈਕਿੰਗ ਕੀਤੀ ਗਈ। ਇਸ ਫਰਮ ਵੱਲੋਂ ਡਾਇਰੈਕਟ ਸਪਲਾਈ ਲਾ ਕੇ ਚੋਰੀ ਕੀਤੀ ਜਾ ਰਹੀ ਸੀ। ਜਿਸ ਦਾ ਕੇਸ ਬਣਾ ਕੇ ਜ਼ੁਰਮਾਨਾ ਲਗਭਗ 90 ਲੱਖ ਪਾਇਆ ਗਿਆ ਜਿਸ ਦੀ ਅਦਾਇਗੀ ਅਜੇ ਤੱਕ ਮੈਸ. ਅਲਕਨੰਦਾ ਇੰਟਰਪ੍ਰਾਈਜ਼ ਪ੍ਰਾਈਵੇਟ ਲਿਮਟਡ ਵੱਲੋਂ ਨਹੀਂ ਕੀਤੀ ਗਈ। ਇਸ ਵਿੱਚ ਪਰਮਿੰਦਰ ਸਿੰਘ ਜੇ.ਈ. ਨੂੰ ਮਹਿਕਮੇ ਦੀਆਂ ਹਦਾਇਤਾਂ ਦੇ ਉਲਟ ਜਾ ਕੇ ਜਬਰੀ ਸਸਪੈਂਡ ਕਰਕੇ ਰਲੀਵ ਕਰ ਦਿੱਤਾ ਗਿਆ ਹੈ। ਇਹ ਬਹੁਤ ਹੀ ਨਿੰਦਨ ਯੋਗ ਹੈ। ਇਸ ਕਰਕੇ 20 ਜਨਵਰੀ, 2026 ਤੋਂ ਸਵੇਰੇ 9 ਵਜੇ ਤੋਂ ਸਾਰੇ ਕਰਮਚਾਰੀ ਆਪਣੀ ਤੈਨਾਤੀ ਤੇ ਹੀ ਵਰਕ ਟੂ ਰੂਲ ਮੁਤਾਬਿਕ ਕੰਮ ਕਰਨਗੇ।ਇਸ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਹ ਧਰਨਾ ਲਗਾਤਾਰ ਜਾਰੀ ਰਹੇਗਾ ਜਦੋਂ ਤੱਕ ਕਰਮਚਾਰੀ ਪਰਮਿੰਦਰ ਸਿੰਘ ਜੇ.ਈ. ਨੂੰ ਬਹਾਲ ਕਰਕੇ ਉਸੇ ਜਗ੍ਹਾ ਨਹੀਂ ਲਗਾਇਆ ਜਾਂਦਾ। ਇਸ ਧਰਨੇ ਵਿੱਚ ਬੋਲਦਿਆਂ ਲੱਖਾ ਸਿੰਘ, ਟੀ ਐੱਸ ਯੂ ਭੰਗਲ, ਮੋਹਨ ਸਿੰਘ ਗਿੱਲ ਏਟਕ ਫੈਡਰੇਸ਼ਨ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਜਸਪਾਲ ਸਿੰਘ, ਬਲਪ੍ਰੀਤ ਸਿੰਘ, ਨਿਰਮਲ ਸਿੰਘ, ਜਸਪਾਲ ਸਿੰਘ ਭੁੱਲਰ, ਹਰਪ੍ਰੀਤ ਸਿੰਘ, ਸੰਦੀਪ ਸਿੰਘ ਆਦਿ ਨੇ ਹਿੱਸਾ ਲਿਆ।



# ਸੁਲਤਾਨਪੁਰ ਲੋਧੀ ਦੇ ਪਿੰਡ 'ਚ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਕੁੱਟਮਾਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸੁਲਤਾਨਪੁਰ ਲੋਧੀ ਦੇ ਨੇੜਲੇ ਪਿੰਡ ਮੋਖੇ ਵਿੱਚ ਇੱਕ ਅਜਿਹੀ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿਸ ਨੇ ਇਨਸਾਨੀਅਤ ਦੇ ਨਾਲ-ਨਾਲ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਸਿੰਘ ਸਭਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਹਜ਼ੂਰੀ ਵਿੱਚ ਪੱਗਾਂ ਲੱਥੀਆਂ ਅਤੇ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ। ਇਸ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ ਤੇ ਖੂਬ ਵਾਇਰਲ ਹੋ ਰਹੀ ਹੈ, ਜਿਸ ਵਿੱਚ ਗੁਰੂ ਘਰ ਦੇ ਅੰਦਰ ਹੀ ਦੋਹਾਂ ਧਿਰਾਂ ਦੀਆਂ ਪੱਗਾਂ ਲੱਥੀਆਂ ਹੋਈਆਂ ਦਿਖਾਈ ਦੇ ਰਹੀਆਂ ਹਨ ਤੇ ਗਾਲੀ ਗਲੋਚ ਵੀ ਕੀਤਾ ਜਾ ਰਿਹਾ ਹੈ। ਗੁਰੂ ਘਰ ਦੀ ਸੇਵਾ ਵਿੱਚ ਤੈਨਾਤ ਗ੍ਰੰਥੀ ਸਿੰਘ ਨੇ ਕਿਹਾ ਕਿ ਉਸ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਪੀੜਿਤ ਗ੍ਰੰਥੀ ਸਿੰਘ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਜੇਰੇ ਇਲਾਜ ਹੈ। ਪੀੜਤ ਗ੍ਰੰਥੀ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲੋਂ ਇਨਸਾਫ ਦਵਾਉਣ ਦੀ ਅਪੀਲ ਵੀ ਕੀਤੀ ਗਈ ਹੈ। ਉਧਰ ਦੂਜੀ ਧਿਰ ਤੋਂ ਸਿਵਲ ਹਸਪਤਾਲ ਚ ਜੇਰੇ ਇਲਾਜ ਮੇਹਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਮੋਖੇ ਨੇ ਸਮੂਹ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਅਤੇ ਗ੍ਰੰਥੀ ਸਿੰਘ 'ਤੇ ਸੇਵਾ ਵਿੱਚ ਕੁਤਾਹੀ ਵਰਤਣ ਦੇ ਆਰੋਪ ਲਗਾਏ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਕਈ ਵਾਰ ਗ੍ਰੰਥੀ ਸਿੰਘ ਨੂੰ ਸੇਵਾ ਵਿੱਚ ਅਣਗਹਿਲੀ ਵਰਤਦੇ ਹੋਏ ਫੜਿਆ ਸੀ ਅਤੇ ਇੱਕ ਦਿਨ ਪਹਿਲਾਂ ਗ੍ਰੰਥੀ ਸਿੰਘ ਉਸ ਦੇ ਘਰ ਆ ਕੇ ਗਾਲੀ ਗਲੋਚ ਵੀ ਕਰਕੇ ਗਿਆ ਸੀ। ਗੱਲਬਾਤ ਕਰਨ ਲਈ ਗੁਰਦੁਆਰਾ ਦੇ ਵਿੱਚ ਇਕੱਤਰਤਾ ਰੱਖੀ ਗਈ ਸੀ ਜਿਸ ਦੌਰਾਨ ਗ੍ਰੰਥੀ ਸਿੰਘ ਨੇ ਸਾਡੇ ਉੱਤੇ ਹਮਲਾ ਕਰ ਦਿੱਤਾ ਅਤੇ ਮੇਰੇ ਬੇਟੇ ਦੀ ਪੱਗ ਲਾ ਦਿੱਤੀ ਤੇ ਉਸ ਦੇ ਤੇ ਮੇਰੇ ਕੇਸਾਂ ਦੀ ਵੀ ਬੇਅਦਬੀ ਕੀਤੀ। ਗ੍ਰੰਥੀ ਸਿੰਘ ਗੁਰਨਾਮ ਸਿੰਘ ਮੁਤਾਬਕ ਉਸ ਦਾ ਕੁਝ ਦਿਨ ਪਹਿਲਾਂ ਪਿੰਡ ਦੇ ਕੁਝ ਵਸਨੀਕਾਂ ਵਿਚਕਾਰ ਕੁਝ ਵਿਸ਼ਿਆਂ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਸਨ। ਇਨ੍ਹਾਂ ਮੱਤਭੇਦਾਂ ਨੂੰ ਸੁਲਝਾਉਣ ਲਈ ਅੱਜ ਪੂਰੇ ਪਿੰਡ ਦੀ ਪੰਚਾਇਤ ਗੁਰੂ ਘਰ ਵਿਖੇ ਹੀ ਬੁਲਾਈ ਗਈ ਸੀ ਅਤੇ ਅਜੇ ਗੱਲਬਾਤ ਚੱਲ ਰਹੀ ਸੀ ਕਿ ਇਸ ਵਿਚਾਲੇ ਦੂਜੀ ਧਿਰ ਵੱਲੋਂ ਉਸ ਉੱਤੇ ਹਮਲਾ ਕਰ ਦਿੱਤਾ ਗਿਆ।ਗ੍ਰੰਥੀ ਸਿੰਘ ਦਾ ਦੋਸ਼ ਹੈ ਕਿ ਇਸ ਦੌਰਾਨ ਨਾ ਤਾਂ ਉਨਾਂ ਨੇ ਗੁਰੂ ਸਾਹਿਬ ਦੀ ਹਜ਼ੂਰੀ ਦੀ ਅਤੇ ਨਾ ਹੀ ਪਿੰਡ ਪੰਚਾਇਤ ਦੀ ਪਰਵਾਹ ਕੀਤੀ। ਗੁਰਦੁਆਰਾ ਸਾਹਿਬ ਦੇ ਦਰਬਾਰ ਅੰਦਰ ਹੀ ਉਸਦੇ ਨਾਲ ਕੁੱਟਮਾਰ ਕਰ ਦਿੱਤੀ। ਇਸ ਦੌਰਾਨ ਉਸਦੀ ਪੱਗ ਲੱਥ ਵੀ ਗਈ, ਜਿਸ ਨਾਲ ਮਾਹੌਲ ਹੋਰ ਵੀ ਤਣਾਅਪੂਰਨ ਹੋ ਗਿਆ।ਉਧਰ ਪਿੰਡ ਵਾਸੀਆਂ ਵੱਲੋਂ ਕੁੱਟਮਾਰ ਦਾ ਸ਼ਿਕਾਰ ਹੋਏ ਗ੍ਰੰਥੀ ਸਿੰਘ ਗੁਰੂਨਾਮ ਸਿੰਘ ਨੂੰ ਤੁਰੰਤ ਸੁਲਤਾਨਪੁਰ ਲੋਧੀ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਹ ਜੇਰੇ ਇਲਾਜ ਹਨ। ਡਾਕਟਰਾਂ ਅਨੁਸਾਰ ਗ੍ਰੰਥੀ ਸਿੰਘ ਦੀ ਹਾਲਤ ਫਿਲਹਾਲ ਸਥਿਰ ਹੈ ਤੇ ਪਰ ਫਿਰ ਵੀ ਉਸ ਦੀ ਸਿਟੀ ਸਕੈਨ ਕਰਵਾਉਣ ਲਈ ਭੇਜਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਸਪਸ਼ਟ ਹੋਵੇਗੀ। ਘਟਨਾ ਤੋਂ ਬਾਅਦ ਪਿੰਡ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਇਸ ਨੂੰ ਬਹੁਤ ਹੀ ਮੰਦਭਾਗੀ ਘਟਨਾ ਦੱਸਦੇ ਹੋਏ ਦੋਸ਼ੀਆਂ ਖ਼ਿਲਾਫ਼ ਮਿਸਾਲੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਮਾਮਲੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲੋਂ ਪੀੜਿਤ ਗ੍ਰੰਥੀ ਸਿੰਘ ਨੂੰ ਇਨਸਾਫ ਦਵਾਉਣ ਦੀ ਅਪੀਲ ਵੀ ਕੀਤੀ ਗਈ ਹੈ। ਉਧਰ, ਇਸ ਸਾਰੀ ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ ਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਨਸ਼ਾ ਸਪਲਾਈ ਚੇਨ ਤੋੜਨ ਤੋਂ ਬਾਅਦ ਹੁਣ ਗੈਂਗਸਟਰ ਨੈੱਟਵਰਕ 'ਤੇ ਸ਼ਿਕੰਜਾ ਕੱਸਿਆ : ਪੰਨੂ

**ਚੰਡੀਗੜ੍ਹ, (ਗੁਰਜੀਤ ਬਿੱਲਾ)-** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਰਸਮੀ ਤੌਰ 'ਤੇ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ, ਜੋ ਸੂਬੇ ਵਿੱਚ ਸੰਗਠਿਤ ਅਪਰਾਧ ਵਿਰੁੱਧ ਇੱਕ ਨਿਰਣਾਇਕ ਅਤੇ ਵੱਡੇ ਪੱਧਰ ਦੀ ਜੰਗ ਦਾ ਆਗਾਜ਼ ਹੈ। ਪਾਰਟੀ ਦਫ਼ਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਨੂ ਨੇ ਕਿਹਾ ਕਿ ਇਹ ਮੁਹਿੰਮ ਪੰਜਾਬ ਵਿੱਚੋਂ ਗੈਂਗਸਟਰਵਾਦ ਨੂੰ ਜੜ੍ਹੋਂ ਪੁੱਟਣ ਲਈ ਮਾਨ ਸਰਕਾਰ ਦੀ ਮਜ਼ਬੂਤ ਸਿਆਸੀ ਇੱਛਾ ਸ਼ਕਤੀ ਨੂੰ ਦਰਸਾਉਂਦੀ ਹੈ। ਪੰਨੂ ਨੇ ਕਿਹਾ ਕਿ 'ਨਸ਼ਿਆਂ ਵਿਰੁੱਧ ਜੰਗ' ਦੀ ਸਫਲਤਾ ਤੋਂ ਬਾਅਦ ਹੁਣ ਪੰਜਾਬ ਪੁਲਸ ਨੇ ਆਪਣਾ ਧਿਆਨ ਸੰਗਠਿਤ ਅਪਰਾਧ ਵੱਲ ਮੋੜਿਆ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਵਿਰੋਧੀ ਮੁਹਿੰਮ ਤਹਿਤ ਕਈ ਵੱਡੇ-ਛੋਟੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਤੇ ਸਪਲਾਈ ਚੇਨ ਤੇ ਸਟ੍ਰੀਟ ਲੈਵਲ ਨੈੱਟਵਰਕ ਨੂੰ ਕਾਫ਼ੀ ਹੱਦ ਤੱਕ ਤੋੜ ਦਿੱਤਾ ਗਿਆ ਹੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਸਰਹੱਦ ਪਾਰੋਂ ਨਸ਼ੇ ਧੱਕਣ ਦੀਆਂ ਲਗਾਤਾਰ ਕੋਸ਼ਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਦਾ ਸਰਕਾਰ ਨੇ ਐਂਟੀ-ਡਰੋਨ ਸਿਸਟਮ ਲਗਾ ਕੇ ਕਰਾਰਾ ਜਵਾਬ ਦਿੱਤਾ ਹੈ।

